20-APRIL-PAGE-1.qxd 4/19/2024 8:48 PM Page 1

ਸ਼ਨੀਵਾਰ, 20 ਅਪ੍ਰੈਲ, 2024
8 ਵਿਸਾਖ { ਨਾਨਕਸ਼ਾਹੀ 556, ਬਿਕਰਮੀ 2081
ਜਿਲਦ/VOL. : 72
ਅੰਕ/NO. : 320

# ਨਵਾਂ ਜ਼ਮਾਨਾ

DAILY NAWAN ZAMANA • SATURDAY, 20 APRIL, 2024

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਨਲਿਨ ਪ੍ਰਭਾਤ ਐੱਨ ਐੱਸ ਜੀ ਦੇ ਨਵੇਂ ਮੁਖੀ

**ਨਵੀਂ ਦਿੱਲੀ** : ਨਲਿਨ ਪ੍ਰਭਾਤ ਨੂੰ ਪਰਸੋਨਲ ਮੰਤਰਾਲੇ ਦੇ ਹੁਕਮਾਂ ਅਨੁਸਾਰ ਦਹਿਸ਼ਤਗਰਦੀ ਰੋਕੂ ਬਲ 'ਕੌਮੀ ਸੁਰੱਖਿਆ ਗਾਰਡ' (ਐੱਨ ਐੱਸ ਜੀ) ਦਾ ਮੁਖੀ ਨਿਯੁਕਤ ਕੀਤਾ ਗਿਆ ਹੈ। ਪ੍ਰਭਾਤ ਆਂਧਰਾ ਕੇਡਰ ਦੇ 1992 ਬੈਚ ਦੇ ਆਈ ਪੀ ਐੱਸ ਅਧਿਕਾਰੀ ਹਨ ਤੇ ਇਸ ਸਮੇਂ ਸੀ ਆਰ ਪੀ ਐੱਫ 'ਚ ਐਡੀਸ਼ਨਲ ਡਾਇਰੈਕਟਰ ਜਨਰਲ ਹਨ। ਸਸ਼ਤ੍ਰ ਸੀਮਾ ਬਲ (ਐੱਸ ਐੱਸ ਬੀ) ਦੇ ਮੁਖੀ ਦਲਜੀਤ ਸਿੰਘ ਚੌਧਰੀ ਐੱਨ ਐੱਸ ਜੀ ਦਾ ਵਾਧੂ ਚਾਰਜ ਸੰਭਾਲ ਰਹੇ ਸਨ। ਸਪਨਾ ਤਿਵਾੜੀ ਦੀ ਇੰਟੈਲੀਜੈਂਸ ਬਿਊਰੋ (ਆਈ ਬੀ) 'ਚ ਸਪੈਸ਼ਲ ਡਾਇਰੈਕਟਰ ਵਜੋਂ ਨਿਯੁਕਤੀ ਨੂੰ ਵੀ ਮਨਜ਼ੂਰੀ ਦਿੱਤੀ ਗਈ ਹੈ।

## ਫਿਲਪਾਈਨ ਨੂੰ ਬ੍ਰਹਮੋਸ ਸੁਪਰਸੋਨਿਕ ਮਿਜ਼ਾਈਲਾਂ ਸਪਲਾਈ




**ਮਨੀਲਾ** : ਭਾਰਤ ਨੇ 2022 'ਚ ਕੀਤੇ 37.5 ਕਰੋੜ ਡਾਲਰ ਦੇ ਸੌਦੇ ਤਹਿਤ ਸ਼ੁੱਕਰਵਾਰ ਫਿਲਪਾਈਨ ਨੂੰ ਬ੍ਰਹਮੋਸ ਸੁਪਰਸੋਨਿਕ ਕਰੂਜ਼ ਮਿਜ਼ਾਈਲਾਂ ਦਿੱਤੀਆਂ। ਭਾਰਤੀ ਹਵਾਈ ਸੈਨਾ ਨੇ ਆਪਣੇ ਸੀ-17 ਗਲੋਬਮਾਸਟਰ ਟਰਾਂਸਪੋਰਟ ਏਅਰਕ੍ਰਾਫਟ ਰਾਹੀਂ ਇਹ ਮਿਜ਼ਾਈਲਾਂ ਭੇਜੀਆਂ।

## ਦੁਬਈ 'ਚ ਹਾਲਾਤ ਬਦਤਰ



**ਦੁਬਈ** : ਸੰਯੁਕਤ ਅਰਬ ਅਮੀਰਾਤ (ਯੂ ਏ ਈ) ਤੇ ਓਮਾਨ 'ਚ ਤੂਫਾਨ ਨਾਲ ਰਿਕਾਰਡ ਬਾਰਿਸ਼ ਤੋਂ ਬਾਅਦ ਹਾਲਾਤ ਬਦ ਤੋਂ ਬਦਤਰ ਹੋ ਗਏ ਹਨ। ਪੂਰਾ ਸ਼ਹਿਰ ਪਾਣੀ ਨਾਲ ਭਰ ਗਿਆ ਹੈ। ਲੋਕ ਘਰਾਂ 'ਚ ਹੀ ਫਸ ਗਏ ਹਨ। ਦੁਬਈ ਤੋਂ ਦਿੱਲੀ ਜਾਣ ਵਾਲੀਆਂ ਕਈ ਫਲਾਈਟਾਂ ਨੂੰ ਵੀ ਰੱਦ ਕਰਨਾ ਪਿਆ। ਇਸ ਦੌਰਾਨ ਸੰਯੁਕਤ ਅਰਬ ਅਮੀਰਾਤ 'ਚ ਭਾਰਤ ਦੇ ਕੌਂਸਲੇਟ ਜਨਰਲ ਨੇ ਭਾਰਤੀ ਯਾਤਰੀਆਂ ਨੂੰ ਸਥਿਤੀ ਦੇ ਆਮ ਹੋਣ ਤੱਕ ਯਾਤਰਾ ਕਰਨ ਤੋਂ ਬਚਣ ਦੀ ਸਲਾਹ ਦਿੱਤੀ ਹੈ।

## ਕੈਦੀ ਹਸਪਤਾਲ 'ਚੋਂ ਫਰਾਰ

**ਅੰਮ੍ਰਿਤਸਰ** : ਸ਼ੁੱਕਰਵਾਰ ਸਵੇਰੇ ਗੁਰੂ ਨਾਨਕ ਦੇਵ ਹਸਪਤਾਲ ਤੋਂ ਸਾਹਿਲ ਨਾਂਅ ਦਾ ਕੈਦੀ ਫਰਾਰ ਹੋ ਗਿਆ। ਉਸ ਨੂੰ ਵੀਰਵਾਰ ਸ਼ਾਮ ਹਸਪਤਾਲ ਲਿਆਂਦਾ ਗਿਆ ਸੀ। ਉਸ 'ਤੇ ਨਜ਼ਰ ਰੱਖਣ ਵਾਲੇ ਦੋ ਪੁਲਸ ਮੁਲਾਜ਼ਮ ਵੀ ਲਾਪਤਾ ਦੱਸੇ ਜਾ ਰਹੇ ਹਨ।

## ਕੀਨੀਆ ਦੇ ਸੈਨਾ ਮੁਖੀ ਦੀ ਹੈਲੀਕਾਪਟਰ ਹਾਦਸੇ 'ਚ ਮੌਤ

**ਨੈਰੋਬੀ** : ਕੀਨੀਆ ਦੇ ਰੱਖਿਆ ਮੁਖੀ ਫਰਾਂਸਿਸ ਓਮਾਂਡੀ ਓਗੋਲਾ (61) ਦੀ ਵੀਰਵਾਰ ਹੈਲੀਕਾਪਟਰ ਹਾਦਸੇ 'ਚ ਮੌਤ ਹੋ ਗਈ। ਉਸ ਦੇ ਨਾਲ ਹੈਲੀਕਾਪਟਰ 'ਚ ਸਵਾਰ 9 ਹੋਰ ਉੱਚ ਅਧਿਕਾਰੀ ਵੀ ਮਾਰੇ ਗਏ। ਸਿਰਫ ਦੋ ਬਚੇ। ਰਾਸ਼ਟਰਪਤੀ ਵਿਲੀਅਮ ਰੂਟੋ ਨੇ ਦੱਸਿਆ ਕਿ ਹਾਦਸਾ ਰਾਜਧਾਨੀ ਨੈਰੋਬੀ ਤੋਂ ਲੱਗਭੱਗ 400 ਕਿਲੋਮੀਟਰ ਉੱਤਰ-ਪੱਛਮ 'ਚ ਐਲਜੀਓ ਮਾਰਕਵੇਟ ਕਾਊਂਟੀ 'ਚ ਹੋਇਆ। ਓਗੋਲਾ ਦਾ ਹੈਲੀਕਾਪਟਰ ਚੈਸੇਗਨ ਪਿੰਡ ਤੋਂ ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਹੀ ਕਰੈਸ਼ ਹੋ ਗਿਆ।

## ਸਕਾਟਲੈਂਡ 'ਚ ਦੋ ਭਾਰਤੀ ਡੁੱਬੇ

**ਲੰਡਨ** : ਬਰਤਾਨੀਆ ਯੂਨੀਵਰਸਿਟੀ 'ਚ ਪੜ੍ਹ ਰਹੇ ਭਾਰਤ ਦੇ ਦੋ ਵਿਦਿਆਰਥੀਆਂ ਦੀ ਸਕਾਟਲੈਂਡ 'ਚ ਝਰਨੇ 'ਚ ਡੁੱਬਣ ਕਾਰਨ ਮੌਤ ਹੋ ਗਈ। 22 ਤੇ 26 ਸਾਲਾਂ ਦੇ ਵਿਦਿਆਰਥੀ ਆਂਧਰਾ ਦੇ ਦੱਸੇ ਗਏ ਹਨ। ਇਹ ਦੋਸਤਾਂ ਨਾਲ ਘੁੰਮਣ ਗਏ ਸਨ।

## ਨੈਸਲੇ ਖਿਲਾਫ ਜਾਂਚ ਖੁੱਲ੍ਹੀ

**ਨਵੀਂ ਦਿੱਲੀ** : ਕੇਂਦਰੀ ਖਪਤਕਾਰ ਅਧਿਕਾਰ ਰੱਖਿਆ ਅਥਾਰਟੀ (ਸੀ ਸੀ ਪੀ ਏ) ਨੇ ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ ਇੰਡੀਆ (ਐੱਫ ਐੱਸ ਐੱਸ ਏ ਆਈ) ਨੂੰ ਨੈਸਲੇ ਦੇ ਬੱਚਿਆਂ ਦੇ ਬੇਬੀ ਉਤਪਾਦਾਂ 'ਚ ਖੰਡ ਹੋਣ ਦੇ ਦਾਅਵਿਆਂ ਦੀ ਜਾਂਚ ਕਰਨ ਲਈ ਕਿਹਾ ਹੈ। ਖਪਤਕਾਰ ਮਾਮਲਿਆਂ ਦੀ ਸਕੱਤਰ ਅਤੇ ਕੇਂਦਰੀ ਖਪਤਕਾਰ ਸੁਰੱਖਿਆ ਅਥਾਰਟੀ (ਸੀ ਸੀ ਪੀ ਏ) ਦੀ ਮੁਖੀ ਨਿਧੀ ਖਰੇ ਨੇ ਦੱਸਿਆ-ਅਸੀਂ ਐੱਫ ਐੱਸ ਐੱਸ ਏ ਆਈ ਨੂੰ ਨੈਸਲੇ ਦੇ ਬੇਬੀ ਉਤਪਾਦ 'ਤੇ ਰਿਪੋਰਟ ਦਾ ਨੋਟਿਸ ਲੈਣ ਲਈ ਲਿਖਿਆ ਹੈ। ਨੈਸ਼ਨਲ ਕਮਿਸ਼ਨ ਫਾਰ ਪ੍ਰੋਟੈਕਸ਼ਨ ਆਫ ਚਾਈਲਡ ਰਾਈਟਸ ਨੇ ਵੀ ਰਿਪੋਰਟ ਦਾ ਨੋਟਿਸ ਲਿਆ ਹੈ ਅਤੇ ਐੱਫ ਐੱਸ ਐੱਸ ਏ ਆਈ ਨੂੰ ਨੋਟਿਸ ਜਾਰੀ ਕੀਤਾ ਹੈ। ਐੱਨ ਜੀ ਓ ਪਬਲਿਕ ਆਈ ਅਤੇ ਇੰਟਰਨੈਸ਼ਨਲ ਬੇਬੀ ਫੂਡ ਐਕਸ਼ਨ ਨੈੱਟਵਰਕ ਦੀਆਂ ਖੋਜਾਂ ਅਨੁਸਾਰ ਨੈਸਲੇ ਨੇ ਯੂਰਪ ਦੇ ਬਾਜ਼ਾਰਾਂ ਦੇ ਮੁਕਾਬਲੇ ਭਾਰਤ, ਅਫਰੀਕਾ ਅਤੇ ਲਾਤੀਨੀ ਅਮਰੀਕੀ ਦੇਸ਼ਾਂ ਸਮੇਤ ਘੱਟ ਵਿਕਸਤ ਦੱਖਣੀ ਏਸ਼ੀਆਈ ਦੇਸ਼ਾਂ 'ਚ ਜ਼ਿਆਦਾ ਖੰਡ ਸਮੱਗਰੀ ਵਾਲੇ ਬੇਬੀ ਉਤਪਾਦ ਵੇਚੇ। ਇਸ ਦੌਰਾਨ ਨੈਸਲੇ ਇੰਡੀਆ ਨੇ ਕਿਹਾ ਸੀ ਕਿ ਉਹ ਨਿਯਮਾਂ ਦੀ ਪਾਲਣ ਕਰਦੀ ਹੈ ਤੇ ਇਸ ਨਾਲ ਸਮਝੌਤਾ ਨਹੀਂ ਕਰਦੀ।

# ਬੰਗਾਲ 'ਚ ਭਰਵੀਂ ਤੇ ਬਿਹਾਰ 'ਚ ਹਲਕੀ ਵੋਟਿੰਗ



**ਨਵੀਂ ਦਿੱਲੀ** : ਲੋਕ ਸਭਾ ਚੋਣਾਂ ਦੇ ਪਹਿਲੇ ਗੇੜ 'ਚ ਸ਼ੁੱਕਰਵਾਰ 21 ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ 102 ਸੀਟਾਂ 'ਤੇ ਸ਼ਾਮ ਪੰਜ ਵਜੇ ਤੱਕ ਔਸਤਨ 59.7 ਫੀਸਦੀ ਵੋਟਿੰਗ ਹੋਈ। ਲੋਕ ਸਭਾ ਦੇ ਨਾਲ-ਨਾਲ ਅਰੁਣਾਚਲ ਪ੍ਰਦੇਸ਼ ਅਤੇ ਸਿੱਕਮ ਵਿਧਾਨ ਸਭਾਵਾਂ ਲਈ ਵੀ ਵੋਟਾਂ ਪਈਆਂ।

ਬੰਗਾਲ ਦੀਆਂ ਤਿੰਨ ਸੀਟਾਂ ਲਈ ਸਭ ਤੋਂ ਵੱਧ 77.57 ਫੀਸਦੀ ਤੇ ਬਿਹਾਰ ਦੀਆਂ ਚਾਰ ਸੀਟਾਂ ਲਈ ਸਭ ਤੋਂ ਘੱਟ 46.32 ਫੀਸਦੀ ਵੋਟਿੰਗ ਹੋਈ। ਆਸਾਮ ਦੀਆਂ ਪੰਜ ਸੀਟਾਂ ਲਈ 70.77 ਫੀਸਦੀ, ਮੱਧ ਪ੍ਰਦੇਸ਼ ਵਿਚ 63.25 ਫੀਸਦੀ, ਮਹਾਰਾਸ਼ਟਰ ਦੀਆਂ ਪੰਜ ਸੀਟਾਂ ਲਈ 54.85 ਫੀਸਦੀ, ਰਾਜਸਥਾਨ ਦੀਆਂ 12 ਸੀਟਾਂ ਲਈ 50.27 ਫੀਸਦੀ, ਤਾਮਿਲਨਾਡੂ ਦੀਆਂ ਸਾਰੀਆਂ 39 ਸੀਟਾਂ ਲਈ 62.08 ਫੀਸਦੀ, ਯੂ ਪੀ ਦੀਆਂ 8 ਸੀਟਾਂ ਲਈ 57.54 ਫੀਸਦੀ, ਉਤਰਾਖੰਡ ਦੀਆਂ ਪੰਜ ਸੀਟਾਂ ਲਈ 53.56 ਫੀਸਦੀ ਵੋਟਿੰਗ ਹੋਈ। ਛੱਤੀਸਗੜ੍ਹ ਦੇ ਇੱਕੋ-ਇੱਕ ਬਸਤਰ ਹਲਕੇ 'ਚ 63.41 ਫੀਸਦੀ ਵੋਟਾਂ ਪਈਆਂ। ਜੰਮੂ-ਕਸ਼ਮੀਰ ਦੀ ਊਧਮਪੁਰ ਸੀਟ 'ਤੇ 65.08 ਫੀਸਦੀ ਵੋਟਿੰਗ ਹੋਈ।

ਪੱਛਮੀ ਬੰਗਾਲ 'ਚ ਵੋਟਿੰਗ ਦੌਰਾਨ ਹਿੰਸਾ ਦੀਆਂ ਕਈ ਘਟਨਾਵਾਂ ਸਾਹਮਣੇ ਆਈਆਂ। ਛੱਤੀਸਗੜ੍ਹ 'ਚ ਆਈ ਈ ਡੀ ਧਮਾਕੇ 'ਚ ਸੀ ਆਰ ਪੀ ਐੱਫ ਦਾ ਕਮਾਂਡੈਂਟ ਜ਼ਖਮੀ ਹੋ ਗਿਆ। ਤਾਮਿਲਨਾਡੂ, ਅਰੁਣਾਚਲ, ਅੰਡੇਮਾਨ ਤੇ ਨਿਕੋਬਾਰ ਅਤੇ ਅਸਾਮ ਦੇ ਕੁਝ ਬੂਥਾਂ 'ਚ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ 'ਚ ਮਾਮੂਲੀ ਤਕਨੀਕੀ ਖਰਾਬੀ ਵੀ ਸਾਹਮਣੇ ਆਈ।

ਨਾਗਪੁਰ ਤੋਂ ਨਿਤਿਨ ਗਡਕਰੀ ਸਣੇ ਅੱਠ ਕੇਂਦਰੀ ਮੰਤਰੀਆਂ, ਦੋ ਸਾਬਕਾ ਮੁੱਖ ਮੰਤਰੀਆਂ ਅਤੇ ਸਾਬਕਾ ਰਾਜਪਾਲ ਸਮੇਤ 1600 ਤੋਂ ਵੱਧ ਉਮੀਦਵਾਰਾਂ ਦੀ ਕਿਸਮਤ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ 'ਚ ਬੰਦ ਹੋ ਗਈ।

ਪਹਿਲੇ ਗੇੜ ਦੀਆਂ 102 ਲੋਕ ਸਭਾ ਸੀਟਾਂ 'ਚੋਂ ਭਾਜਪਾ ਦੀ ਅਗਵਾਈ ਹੇਠਲੇ ਐੱਨ ਡੀ ਏ ਨੇ 2019 'ਚ 41 ਤੇ ਯੂ ਪੀ ਏ ਨੇ 45 ਸੀਟਾਂ ਜਿੱਤੀਆਂ ਸਨ।

ਵੱਖਰੇ ਰਾਜ ਦੀ ਮੰਗ ਕਰ ਰਹੀਆਂ 7 ਕਬਾਇਲੀ ਜਥੇਬੰਦੀਆਂ ਦੇ ਗਰੁੱਪ ਈਸਟਰਨ ਨਾਗਾਲੈਂਡ ਪੀਪਲਜ਼ ਆਰਗੇਨਾਈਜ਼ੇਸ਼ਨ ਵੱਲੋਂ ਦਿੱਤੇ ਬੰਦ ਦੇ ਸੱਦੇ ਕਾਰਨ ਪੂਰਬੀ ਨਾਗਾਲੈਂਡ ਦੇ 6 ਜ਼ਿਲ੍ਹਿਆਂ ਦੇ ਲੋਕ ਸ਼ੁੱਕਰਵਾਰ ਘਰਾਂ ਦੇ ਅੰਦਰ ਰਹੇ ਤੇ ਵੋਟਾਂ ਨਹੀਂ ਪਾਈਆਂ।



ਦੁਨੀਆ ਦੀ ਸਭ ਤੋਂ ਛੋਟੇ ਕੱਦ ਦੀ ਜੋਤੀ ਅਮਗੇ ਨਾਗਪੁਰ 'ਚ ਵੋਟ ਪਾਉਣ ਤੋਂ ਬਾਅਦ।



ਕਪਿਲ ਗੁਪਤਾ ਦਾ ਵੀਰਵਾਰ ਰਾਤ ਵਿਆਹ ਹੋਇਆ ਤੇ ਸ਼ੁੱਕਰਵਾਰ ਘਰ ਪਰਤਣ 'ਤੇ ਪਹਿਲਾ ਕੰਮ ਉਸ ਨੇ ਊਧਮਪੁਰ ਸ਼ਹਿਰ ਦੇ ਬੂਥ 'ਤੇ ਵੋਟ ਪਾਉਣ ਦਾ ਕੀਤਾ।

# ਇਜ਼ਰਾਈਲ ਵੱਲੋਂ ਈਰਾਨ 'ਤੇ ਹਮਲਾ

**ਮੁੰਬਈ** : ਇਜ਼ਰਾਈਲ ਨੇ ਸ਼ੁੱਕਰਵਾਰ ਸਵੇਰੇ ਈਰਾਨ 'ਤੇ ਮਿਜ਼ਾਈਲ-ਡਰੋਨ ਨਾਲ ਹਮਲਾ ਕੀਤਾ। ਈਰਾਨ ਦੇ ਇਸਫਹਾਨ ਸ਼ਹਿਰ ਦੇ ਹਵਾਈ ਅੱਡੇ ਦੇ ਨੇੜੇ ਧਮਾਕਿਆਂ ਦੀ ਆਵਾਜ਼ ਸੁਣੀ ਗਈ। ਫਲਾਈਟ ਟ੍ਰੈਕਿੰਗ ਵੈੱਬਸਾਈਟ ਫਲਾਈਟ ਰਾਡਾਰ ਮੁਤਾਬਕ ਧਮਾਕਿਆਂ ਤੋਂ ਬਾਅਦ ਈਰਾਨੀ ਹਵਾਈ ਖੇਤਰ ਤੋਂ ਕਈ ਉਡਾਣਾਂ ਨੂੰ ਮੋੜ ਦਿੱਤਾ ਗਿਆ। ਇਸਫਹਾਨ ਉਹੀ ਸੂਬਾ ਹੈ, ਜਿੱਥੇ ਨਤਾਨਜ਼ ਸਮੇਤ ਈਰਾਨ ਦੇ ਕਈ ਪ੍ਰਮਾਣੂ ਟਿਕਾਣੇ ਹਨ। ਨਤਾਨਜ਼ ਈਰਾਨ ਦੇ ਯੂਰੇਨੀਅਮ ਪ੍ਰੋਗਰਾਮ ਦਾ ਮੁੱਖ ਹਿੱਸਾ ਹੈ। ਇਸ ਤੋਂ ਪਹਿਲਾਂ 14 ਅਪਰੈਲ ਨੂੰ ਈਰਾਨ ਨੇ 300 ਤੋਂ ਜ਼ਿਆਦਾ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਇਜ਼ਰਾਈਲ 'ਤੇ ਹਮਲਾ ਕੀਤਾ ਸੀ। ਇਜ਼ਰਾਈਲ ਹਮਲੇ ਦੀਆਂ ਰਿਪੋਰਟਾਂ ਆਉਣ ਤੋਂ ਬਾਅਦ ਕੌਮਾਂਤਰੀ ਬਾਜ਼ਾਰ 'ਚ ਤੇਲ ਦੀਆਂ ਕੀਮਤਾਂ 'ਚ 3 ਡਾਲਰ ਪ੍ਰਤੀ ਬੈਰਲ ਦਾ ਵਾਧਾ ਹੋਇਆ ਹੈ। ਇਸ ਤਣਾਅ ਕਾਰਨ ਭਾਅ ਹੋਰ ਤੇਜ਼ ਹੋ ਸਕਦੇ ਹਨ ਤੇ ਕੱਚੇ ਤੇਲ ਦੀ ਸਪਲਾਈ 'ਚ ਵਿਘਨ ਪੈ ਸਕਦਾ ਹੈ। ਭਾਰਤ ਵੱਲੋਂ ਰੂਸ ਤੋਂ ਤੇਲ ਦੀ ਖਰੀਦ ਕਾਰਨ ਉਸ ਦੇ ਬਜਟ 'ਤੇ ਫਿਲਹਾਲ ਭਾਰ ਨਹੀਂ ਪੈ ਰਿਹਾ।



# ਚੋਣ ਡਿਊਟੀ ਦੇਣ ਵਾਲੇ ਸਾਢੇ 25 ਹਜ਼ਾਰ ਮੁਲਾਜ਼ਮਾਂ 'ਚੋਂ 14 ਹਜ਼ਾਰ ਟੀਚਰ

### 4 ਮਈ ਤੱਕ ਬਣ ਸਕਦੀ ਵੋਟ

**ਚੰਡੀਗੜ੍ਹ** : ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਸ਼ੁੱਕਰਵਾਰ 'ਟਾਕ ਟੂ ਯੂਅਰ ਸੀ ਈ ਓ ਪੰਜਾਬ' ਵਿਸ਼ੇ ਤਹਿਤ ਫੇਸਬੁੱਕ ਲਾਈਵ ਸੈਸ਼ਨ ਦੌਰਾਨ ਪੰਜਾਬ ਦੇ ਲੋਕਾਂ ਨਾਲ ਰਾਬਤਾ ਬਣਾਇਆ।




ਉਨ੍ਹਾ ਵੋਟਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ 'ਇਸ ਵਾਰ 70 ਪਾਰ' ਦੇ ਟੀਚੇ ਦੀ ਪ੍ਰਾਪਤੀ ਲਈ ਵੋਟਿੰਗ ਪ੍ਰਕਿਰਿਆ 'ਚ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ ਕੀਤੀ। 2019 ਦੀਆਂ ਲੋਕ ਸਭਾ ਚੋਣਾਂ ਦੌਰਾਨ 65.96 ਫੀਸਦੀ ਵੋਟਾਂ ਪਈਆਂ ਸਨ। ਸਿਬਿਨ ਨੇ ਇਹ ਵੀ ਦੱਸਿਆ ਕਿ ਨੌਜਵਾਨ ਵੋਟਰ ਆਪਣੀ ਵੋਟ 4 ਮਈ ਤੱਕ ਬਣਾ ਸਕਦੇ ਹਨ।

ਉਨ੍ਹਾ ਦੱਸਿਆ ਕਿ ਲੋਕ ਸਭਾ ਚੋਣਾਂ ਕਰਵਾਉਣ ਵਾਸਤੇ ਇਸ ਵਾਰ ਸਾਢੇ 25 ਹਜ਼ਾਰ ਮੁਲਾਜ਼ਮਾਂ ਦੀ ਡਿਊਟੀ ਲਗਾਈ ਗਈ ਹੈ। ਇਨ੍ਹਾਂ ਵਿਚ ਕਰੀਬ 14 ਹਜ਼ਾਰ ਅਧਿਆਪਕ ਹਨ।

ਉਨ੍ਹਾ ਕਿਹਾ ਕਿ ਉਨ੍ਹਾ ਦੀ ਕੋਸ਼ਿਸ਼ ਹੈ ਕਿ ਘੱਟ ਤੋਂ ਘੱਟ ਅਧਿਆਪਕਾਂ ਦੀ ਡਿਊਟੀ ਚੋਣਾਂ ਵਿਚ ਲਗਾਈ ਜਾਵੇ, ਕਿਉਂਕਿ ਵਿਦਿਆਰਥੀਆਂ ਦੀ ਪੜ੍ਹਾਈ 'ਤੇ ਮਾੜਾ ਅਸਰ ਪੈਂਦਾ ਹੈ।

# ਕੈਨੇਡਾ 'ਚ ਸੋਨੇ ਦੀ ਸਭ ਤੋਂ ਵੱਡੀ ਚੋਰੀ 'ਚ ਭਾਰਤੀ ਮੂਲ ਦੇ ਦੋ ਬੰਦੇ ਸ਼ਾਮਲ

**ਓਟਵਾ** : ਟੋਰਾਂਟੋ ਦੇ ਮੁੱਖ ਹਵਾਈ ਅੱਡੇ 'ਤੇ ਪਿਛਲੇ ਸਾਲ ਕਈ ਕਰੋੜ ਡਾਲਰਾਂ ਦੇ ਸੋਨੇ ਦੀ ਚੋਰੀ ਦੇ ਸੰਬੰਧ 'ਚ ਗ੍ਰਿਫਤਾਰ ਕੀਤੇ ਛੇ ਵਿਅਕਤੀਆਂ 'ਚ ਦੋ ਭਾਰਤੀ ਮੂਲ ਦੇ ਹਨ। ਕੈਨੇਡਾ ਦੇ ਇਤਿਹਾਸ 'ਚ ਸੋਨੇ ਦੀ ਸਭ ਤੋਂ ਵੱਡੀ ਚੋਰੀ ਬਾਰੇ ਪੀਲ ਰਿਜਨਲ ਪੁਲਸ ਨੇ ਕਿਹਾ ਕਿ ਕੈਨੇਡੀਅਨ ਅਧਿਕਾਰੀਆਂ ਨੇ ਇਸ ਮਾਮਲੇ 'ਚ ਤਿੰਨ ਹੋਰ ਵਿਅਕਤੀਆਂ ਦੇ ਵਾਰੰਟ ਵੀ ਜਾਰੀ ਕੀਤੇ ਹਨ। ਪੁਲਸ ਦਾ ਕਹਿਣਾ ਹੈ ਕਿ 17 ਅਪਰੈਲ 2023 ਨੂੰ ਏਅਰ ਕਾਰਗੋ ਕੰਟੇਨਰ, ਜਿਸ 'ਚ 2.2 ਕਰੋੜ ਕੈਨੇਡੀਅਨ ਡਾਲਰ ਤੋਂ ਵੱਧ ਮੁੱਲ ਦੀਆਂ ਸੋਨੇ ਦੀਆਂ ਛੜਾਂ ਤੇ ਵਿਦੇਸ਼ੀ ਮੁਦਰਾ ਸੀ, ਨੂੰ ਜਾਅਲੀ ਕਾਗਜ਼ੀ ਕਾਰਵਾਈ ਦੀ ਵਰਤੋਂ ਕਰਕੇ ਚੋਰੀ ਕੀਤਾ ਗਿਆ ਸੀ। ਸੋਨਾ ਅਤੇ ਕਰੰਸੀ ਸਵਿਟਜ਼ਰਲੈਂਡ ਦੇ ਜ਼ਿਊਰਿਖ ਤੋਂ ਏਅਰ ਕੈਨੇਡਾ ਦੀ ਫਲਾਈਟ 'ਤੇ ਪਹੁੰਚੀ ਸੀ। ਪੁਲਸ ਦਾ ਕਹਿਣਾ ਹੈ ਕਿ ਏਅਰ ਕੈਨੇਡਾ ਦੇ ਘੱਟੋ-ਘੱਟ ਦੋ ਸਾਬਕਾ ਕਰਮਚਾਰੀਆਂ ਨੇ ਕਥਿਤ ਤੌਰ 'ਤੇ ਇਸ ਚੋਰੀ 'ਚ ਮਦਦ ਕੀਤੀ ਸੀ। ਇੱਕ ਹੁਣ ਹਿਰਾਸਤ 'ਚ ਹੈ ਅਤੇ ਦੂਜੇ ਲਈ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਗਿਆ ਹੈ। ਭਾਰਤੀ ਮੂਲ ਦੇ ਦੋ ਵਿਅਕਤੀਆਂ ਪਰਮਪਾਲ ਸਿੱਧੂ (54) ਅਤੇ ਅਮਿਤ ਜਲੋਟਾ (40), ਦੋਵੇਂ ਓਂਟਾਰੀਓ ਦੇ ਰਹਿਣ ਵਾਲੇ ਹਨ, ਨੂੰ ਅੰਮਾਦ ਚੌਧਰੀ (43), ਅਲੀ ਰਜ਼ਾ (37) ਅਤੇ ਪ੍ਰਸਥ ਪਰਮਾਲਿੰਗਮ (35) ਦੇ ਨਾਲ ਗ੍ਰਿਫਤਾਰ ਕੀਤਾ ਗਿਆ। ਅਪਰਾਧ ਸਮੇਂ ਸਿੱਧੂ ਏਅਰ ਕੈਨੇਡਾ 'ਚ ਕੰਮ ਕਰਦਾ ਸੀ। ਇਸ ਤੋਂ ਇਲਾਵਾ ਪੁਲਸ ਨੇ ਬਰੈਂਪਟਨ ਦੇ 31 ਸਾਲਾ ਸਿਮਰਨ ਪ੍ਰੀਤ ਪਨੇਸਰ ਦੇ ਵਾਰੰਟ ਜਾਰੀ ਕੀਤੇ ਹਨ, ਜੋ ਚੋਰੀ ਦੇ ਸਮੇਂ ਏਅਰ ਕੈਨੇਡਾ 'ਚ ਤਾਇਨਾਤ ਸੀ। ਰਿਪੋਰਟ 'ਚ ਕਿਹਾ ਗਿਆ ਹੈ ਕਿ ਬਰੈਂਪਟਨ ਦੇ 36 ਸਾਲਾ ਅਰਚਿਤ ਗਰੋਵਰ ਅਤੇ ਮਿਸੀਸਾਗਾ ਦੇ 42 ਸਾਲਾ ਅਰਸਲਾਨ ਚੌਧਰੀ ਦੇ ਵਾਰੰਟ ਜਾਰੀ ਕੀਤੇ ਗਏ ਹਨ।

# ਕੇਜਰੀਵਾਲ ਨੇ ਤਿੰਨ ਵਾਰ ਅੰਬ ਖਾਧੇ, ਪੂੜੀ ਸਿਰਫ ਨਵਰਾਤਰੇ ਦੇ ਪ੍ਰਸ਼ਾਦ ਵਜੋਂ ਖਾਧੀ

### ਮੁੱਖ ਮੰਤਰੀ ਵੱਲੋਂ ਇਨਸੂਲਿਨ ਦੀ ਮੰਗ 'ਤੇ ਅਦਾਲਤ ਦਾ ਫੈਸਲਾ ਸੋਮਵਾਰ

**ਨਵੀਂ ਦਿੱਲੀ** : ਆਬਕਾਰੀ ਘੁਟਾਲੇ ਨਾਲ ਸੰਬੰਧਤ ਮਨੀ ਲਾਂਡਰਿੰਗ ਮਾਮਲੇ 'ਚ ਜੇਲ੍ਹ 'ਚ ਬੰਦ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਜੇਲ੍ਹ ਅੰਦਰ ਇਨਸੁਲਿਨ ਮੁਹੱਈਆ ਕਰਵਾਉਣ ਦੀ ਮੰਗ ਸੰਬੰਧੀ ਦਾਇਰ ਪਟੀਸ਼ਨ 'ਤੇ ਸ਼ੁੱਕਰਵਾਰ ਸੁਣਵਾਈ ਹੋਈ। ਅਦਾਲਤ ਫੈਸਲਾ ਸੋਮਵਾਰ ਸੁਣਾਏਗੀ।

ਕੇਜਰੀਵਾਲ ਦੇ ਵਕੀਲ ਅਭਿਸ਼ੇਕ ਮਨੂੰ ਸਿੰਘਵੀ ਨੇ ਦਲੀਲ ਦਿੱਤੀ ਕਿ ਕੇਜਰੀਵਾਲ 22 ਸਾਲਾਂ ਤੋਂ ਸ਼ੂਗਰ ਤੋਂ ਪੀੜਤ ਹਨ, ਜਿਸ ਲਈ ਉਨ੍ਹਾ ਨੂੰ ਰੋਜ਼ਾਨਾ ਇਨਸੁਲਿਨ ਦੀ ਲੋੜ ਹੁੰਦੀ ਹੈ। ਉਨ੍ਹਾ ਕਿਹਾ ਕਿ ਕੇਜਰੀਵਾਲ ਵਾਰ-ਵਾਰ ਕਹਿ ਰਹੇ ਹਨ ਕਿ ਉਨ੍ਹਾ ਦੇ ਸ਼ੂਗਰ ਲੈਵਲ ਦੀ ਲਗਾਤਾਰ ਨਿਗਰਾਨੀ ਕੀਤੀ ਜਾਣੀ ਚਾਹੀਦੀ ਹੈ। ਸਿੰਘਵੀ ਨੇ ਸ਼ੂਗਰ ਲੈਵਲ 'ਤੇ ਨਜ਼ਰ ਰੱਖਣ ਵਾਲੇ ਕੇਜਰੀਵਾਲ ਦੇ ਚਾਰਟ ਦਾ ਹਵਾਲਾ ਦਿੱਤਾ। ਅੰਬ ਖਾਣ ਨੂੰ ਲੈ ਕੇ ਈ ਡੀ ਦੇ ਬਿਆਨ 'ਤੇ ਸਿੰਘਵੀ ਨੇ ਕਿਹਾ ਕਿ ਕੇਜਰੀਵਾਲ ਨੂੰ ਸਿਰਫ ਤਿੰਨ ਵਾਰ ਅੰਬ ਜੇਲ੍ਹ ਭੇਜੇ ਗਏ। 8 ਅਪ੍ਰੈਲ ਤੋਂ ਬਾਅਦ ਅੰਬ ਨਹੀਂ ਭੇਜੇ ਗਏ। ਕੇਜਰੀਵਾਲ ਨੇ ਚਾਹ 'ਚ ਸ਼ੂਗਰ ਫਰੀ ਦੀ ਵਰਤੋਂ ਕੀਤੀ। ਉਨ੍ਹਾ ਦੇ ਆਲੂ-ਪੂੜੀ ਖਾਣ ਦਾ ਦੋਸ਼ ਬਿਲਕੁਲ ਗਲਤ ਦੋਸ਼ ਹੈ। ਭੇਜੇ ਗਏ 48 ਖਾਣੇ 'ਚੋਂ ਸਿਰਫ ਇਕ ਵਾਰ ਕੇਜਰੀਵਾਲ ਨੇ ਆਲੂ ਪੂੜੀ ਨਵਰਾਤਰੇ ਦੇ ਪ੍ਰਸਾਦ ਵਜੋਂ ਖਾਧੀ।



ਸਿੰਘਵੀ ਨੇ ਕਿਹਾ-ਮੈਂ ਅਦਾਲਤ ਨੂੰ ਬੇਨਤੀ ਕਰ ਰਿਹਾ ਹਾਂ ਕਿ ਜੇਲ੍ਹ ਸੁਪਰਡੈਂਟ ਨੂੰ ਇਹ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ ਜਾਣ ਕਿ ਕੇਜਰੀਵਾਲ ਨੂੰ ਢੁੱਕਵਾਂ ਇਲਾਜ ਮੁਹੱਈਆ ਕਰਵਾਇਆ ਜਾਵੇ। ਕੀ ਮੇਰਾ ਮੁਵੱਕਲ ਗੈਂਗਸਟਰ ਹੈ? ਕੀ ਉਹ ਅਜਿਹਾ ਕਠੋਰ ਅਪਰਾਧੀ ਹੈ ਕਿ ਉਹ ਹਰ ਰੋਜ਼ ਆਪਣੇ ਡਾਕਟਰ ਨਾਲ 15 ਮਿੰਟ ਵੀ ਨਹੀਂ ਸੀ ਲੈ ਸਕਦਾ? ਕੇਜਰੀਵਾਲ ਦੇ ਇਕ ਹੋਰ ਵਕੀਲ ਰਮੇਸ਼ ਗੁਪਤਾ ਨੇ ਕਿਹਾ-ਮੈਂ ਪਹਿਲੀ ਵਾਰ ਦੇਖ ਰਿਹਾ ਹਾਂ ਕਿ ਜੇਲ੍ਹ ਪ੍ਰਸ਼ਾਸਨ ਦੀ ਤਰਫੋਂ ਕੋਈ ਵਿਸ਼ੇਸ਼ ਵਕੀਲ ਵੀ ਮੌਜੂਦ ਹੈ। ਜੇਕਰ ਆਮ ਆਦਮੀ ਅੰਬ ਨਹੀਂ ਖਾਵੇਗਾ ਤਾਂ ਕੀ ਉਹ ਖੁੰਬ ਖਾਵੇਗਾ?

ਈ ਡੀ ਨੇ ਬਿਆਨ ਦਿੱਤਾ ਸੀ ਕਿ ਕੇਜਰੀਵਾਲ ਬਹੁਤ ਅੰਬ ਖਾ ਰਹੇ ਹਨ ਤਾਂ ਕਿ ਸ਼ੂਗਰ ਵਧ ਜਾਵੇ ਤੇ ਉਹ ਮੈਡੀਕਲ ਆਧਾਰ 'ਤੇ ਜ਼ਮਾਨਤ ਲੈ ਸਕਣ।

### ਕੇਜਰੀਵਾਲ ਨਾਲ ਕੁਝ ਵੀ ਹੋ ਸਕਦੈ : ਸੰਜੈ ਸਿੰਘ

**ਨਵੀਂ ਦਿੱਲੀ** : ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੰਜੈ ਸਿੰਘ ਨੇ ਸ਼ੁੱਕਰਵਾਰ ਆਪਣੀ ਪਾਰਟੀ ਦੇ ਦੋਸ਼ਾਂ ਨੂੰ ਦੁਹਰਾਇਆ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖਿਲਾਫ ਡੂੰਘੀ ਸਾਜ਼ਿਸ਼ ਰਚੀ ਜਾ ਰਹੀ ਹੈ ਅਤੇ ਜੇਲ੍ਹ 'ਚ ਉਨ੍ਹਾ ਨਾਲ ਕੁਝ ਵੀ ਹੋ ਸਕਦਾ ਹੈ। ਇੱਥੇ ਪ੍ਰੈੱਸ ਕਾਨਫਰੰਸ ਦੌਰਾਨ ਉਨ੍ਹਾ ਦੋਸ਼ ਲਾਇਆ ਕਿ ਭਾਜਪਾ ਦਾ ਤੰਤਰ ਕਿਸੇ ਦੀ ਹੱਤਿਆ ਕਰਨ ਦੇ ਪੱਧਰ ਤੱਕ ਜਾ ਸਕਦਾ ਹੈ। ਉਨ੍ਹਾ ਕੇਜਰੀਵਾਲ ਦੀ ਬਿਮਾਰੀ ਦਾ ਮਜ਼ਾਕ ਉਡਾਉਣ ਲਈ ਭਾਜਪਾ ਆਗੂਆਂ ਦੀ ਆਲੋਚਨਾ ਕੀਤੀ।

## ਕਰਾਚੀ 'ਚ ਜਾਪਾਨੀ ਨਾਗਰਿਕਾਂ 'ਤੇ ਹਮਲਾ

**ਕਰਾਚੀ** : ਦਹਿਸ਼ਤਗਰਦਾਂ ਨੇ ਸ਼ੁੱਕਰਵਾਰ ਇੱਥੇ ਜਾਪਾਨੀ ਨਾਗਰਿਕਾਂ ਦੇ ਵਾਹਨ ਨੂੰ ਨਿਸ਼ਾਨਾ ਬਣਾ ਕੇ ਆਤਮਘਾਤੀ ਹਮਲਾ ਕੀਤਾ, ਪਰ ਖੁਸ਼ਕਿਸਮਤੀ ਨਾਲ ਜਾਪਾਨੀ ਨਾਗਰਿਕ ਵਾਲ-ਵਾਲ ਬਚ ਗਏ। ਤਾਂ ਵੀ ਉਨ੍ਹਾਂ ਦੇ ਦੋ ਬਾਡੀਗਾਰਡਾਂ ਵਿੱਚੋਂ ਇਕ ਜ਼ਖਮੀ ਹੋ ਗਿਆ। ਮੋਟਰਸਾਈਕਲ ਸਵਾਰ ਦਹਿਸ਼ਤਗਰਦਾਂ ਨੇ ਲਾਂਧੀ ਦੇ ਮੁਰਤਜ਼ਾ ਚੌਰੰਗੀ ਨੇੜੇ ਜਾਪਾਨੀ ਨਾਗਰਿਕਾਂ ਦੀ ਵੈਨ ਨੂੰ ਟੱਕਰ ਮਾਰਨ ਦੀ ਕੋਸ਼ਿਸ਼ ਕੀਤੀ। ਜਾਪਾਨ ਦੇ ਇਹ ਨਾਗਰਿਕ ਪਾਕਿਸਤਾਨ ਸੁਜ਼ੂਕੀ ਮੋਟਰਜ਼ 'ਚ ਕੰਮ ਕਰਦੇ ਹਨ। ਬਾਡੀਗਾਰਡ ਨੇ ਇਕ ਦਹਿਸ਼ਤਗਰਦ ਨੂੰ ਮਾਰ ਦਿੱਤਾ, ਜਦਕਿ ਦੂਜੇ ਨੇ ਵੈਨ ਦੇ ਨੇੜੇ ਪਹੁੰਚ ਕੇ ਆਪਣੇ ਆਪ ਨੂੰ ਉਡਾ ਲਿਆ।

# ਬੰਬੀਹਾ ਗੈਂਗ ਨਾਲ ਜੁੜੇ ਦੋ ਗੈਂਗਸਟਰ ਗ੍ਰਿਫਤਾਰ

**ਜਲੰਧਰ (ਸ਼ੈਲੀ ਐਲਬਰਟ)**-ਜਲੰਧਰ ਕਮਿਸ਼ਨਰੇਟ ਪੁਲਸ ਨੇ ਬੰਬੀਹਾ ਗੈਂਗ ਦੇ ਦੋ ਗੈਂਗਸਟਰਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ ਤਿੰਨ ਪਿਸਤੌਲਾਂ ਅਤੇ 1 ਕਿਲੋ ਅਫੀਮ ਬਰਾਮਦ ਕੀਤੀ ਹੈ।




ਪੁਲਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਸੂਹ ਮਿਲੀ ਸੀ ਕਿ ਬੰਬੀਹਾ ਗੈਂਗ ਦੇ ਦੋ ਖੌਫਨਾਕ ਗੈਂਗਸਟਰ ਆਪਣੇ ਵਿਰੋਧੀ ਗਿਰੋਹ ਦੇ ਮੈਂਬਰਾਂ ਨੂੰ ਮਾਰਨ ਦੀ ਯੋਜਨਾ ਬਣਾ ਰਹੇ ਸਨ ਅਤੇ ਸ਼ਹਿਰ ਵਿੱਚ ਸਰਗਰਮ ਸਨ। ਪੁਲਸ ਨੇ ਅਨਿਲ ਕੁਮਾਰ ਉਰਫ ਰੌਕੀ ਵਾਸੀ ਕਬੀਰ ਨਗਰ ਨੂੰ ਕਾਬੂ ਕਰਕੇ ਉਸ ਪਾਸੋਂ ਇੱਕ 32 ਬੋਰ ਦਾ ਪਿਸਤੌਲ, ਇੱਕ ਮੈਗਜ਼ੀਨ ਅਤੇ ਤਿੰਨ ਜ਼ਿੰਦਾ ਕਾਰਤੂਸ ਬਰਾਮਦ ਕੀਤੇ। ਰੌਕੀ ਖਿਲਾਫ 20 ਤੋਂ ਵੱਧ ਕੇਸ ਪੈਂਡਿੰਗ ਹਨ ਅਤੇ ਉਹ ਸੂਬੇ ਭਰ ਵਿੱਚ ਅੱਠ ਸਾਲਾਂ ਤੋਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਰਿਹਾ ਹੈ। ਰੌਕੀ ਨੇ ਪੁੱਛਗਿੱਛ ਦੌਰਾਨ ਮੰਨਿਆ ਕਿ ਉਸ ਦਾ ਇੱਕ ਸਾਥੀ ਮੁਕੇਸ਼ ਸ਼ਰਮਾ ਉਰਫ ਮੁੰਨਾ ਵਾਸੀ ਪਿੰਡ ਟੋਪਾ (ਬਿਹਾਰ) ਮੌਜੂਦਾ ਸਮੇਂ ਕਰੋਲ ਬਾਗ ਵਿੱਚ ਰਹਿੰਦਾ ਹੈ, ਵੀ ਇਸ ਸਾਜ਼ਿਸ਼ ਦਾ ਹਿੱਸਾ ਸੀ। ਉਨ੍ਹਾ ਕਿਹਾ ਕਿ ਮੁੰਨਾ ਨੂੰ ਪਹਿਲਾਂ ਹੀ ਐੱਨ ਡੀ ਪੀ ਐੱਸ ਦੇ ਤਿੰਨ ਕੇਸਾਂ ਵਿੱਚ ਭਗੌੜਾ ਐਲਾਨ ਕੀਤਾ ਗਿਆ ਸੀ ਅਤੇ ਉਹ ਪੁਲਸ ਨੂੰ ਲੋੜੀਂਦਾ ਸੀ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਪੁਲਸ ਨੇ ਮੁੰਨਾ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ ਇੱਕ ਕਿਲੋ ਅਫੀਮ, ਦੋ ਪਿਸਤੌਲ 32 ਬੋਰ, ਚਾਰ ਮੈਗਜ਼ੀਨ ਅਤੇ ਛੇ ਕਾਰਤੂਸ ਬਰਾਮਦ ਕੀਤੇ ਹਨ।

# ਬਖਸ਼ੀਵਾਲਾ 'ਚ ਗੜੇਮਾਰੀ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**

ਨੇੜਲੇ ਪਿੰਡ ਬਖਸ਼ੀਵਾਲਾ ਵਿਖੇ ਸ਼ੁੱਕਰਵਾਰ ਦੁਪਹਿਰ ਬਾਅਦ ਹੋਈ ਭਾਰੀ ਗੜੇਮਾਰੀ ਅਤੇ ਬਰਸਾਤ ਕਾਰਨ ਕਣਕ ਦੀ ਖੜੀ ਫਸਲ ਅਤੇ ਮੰਡੀ ਵਿੱਚ ਪਈ ਕਣਕ ਬਰਬਾਦ ਹੋ ਗਈ। ਭਾਰਤੀ ਕਿਸਾਨ ਯੂਨੀਆਨ ਉਗਰਾਹਾਂ ਦੇ ਇਕਾਈ ਪ੍ਰਧਾਨ ਹਰਦਿਆਲ ਸਿੰਘ ਚੱਠਾ, ਸੀਨੀਅਰ ਆਗੂ ਜਗਤਾਰ ਸਿੰਘ ਬਖਸ਼ੀਵਾਲਾ ਅਤੇ ਪੰਜਾਬ ਕਿਸਾਨ ਸਭਾ ਦੇ ਸੂਬਾਈ ਆਗੂ ਹਰਦੇਵ ਸਿੰਘ ਬਖਸ਼ੀਵਾਲਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾਂ ਦੇ ਹੋਏ ਆਰਥਕ ਨੁਕਸਾਨ ਦੀ ਭਰਪਾਈ ਕੀਤੀ ਜਾਵੇ ਤੇ ਸਪੈਸ਼ਲ ਗਿਰਦਾਵਰੀ ਕਰਕੇ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ।



## ਅੱਜ-ਨਾਮਾ

ਕਹਿਰ ਕੁਦਰਤੀ ਪੈਂਦਾ ਈ ਫੇਰ ਫਿਰਦਾ,
ਪੈ ਗਿਆ ਮੀਂਹ ਤੇ ਗੜੇ ਆ ਨਾਲ ਬੇਲੀ।
ਪੱਕੀ ਕਣਕ ਦਾ ਕਰਦਾ ਨੁਕਸਾਨ ਜਾਪੇ,
ਸਕਦਾ ਕੋਈ ਨਹੀਂ ਏਸ ਨੂੰ ਟਾਲ ਬੇਲੀ।
ਓਧਰ ਚੋਣਾਂ ਲਈ ਜ਼ਾਬਤਾ ਸਖਤ ਲੱਗਾ,
ਮਦਦ ਦੇ ਮੂਹਰੇ ਨੇ ਕਈ ਸਵਾਲ ਬੇਲੀ।
ਫੜਨੀ ਸੌਖੀ ਕਿਰਸਾਨਾਂ ਦੀ ਬਾਂਹ ਨਾਹੀਂ,
ਰੱਖਣਾ ਨਿਯਮਾਂ ਦਾ ਪਊ ਖਿਆਲ ਬੇਲੀ।
ਕਰੀ ਨਹੀਂ ਮਦਦ ਸਰਕਾਰ ਤਾਂ ਹੋਊ ਭੰਡੀ,
ਕਰੀ ਜੇ ਮਦਦ ਤਾਂ ਹੋਊ ਸ਼ਿਕਾਇਤ ਬੇਲੀ।
ਭੁਗਤਣੀ ਔਖੜ ਕਿਸਾਨ ਨੂੰ ਪਊ ਇਹਦੀ,
ਮਿਲੂ ਕਿੰਨੀ ਕੁ ਰਾਹਤ-ਰਿਆਇਤ ਬੇਲੀ।

-ਤੀਸ ਮਾਰ ਖਾਂ

# ਪੀ ਆਰ ਟੀ ਸੀ ਕਾਮਿਆਂ ਵੱਲੋਂ 24 ਨੂੰ ਹੈੱਡਕੁਆਰਟਰ ਅੱਗੇ ਰੋਸ ਧਰਨਾ

**ਪਟਿਆਲਾ** : ਸ਼ੁੱਕਰਵਾਰ ਬਿਆਨ ਜਾਰੀ ਕਰਦਿਆਂ ਪੀ ਆਰ ਟੀ ਸੀ ਵਿੱਚ ਕੰਮ ਕਰਦੀਆਂ ਛੇ ਜਥੇਬੰਦੀਆਂ ਦੀ ਸਾਂਝੀ ਐਕਸ਼ਨ ਕਮੇਟੀ ਦੇ ਆਗੂਆਂ ਨਿਰਮਲ ਸਿੰਘ ਧਾਲੀਵਾਲ ਕਨਵੀਨਰ ਅਤੇ ਮੈਂਬਰਾਨ ਬਲਦੇਵ ਰਾਜ ਬੱਤਾ, ਹਰਪ੍ਰੀਤ ਸਿੰਘ ਖਟੜਾ, ਰਕੇਸ਼ ਕੁਮਾਰ ਦਤਾਰਪੁਰੀ, ਤਰਸੇਮ ਸਿੰਘ ਅਤੇ ਮੁਹੰਮਦ ਖਲੀਲ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਪੀ ਆਰ ਟੀ ਸੀ ਦੀ ਮੈਨੇਜਮੈਂਟ ਵੱਲੋਂ ਵਰਕਰਾਂ ਦੀਆਂ ਕਾਨੂੰਨੀ ਅਤੇ ਮੰਨੀਆਂ ਮੰਗਾਂ ਲਾਗੂ ਨਾ ਕਰਨ, ਸੈਂਟਰ ਫਲਾਇੰਗ ਇੰਸਪੈਕਟਰਾਂ ਦਾ ਚੈਕਿੰਗ ਡਿਊਟੀ ਰੋਸਟਰ ਨਾ ਬਦਲੇ ਜਾਣ ਦੇ ਵਿਰੋਧ ਵਿੱਚ ਅਤੇ ਵਰਕਰਾਂ ਦੇ ਚਿਰਾਂ ਤੋਂ ਪੈਂਡਿੰਗ ਪਏ ਏਰੀਅਰਜ਼ ਦੀ ਅਧੂਰੀ ਅਦਾਇਗੀ ਕੀਤੇ ਜਾਣ ਦੇ ਵਿਰੁੱਧ 24 ਅਪ੍ਰੈਲ ਨੂੰ ਪੀ ਆਰ ਟੀ ਸੀ ਦੇ ਪਟਿਆਲਾ ਵਿਖੇ ਮੁੱਖ ਦਫਤਰ ਦੇ ਸਾਹਮਣੇ ਰੋਸ ਧਰਨਾ ਦਿੱਤਾ ਜਾਵੇਗਾ।

ਐਕਸ਼ਨ ਕਮੇਟੀ ਦੇ ਆਗੂਆਂ ਦੱਸਿਆ ਕਿ ਮੈਨੇਜਮੈਂਟ ਵੱਲੋਂ ਵਰਕਰਾਂ ਦੀਆਂ ਕਾਨੂੰਨੀ ਤੌਰ 'ਤੇ ਵਾਜਬ ਮੰਗਾਂ ਨਾ ਮੰਨ ਕੇ ਅਤੇ ਕਾਨੂੰਨੀ ਤੌਰ 'ਤੇ ਮਿਲਣ ਯੋਗ ਵੱਖ-ਵੱਖ ਕਿਸਮ ਦੇ ਬਕਾਏ ਅਦਾ ਨਾ ਕਰਕੇ ਜਿੱਥੇ ਕਾਨੂੰਨਾਂ ਦੀ ਘੋਰ ਉਲੰਘਣਾ ਕਰ ਰਹੀ ਹੈ, ਉੱਥੇ ਵਰਕਰਾਂ ਦਾ ਆਰਥਕ ਸ਼ੋਸ਼ਣ ਵੀ ਕਰ ਰਹੀ ਹੈ, ਇਲੈਕਸ਼ਨ ਕੋਡ ਦੀਆਂ ਹਦਾਇਤਾਂ ਦੇ ਮਨਮੱਤੇ ਅਰਥ ਕੱਢ ਕੇ ਵਰਕਰਾਂ ਨੂੰ ਤੰਗ ਕੀਤਾ ਜਾ ਰਿਹਾ ਹੈ, ਜਿਵੇਂ ਕਿ ਰੁਟੀਨ ਮੁਤਾਬਕ ਹਰ ਤਿੰਨ ਮਹੀਨੇ ਬਾਅਦ ਇੰਸਪੈਕਟਰਾਂ ਨੂੰ ਸੈਂਟਰ ਫਲਾਇੰਗ ਦੀ ਡਿਊਟੀ ਤੋਂ ਅਗਲੀ ਬਣਦੀ ਵਾਰੀ ਤੱਕ ਡਿਪੂਆਂ ਵਿੱਚ ਵਾਪਸ ਡਿਊਟੀ ਕਰਨ ਲਈ ਭੇਜ ਦਿੱਤਾ ਜਾਂਦਾ ਹੈ, ਪਰ ਹੁਣ ਲਗਭਗ ਇੱਕ ਮਹੀਨਾ ਵੱਧ ਡਿਊਟੀ ਹੋਣ ਦੇ ਬਾਵਜੂਦ ਇਹ ਰੁਟੀਨ ਦਾ ਰੋਸਟਰ ਨਹੀਂ ਬਦਲਿਆ ਜਾ ਰਿਹਾ। ਜਦ ਕਿ ਚੋਣ ਜ਼ਾਬਤੇ ਦੀ ਕੋਈ ਉਲੰਘਣਾ ਨਹੀਂ ਹੁੰਦੀ। ਇਸੇ ਤਰ੍ਹਾਂ ਪੀ ਆਰ ਟੀ ਸੀ ਕੋਲ 10-11 ਕਰੋੜ ਰੁਪਿਆ ਪਿਆ ਹੋਣ ਦੇ ਬਾਵਜੂਦ ਵਰਕਰਾਂ ਦੇ ਕਈ ਕਈ ਸਾਲਾਂ ਤੋਂ ਪੈਂਡਿੰਗ ਪਏ ਬਕਾਏ ਨਹੀਂ ਅਦਾ ਕੀਤੇ ਜਾ ਰਹੇ, ਸਿਰਫ 3-4 ਕਰੋੜ ਰੁਪਏ ਦੇ ਬਕਾਏ ਹੀ ਦਿੱਤੇ ਗਏ ਹਨ। ਮੁੱਖ ਲੇਖਾ ਅਫਸਰ ਉੱਚ ਅਧਿਕਾਰੀਆਂ ਨੂੰ ਗੁੰਮਰਾਹ ਕਰਕੇ ਵਰਕਰਾਂ ਦਾ ਨੁਕਸਾਨ ਕਰ ਰਿਹਾ ਹੈ। ਵਰਕਰਾਂ ਦੀਆਂ ਕਾਨੂੰਨੀ ਮੰਗਾਂ ਜਿਵੇਂ ਪੀ ਆਰ ਟੀ ਸੀ ਰੂਲਜ਼ 1981 ਮੁਤਾਬਿਕ ਕੰਟਰੈਕਟ ਵਰਕਰਾਂ ਨੂੰ ਰੈਗੂਲਰ ਕਰਨਾ ਬਣਦਾ ਹੈ, ਪਰ ਨਹੀਂ ਕੀਤਾ ਜਾ ਰਿਹਾ, ਮਾਣਯੋਗ ਹਾਈ ਕੋਰਟ ਦੁਆਰਾ ਪੱਕੇ ਕੀਤੇ ਗਏ ਵਰਕਰਾਂ ਦੇ ਨਾ ਹੀ ਬਕਾਏ ਦਿੱਤੇ ਗਏ ਹਨ, ਨਾ ਹੀ ਉਨ੍ਹਾਂ ਨੂੰ 1992 ਦੀ ਪੈਨਸ਼ਨ ਸਕੀਮ ਅਧੀਨ ਲਿਆਂਦਾ ਗਿਆ। ਸੇਵਾ-ਮੁਕਤ ਕਰਮਚਾਰੀਆਂ ਨੂੰ ਹਰ ਦੋ ਸਾਲ ਬਾਅਦ ਸਫਰੀ ਭੱਤੇ ਦੇ ਤੌਰ 'ਤੇ ਇੱਕ ਵਾਧੂ ਬੇਸਿਕ ਪੇਅ ਨਹੀਂ ਦਿੱਤੀ ਜਾ ਰਹੀ। 1992 ਦੀ ਪੈਨਸ਼ਨ ਸਕੀਮ ਤੋਂ ਵਾਂਝੇ ਰਹਿੰਦੇ 400 ਸੇਵਾ-ਮੁਕਤ ਕਰਮਚਾਰੀਆਂ ਨੂੰ ਪੈਨਸ਼ਨ ਸਕੀਮ ਅਧੀਨ ਨਹੀਂ ਲਿਆਂਦਾ ਜਾ ਰਿਹਾ। ਪੀ ਆਰ ਟੀ ਸੀ ਵਿੱਚ ਆਪਣੀ ਮਾਲਕੀ ਵਾਲੀਆਂ ਨਵੀਂਆਂ ਬੱਸਾਂ ਪਾਉਣ ਲਈ ਪਿਛਲੇ ਢਾਈ ਸਾਲਾਂ ਤੋਂ ਕੋਈ ਉਪਰਾਲਾ ਨਹੀਂ ਕੀਤਾ ਗਿਆ।

ਪੰਜਾਬ ਸਰਕਾਰ ਵੱਲੋਂ ਮੁਫ਼ਤ ਸਫਰ ਸਹੂਲਤਾਂ ਬਦਲੇ ਬਣਦੀ 400 ਕਰੋੜ ਰੁਪਏ ਤੋਂ ਵੱਧ ਦੀ ਰਕਮ ਨਹੀਂ ਦਿੱਤੀ ਜਾ ਰਹੀ। ਸੈਂਟਰ ਫਲਾਇੰਗ ਸਟਾਫ ਲਈ 5000 ਰੁਪਏ ਵਿਸ਼ੇਸ਼ ਭੱਤਾ ਦਿੱਤੇ ਜਾਣ ਬਾਰੇ ਕੋਈ ਕਦਮ ਨਹੀਂ ਚੁੱਕੇ ਜਾ ਰਹੇ, ਕੰਟਰੈਕਟ ਅਤੇ ਆਊਟਸੋਰਸ ਵਰਕਰਾਂ ਦੀ ਤਨਖਾਹ ਵਿੱਚ ਇਕਸਾਰਤਾ ਨਹੀਂ ਲਿਆਂਦੀ ਜਾ ਰਹੀ, ਵਰਕਰਾਂ ਨਾਲ ਵਿਤਕਰੇਬਾਜ਼ੀ ਵਿੱਚ ਭਾਰੀ ਵਾਧਾ ਹੋ ਰਿਹਾ ਹੈ। ਕੰਟਰੈਕਟ/ਆਊਟਸੋਰਸ ਅਧੀਨ ਕੰਮ ਕਰਦੇ ਸਹਾਇਕ ਆਡੀਟਰਾਂ ਦੀ ਯੋਗਤਾ ਅਨੁਸਾਰ ਉਹਨਾਂ ਦੀ ਤਨਖਾਹ ਵਿੱਚ ਵਾਧਾ ਨਹੀਂ ਕੀਤਾ ਜਾ ਰਿਹਾ। ਦਿੱਲੀ ਬੱਸ ਸਟੈਂਡ 'ਤੇ ਤਾਇਨਾਤ ਕਰਮਚਾਰੀਆਂ ਨੂੰ ਦਿੱਲੀ ਦਾ ਹਾਊਸ ਰੈਂਟ ਨਹੀਂ ਦਿੱਤਾ ਜਾਂਦਾ। ਓਵਰਟਾਈਮ ਕਾਨੂੰਨ ਅਨੁਸਾਰ ਨਹੀਂ ਦਿੱਤਾ ਜਾਂਦਾ ਅਤੇ ਗੈਰ-ਕਾਨੂੰਨੀ ਤੌਰ 'ਤੇ ਓਵਰ ਟਾਈਮ ਨੂੰ ਰੈਸਟਾਂ ਵਿੱਚ ਤਬਦੀਲ ਕਰਕੇ ਘੋਰ ਕਾਨੂੰਨੀ ਉਲੰਘਣਾ ਕੀਤੀ ਗਈ ਹੈ।ਐਕਸ਼ਨ ਕਮੇਟੀ ਦੇ ਆਗੂਆਂ ਕਿਹਾ ਕਿ ਮੈਨੇਜਮੈਂਟ ਵੱਲੋਂ ਵਰਕਰਾਂ ਦੇ ਕਾਨੂੰਨੀ ਹੱਕਾਂ ਨੂੰ ਕੁਚਲਣਾ ਅਤੇ ਮਾਲੀ ਨੁਕਸਾਨ ਨੂੰ ਬਰਦਾਸ਼ਤ ਨਹੀ ਕੀਤਾ ਜਾਵੇਗਾ, ਜਿਸ ਕਰਕੇ 24 ਅਪ੍ਰੈਲ ਨੂੰ ਪੀ ਆਰ ਟੀ ਸੀ ਦੇ ਪਟਿਆਲਾ ਵਿਖੇ ਮੁੱਖ ਦਫਤਰ ਦੇ ਸਾਹਮਣੇ ਪੰਜਾਬ ਸਰਕਾਰ ਅਤੇ ਪੀ ਆਰ ਟੀ ਸੀ ਮੈਨੇਜਮੈਂਟ ਨਾਲ ਰੋਸ ਜ਼ਾਹਰ ਕਰਨ ਲਈ ਵਿਸ਼ਾਲ ਧਰਨਾ ਦਿੱਤਾ ਜਾ ਰਿਹਾ ਹੈ। ਐਕਸ਼ਨ ਕਮੇਟੀ ਵੱਲੋਂ ਵਰਕਰਾਂ ਨੂੰ ਅਪੀਲ ਕੀਤੀ ਗਈ ਕਿ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਇਆ ਜਾਵੇ।

# ਹਰਬੰਸ ਹੀਓਂ ਦਾ ਦੇਹਾਂਤ



**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਇਨਕਲਾਬੀ ਪੱਤਰਕਾਰਤਾ, ਸਾਹਿਤ, ਜਮਹੂਰੀ ਇਨਕਲਾਬੀ ਲਹਿਰ ਨਾਲ਼ ਲੰਮੇ ਅਰਸੇ ਤੋਂ ਜੁੜੇ ਚਲੇ ਆ ਰਹੇ ਹਰਬੰਸ ਹੀਓਂ ਦਾ ਸ਼ੁੱਕਰਵਾਰ ਦੇਹਾਂਤ ਹੋ ਗਿਆ। ਪਿੰਡ ਹੀਓਂ ਵਿਖੇ ਸੇਜਲ ਅੱਖਾਂ ਅਤੇ ਗੂੰਜਦੇ ਨਾਅਰਿਆਂ ਸੰਗ ਉਹਨਾ ਨੂੰ ਅੰਤਮ ਵਿਦਾਇਗੀ ਦਿੱਤੀ ਗਈ ਇਸ ਉਪਰੰਤ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸ਼ੋਕ ਸਭਾ ਕਰਕੇ ਹਰਬੰਸ ਹੀਓਂ ਨੂੰ ਸਮੁੱਚੀ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸ਼ਰਧਾਂਜਲੀ ਭੇਟ ਕੀਤੀ ਗਈ।

ਸਮੂਹ ਕਮੇਟੀ ਮੈਂਬਰਾਂ ਨੇ ਹਰਬੰਸ ਦੇ ਪਰਵਾਰ, ਸਾਕ-ਸੰਬੰਧੀਆਂ ਅਤੇ ਸੰਗੀ-ਸਾਥੀਆਂ ਨਾਲ਼ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਵੇਲ਼ਾ ਆ ਗਿਆ ਕਿ ਅਜਿਹੇ ਦਰਦ ਵਿਛੋੜਿਆਂ ਨੂੰ ਭਾਣਾ ਮੰਨਣ ਦੀ ਬਜਾਏ ਇਸ ਦੇ ਵਿਗਿਆਨਕ ਕਾਰਨਾਂ ਦੀ ਗਹਿਰੀ ਖੋਜ-ਪੜਤਾਲ ਕਰੀਏ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਅਹਿਦ ਕੀਤਾ ਕਿ ਸਾਹਿਤਕ, ਸੱਭਿਆਚਾਰਕ, ਲੋਕ-ਪੱਖੀ ਪੱਤਰਕਾਰਤਾ, ਖੇਡਾਂ, ਅਕਾਦਮਿਕ ਖੇਤਰ ਵਿਚ ਹਰਬੰਸ ਹੀਓਂ ਦੇ ਯੋਗਦਾਨ ਦੀਆਂ ਪੈੜਾਂ ਨੂੰ ਸੰਭਾਲਣ ਦਾ ਹਰ ਸੰਭਵ ਉਪਰਾਲਾ ਕੀਤਾ ਜਾਏਗਾ। ਕਮੇਟੀ ਨੇ ਵੱਧ ਤੋਂ ਵੱਧ ਲੋਕਾਂ ਨੂੰ ਹਰਬੰਸ ਹੀਓਂ ਦੇ 28 ਅਪ੍ਰੈਲ ਨੂੰ 12 ਵਜੇ ਪਿੰਡ ਹੀਓਂ (ਨੇੜੇ ਬੰਗਾ) ਵਿਖੇ ਸ਼ਰਧਾਂਜਲੀ ਸਮਾਗਮ 'ਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

## ਜੀਤ ਮਹਿੰਦਰ ਸਿੰਘ ਸਿੱਧੂ ਨੂੰ ਟਿਕਟ ਮਿਲਣ ਦੀ ਖੁਸ਼ੀ 'ਚ ਲੱਡੂ ਵੰਡੇ



**ਬੁਢਲਾਡਾ (ਅਸ਼ੋਕ ਲਾਕੜਾ)**-ਲੋਕ ਸਭਾ ਬਠਿੰਡਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਜੀਤ ਮਹਿੰਦਰ ਸਿੰਘ ਸਿੱਧੂ ਨੂੰ ਟਿਕਟ ਮਿਲਣ 'ਤੇ ਬਲਾਕ ਕਾਂਗਰਸ ਕਮੇਟੀ ਵੱਲੋਂ ਗੁਰਜੀਤ ਸਿੰਘ ਫੌਜੀ ਦੀ ਅਗਵਾਈ ਹੇਠ ਬੁਢਲਾਡਾ ਸ਼ਹਿਰ ਵਿਖੇ ਕਾਂਗਰਸ ਲੀਡਰਾਂ ਤੇ ਸਮਰਥਕਾਂ ਵੱਲੋਂ ਲੱਡੂ ਵੰਡ ਕੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਗਿਆ।ਰਣਜੀਤ ਸਿੰਘ ਦੋਦੜਾ ਨੇ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਜੀਤ ਮਹਿੰਦਰ ਸਿੰਘ ਸਿੱਧੂ ਨੂੰ ਉਮੀਦਵਾਰ ਚੁਣਨਾ ਪਾਰਟੀ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰਨਾ ਹੈ।ਉਨ੍ਹਾਂ ਕਿਹਾ ਕਿ ਸਿੱਧੂ ਇੱਕ ਤਜਰਬੇਕਾਰ ਸਿਆਸਤਦਾਨ ਹਨ।ਉਹ ਪਹਿਲਾਂ ਵੀ ਵਿਧਾਨ ਸਭਾ ਹਲਕਾ ਤਲਵੰਡੀ ਤੇ ਮੌੜ ਤੋਂ ਵਿਧਾਇਕ ਰਹੇ ਹਨ ਤੇ ਲੋਕ ਸਭਾ ਹਲਕਾ ਬਠਿੰਡਾ ਵਿੱਚ ਵੀ ਵੱਡੇ ਅੰਤਰ ਨਾਲ ਜਿੱਤ ਪ੍ਰਾਪਤ ਕਰਕੇ ਪਾਰਟੀ ਦਾ ਮਾਣ ਵਧਾਉਣਗੇ।ਇਸ ਮੌਕੇ ਹਰਬੰਸ ਸਿੰਘ ਖਿੱਪਲ, ਮਾਸਟਰ ਬਿਹਾਰੀ ਸਿੰਘ, ਰਾਮ ਗੋਪਾਲ, ਰਾਜ ਕੁਮਾਰ ਰਾਜੂ ਧੂੰਫ ਵਾਲਾ, ਰਣਜੀਤ ਰੁਪਾਲ, ਰਣਜੀਤ ਸਿੰਘ ਦੋਦੜਾ, ਹਰਵਿੰਦਰਦੀਪ ਸਿੰਘ ਸਵੀਟੀ ਬਲਾਕ ਪ੍ਰਧਾਨ, ਪਿਆਰਾ ਸਿੰਘ ਐਫ.ਸੀ.ਆਈ. ਯੂਨੀਅਨ, ਜਨਕ ਰਾਜ ਗੋਇਲ, ਸੁਖਵਿੰਦਰ ਸਿੰਘ ਜੱਗੀ ਮਿੱਠੂ ਸਿੰਘ ਤੇ ਸਮੂਹ ਵਰਕਰ ਸ਼ਾਮਲ ਸਨ।

## ਧਾਰਮਿਕ ਪ੍ਰੀਖਿਆ 'ਚ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ



**ਜਗਰਾਉਂ (ਅਮਿਤ ਖੰਨਾ)**-ਇਲਾਕੇ ਦੀ ਪ੍ਰਸਿੱਧ ਸੰਸਥਾ ਸਪਰਿੰਗ ਡਿਊ ਪਬਲਿਕ ਸਕੂਲ ਨਾਨਕਸਰ ਵਿਖੇ ਵਾਇਸ ਪ੍ਰਿੰਸੀਪਲ ਬੇਅੰਤ ਕੁਮਾਰ ਦੀ ਅਗਵਾਈ ਹੇਠ ਪਹਿਲੇ ਗਰੁੱਪ ਕਲਾਸ ਤੀਜੀ ਤੋਂ ਪੰਜਵੀ ਅਤੇ ਦੂਜੇ ਗਰੁੱਪ ਛੇਵੀਂ ਤੋਂ ਅੱਠਵੀਂ ਤੱਕ ਧਾਰਮਿਕ ਪ੍ਰੀਖਿਆ ਕਰਵਾਈ ਗਈ, ਜਿਸ ਵਿੱਚ ਕੁੱਲ 50 ਬੱਚਿਆਂ ਨੇ ਭਾਗ ਲਿਆ। ਇਸ ਪ੍ਰੀਖਿਆ ਵਿੱਚ ਪਹਿਲੇ ਗਰੁੱਪ 'ਚੋਂ ਤਿੰਨ ਬੱਚੇ ਕ੍ਰਮਵਾਰ ਦਿਲਪ੍ਰੀਤ ਕੌਰ, ਖੁਸ਼ਪ੍ਰੀਤ ਕੌਰ, ਇੰਦਰਜੀਤ ਕੌਰ, ਅਤੇ ਦੂਜੇ ਗਰੁੱਪ ਵਿੱਚ ਪ੍ਰਭਗੁਣ ਧਾਲੀਵਾਲ ਨੂੰ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਦੋਵਾਂ ਗਰੁੱਪਾਂ ਦੇ 31 ਬੱਚਿਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇੰਨ੍ਹਾਂ ਬੱਚਿਆਂ ਨੂੰ ਇਸ ਪ੍ਰੀਖਿਆ ਦੀ ਤਿਆਰੀ ਸਕੂਲ ਅਧਿਆਪਕ ਮੈਡਮ ਕੁਲਦੀਪ ਕੌਰ ਅਤੇ ਮੈਡਮ ਕੁਲਜੀਤ ਕੌਰ ਵੱਲੋਂ ਕਰਵਾਈ ਗਈ। ਵਾਇਸ ਪ੍ਰਿੰਸੀਪਲ ਨੇ ਬੱਚਿਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਪ੍ਰੀਖਿਆ ਦਾ ਮੁੱਖ ਮੰਤਵ ਬੱਚਿਆਂ ਨੂੰ ਆਪਣੇ ਧਰਮ ਦੇ ਇਤਿਹਾਸ ਨਾਲ ਜੋੜੇ ਰੱਖਣਾ ਹੈ। ਪ੍ਰਿੰਸੀਪਲ ਨਵਨੀਤ ਚੌਹਾਨ ਵੱਲੋਂ ਬੱਚਿਆਂ ਦੀ ਇਸ ਪ੍ਰੀਖਿਆ ਵਿੱਚ ਅੱਵਲ ਆਉਣ ਤੇ ਹੌਸਲਾ ਅਫਜਾਈ ਕੀਤੀ ਗਈ। ਇਸ ਮੌਕੇ ਪ੍ਰਬੰਧਕੀ ਕਮੇਟੀ ਵੱਲੋਂ ਚੇਅਰਮੈਨ ਬਲਦੇਵ ਬਾਵਾ, ਪ੍ਰਧਾਨ ਮਨਜੀਤ ਕੁਮਾਰ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਸਿੰਘ ਅਤੇ ਮੈਨੇਜਰ ਮਨਦੀਪ ਚੌਹਾਨ ਆਦਿ ਹਾਜ਼ਰ ਸਨ।

## ਮੈਕਸ ਆਰਥਰ ਮੈਕਾਲਿਫ਼ ਪਬਲਿਕ ਸਕੂਲ 'ਚ ਮਨਾਇਆ ਗਿਆ ਯੈਲੋ ਡੇ



**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਮੈਕਸ ਆਰਥਰ ਪਬਲਿਕ ਸਕੂਲ 'ਚ ਨੰਨ੍ਹੇ-ਮੁੰਨੇ ਬੱਚਿਆਂ ਨੂੰ ਅਲੱਗ-ਅਲੱਗ ਰੰਗਾਂ ਤੋਂ ਜਾਣੂ ਕਰਵਾਉਣ ਲਈ ਪੀਲੇ ਰੰਗ ਨਾਲ ਸੰਬੰਧਿਤ (ਯੈਲੋ ਡੇ) ਮਨਾਇਆ ਗਿਆ। ਜਿਸ ਵਿੱਚ ਨਰਸਰੀ ਤੋਂ ਲੈ ਕੇ ਦੂਜੀ ਜਮਾਤ ਤੱਕ ਦੇ ਬੱਚੇ ਪੀਲੇ ਰੰਗ ਦੇ ਪਹਿਰਾਵੇ ਵਿੱਚ ਨਜ਼ਰ ਆਏ ਅਤੇ ਲੰਚ ਬੋਕਸ ਵਿੱਚ ਪੀਲੇ ਰੰਗ ਦਾ ਭੋਜਨ (ਫਲ, ਸਬਜੀਆਂ) ਲੈ ਕੇ ਆਏ। ਇਸ ਦੌਰਾਨ ਇੰਚਾਰਜ ਅਧਿਆਪਕਾਂ ਨੇ ਆਪਣੀ-ਆਪਣੀ ਜਮਾਤ ਦੇ ਹੌਂਸਲਾ ਅਫਜਾਈ ਕੀਤੀ ਅਤੇ ਉਹਨਾਂ ਨੂੰ ਰੰਗਾਂ ਦੀ ਮਹੱਤਤਾ ਬਾਰੇ ਸਮਝਾਇਆ। ਇਸ ਦੌਰਾਨ ਬੱਚਿਆਂ ਨੇ ਕਵਿਤਾਵਾਂ ਅਤੇ ਗੀਤ ਗਾਏ। ਬੱਚਿਆਂ ਨੇ ਆਪਣੀ ਅਦਾਕਾਰੀ ਦਾ ਪ੍ਰਦਰਸ਼ਨ ਕਰਦੇ ਹੋਏ ਇਹ ਦਿਨ ਬਹੁਤ ਆਸ਼ਾਵਾਦ,ਗਿਆਨ ਅਤੇ ਖੁਸ਼ੀ ਨਾਲ ਮਨਾਇਆ। ਪ੍ਰਿੰਸੀਪਲ ਮੈਡਮ ਡਾ. ਮੋਨਿਕਾ ਮਲਹੋਤਰਾ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਪੀਲਾ ਰੰਗ ਧੁੱਪ, ਉਮੀਦ, ਹਸੀ-ਖੁਸ਼ੀ, ਗਰਮੀ ਅਤੇ ਊਰਜਾ ਨਾਲ ਜੁੜਿਆ ਹੋਇਆ ਹੈ। ਉਹਨਾਂ ਇਹ ਵੀ ਦੱਸਿਆ ਕਿ ਪੀਲਾ ਰੰਗ ਕਿਸੇ ਹੋਰ ਰੰਗ ਨਾਲ ਮਿਲ ਕੇ ਨਹੀਂ ਬਣਦਾ, ਸਗੋਂ ਪੀਲਾ ਰੰਗ ਆਪਣੇ ਆਪ ਵਿੱਚ ਹੀ ਸ਼ੁੱਧ ਰੰਗ ਹੈ ਕਿਉਂਕਿ ਇਹ ਤਿੰਨ ਪ੍ਰਾਇਮਰੀ ਰੰਗਾਂ (ਲਾਲ, ਨੀਲਾ, ਪੀਲਾ) ਵਿੱਚੋਂ ਇੱਕ ਹੈ। ਇਸ ਤਰ੍ਹਾਂ ਬੱਚਿਆਂ ਨੇ ਮਿਲ-ਜੁਲ ਕੇ ਇਸ ਦਿਵਸ ਨੂੰ ਬੜੇ ਹੀ ਧੂਮ ਧਾਮ ਨਾਲ ਮਨਾਇਆ।

## ਵਿਸਾਖੀ ਨੂੰ ਸਮਰਪਤ ਵਿਸ਼ਾਲ ਧਾਰਮਿਕ ਸਮਾਗਮ



**ਮਲੋਟ (ਗੁਰਮੀਤ ਸਿੰਘ ਮੱਕੜ)**-ਵਿਸਾਖੀ ਤੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਚੱਲ ਰਹੇ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠਾਂ ਦੀ ਲੜੀ ਦੇ ਸਮਾਪਤੀ ਸਮਾਰੋਹ ਮੌਕੇ ਇੱਕ ਵਿਸ਼ਾਲ ਧਾਰਮਿਕ ਸਮਾਗਮ ਗੁਰਦੁਆਰਾ ਚਰਨ ਕਮਲ ਭੋਰਾ ਸਾਹਿਬ ਵਿਖੇ ਕਰਾਇਆ ਗਿਆ। ਇਸ ਮੌਕੇ ਮੁੱਖ ਸੇਵਾਦਾਰ ਬਾਬਾ ਬਲਜੀਤ ਸਿੰਘ ਨੇ ਦੱਸਿਆ ਕਿ ਇਸ ਵਿਸ਼ਾਲ ਧਾਰਮਿਕ ਸਮਾਗਮ ਵਿਚ ਰਾਗੀ ਢਾਡੀ ਜੱਥਿਆਂ ਵੱਲੋਂ ਰਸਭਿੰਨਾਂ ਕੀਰਤਨ ਕੀਤਾ ਗਿਆ ਹੈ ਤੇ ਇਸ ਤੋਂ ਪਹਿਲਾਂ ਵੱਡੇ ਪੱਧਰ 'ਤੇ ਮੈਡੀਕਲ ਕੈਂਪ ਪੁਸਤਕਾਂ ਦੀ ਪ੍ਰਦਰਸ਼ਨੀ ਤੇ ਹੋਰ ਧਾਰਮਿਕ ਸਮਾਗਮ ਵੀ ਕੀਤੇ ਗਏ। ਉਨ੍ਹਾਂ ਦੱਸਿਆ ਕਿ 19 ਅਪ੍ਰੈਲ ਨੂੰ ਅੰਮ੍ਰਿਤ ਸੰਚਾਰ ਹੋਵੇਗਾ, ਜਿਸ ਵਿਚ ਵੱਡੀ ਗਿਣਤੀ ਵਿੱਚ ਅੰਮ੍ਰਿਤ ਅਭਿਲਾਖੀ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਜਾਵੇਗਾ। ਧਾਰਮਿਕ ਸਮਾਗਮ ਵਿਚ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੇ ਹਾਜ਼ਰੀ ਭਰੀ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸਮਾਗਮ ਦੌਰਾਨ ਗੱਤਕਾ ਪਾਰਟੀ ਵੱਲੋਂ ਵੀ ਆਪਣੇ ਜੌਹਰ ਦਿਖਾਏ ਗਏ। ਸਮਾਗਮ ਦੇ ਅੰਤ ਵਿਚ ਸੰਗਤਾਂ ਨੂੰ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

## ਰਾਸ਼ਨ ਵੰਡ ਸਮਾਗਮ 'ਚ 74 ਮਾਵਾਂ ਨੂੰ ਦਿੱਤਾ ਰਾਸ਼ਨ



**ਲੁਧਿਆਣਾ (ਜੱਸਦੀਪ ਵੱਰਤੀਆ)**-ਸ੍ਰੀ ਮੁਕਤੇਸ਼ਵਰ ਨਿਸ਼ਕਾਮ ਸੇਵਾ ਸੁਸਾਇਟੀ ਵੱਲੋਂ 67ਵਾਂ ਰਾਸ਼ਨ ਵੰਡ ਸਮਾਗਮ ਜਵਾਹਰ ਨਗਰ ਨੇੜੇ ਨਨਕਾਣਾ ਕੰਪਲੈਕਸ ਵਿਖੇ ਕੀਤਾ ਗਿਆ, ਜਿਸ ਵਿੱਚ ਹਰ ਮਹੀਨੇ ਦੀ ਤਰ੍ਹਾਂ ਵਿਧਵਾ 74 ਮਾਤਾਵਾਂ ਨੂੰ ਰਾਸ਼ਨ ਵੰਡਿਆ ਗਿਆ। ਇਸ ਮੌਕੇ ਮੁੱਖ ਮਹਿਮਾਨ ਏ ਐਸ ਆਈ ਜਸਵੀਰ ਸਿੰਘ ਹੌਲਦਾਰ ਸੁਖਵਿੰਦਰ ਸਿੰਘ ਨੇ ਕਿਹਾ ਕਿ ਇਹ ਪੁੰਨ ਦੇ ਕੰਮ ਵਿੱਚ ਹਰ ਕਿਸੇ ਨੂੰ ਅੱਗੇ ਆ ਕੇ ਸਹਿਯੋਗ ਦੇਣਾ ਚਾਹੀਦਾ ਹੈ ਤੇ ਇਸ ਸੁਸਾਇਟੀ ਦਾ ਕੰਮ ਦੇਖ ਕੇ ਮੇਰਾ ਵੀ ਦਿਲ ਕੀਤਾ ਕਿ ਮੈਂ ਇਸ ਸੁਸਾਇਟੀ ਦਾ ਹਿੱਸਾ ਬਣਾ।ਇਸ ਮੌਕੇ ਸੁਸਾਇਟੀ ਦੇ ਚੇਅਰਮੈਨ ਨੀਲ ਕਮਲ ਸ਼ਰਮਾ ਬੋਲਦੇ ਹੋਏ ਕਿਹਾ ਕਿ ਜਿਹੜੇ ਬੱਚੇ ਇਸ ਸਾਲ ਪਾਸ ਹੋਏ ਨੇ, ਉਨ੍ਹਾਂ ਨੂੰ ਕਾਪੀਆਂ, ਪੈਨਸਲਾਂ, ਕਿਤਾਬਾਂ ਤੇ ਇੱਕ ਇੱਕ ਨਵਾਂ ਸੂਟ ਦੇ ਕੇ ਸਨਮਾਨਤ ਕੀਤਾ ਗਿਆ। ਇਹ ਹਰ ਸਾਲ ਹੀ ਜਿਹੜੇ ਸੁਸਾਇਟੀ ਦੇ ਬੀਬੀਆਂ ਨੂੰ ਅਸੀਂ ਰਾਸ਼ਨ ਦਿੰਦੇ ਹਾਂ। ਉਨ੍ਹਾਂ ਪਰਵਾਰਾਂ ਦੇ ਬੱਚਿਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਂਦਾ ਹੈ, ਜਿਹੜੇ ਕਿ ਖਾਸ ਕਰਕੇ ਚੰਗੇ ਨੰਬਰ ਲਿਆਂਦੇ ਨੇ, ਹਰ ਸਾਲ ਉਨ੍ਹਾਂ ਨੂੰ ਸਨਮਾਨਤ ਕੀਤਾ ਜਾਂਦਾ ਹੈ।101 ਬੱਚਿਆਂ ਨੂੰ ਇਸ ਮੌਕੇ ਦੇ ਸਨਮਾਨਤ ਕੀਤਾ ਗਿਆ।

## ਦਸਤਾਰ ਮੁਕਾਬਲੇ ਕਰਾਏ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਪੰਡੋਰੀ ਵਿਖੇ ਭਾਈ ਘਨੱਈਆ ਜੀ ਯੁਵਕ ਸੇਵਾਵਾਂ ਕਲੱਬ ਰਜਿ: ਪੰਡੋਰੀ ਵੱਲੋਂ ਬੱਚਿਆਂ ਨੂੰ ਸਿੱਖ ਇਤਿਹਾਸ ਨਾਲ ਜੋੜੀ ਰੱਖਣ ਤੇ ਦਸਤਾਰਾਂ ਨੂੰ ਸਿਰਾਂ 'ਤੇ ਕਾਇਮ ਰੱਖਣ ਦੇ ਮਕਸਦ ਨਾਲ 8ਵੇਂ ਦਸਤਾਰ ਮੁਕਾਬਲੇ ਕਰਾਏ ਗਏ।ਇਨ੍ਹਾਂ ਮੁਕਾਬਲਿਆਂ ਦੌਰਾਨ ਪੰਡੋਰੀ ਤੋਂ ਇਲਾਵਾ ਆਲੇ-ਦੁਆਲੇ ਦੇ ਦਰਜਨਾਂ ਪਿੰਡਾਂ ਨਾਲ ਸਬੰਧਤ ਬੱਚਿਆਂ ਨੇ ਹਿੱਸਾ ਲਿਆ।ਇਨ੍ਹਾਂ ਮੁਕਾਬਲਿਆਂ 'ਚੋਂ ਕਮਲਦੀਪ ਸਿੰਘ, ਸੁਖਰਾਜ ਸਿੰਘ ਤੇ ਚਾਹਤ ਵੀਰ ਸਿੰਘ ਨੇ ਪਹਿਲਾ, ਹਰਕੀਰਤ ਸਿੰਘ, ਰਣਜੋਤ ਸਿੰਘ ਤੇ ਪਰਦੀਪ ਸਿੰਘ ਨੇ ਦੂਜਾ ਤੇ ਜਗਦੀਪ ਨੌਜਵ ਸਿੰਘ, ਕਮਲ ਹੀਰ ਸਿੰਘ ਅਤੇ ਏਕਮਪ੍ਰੀਤ ਸਮੇਂ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ।

## ਡਾ. ਭੀਮ ਰਾਓ ਅੰਬੇਡਕਰ ਨੂੰ ਸਮਰਪਤ ਸਮਾਗਮ



**ਚੀਮਾ ਮੰਡੀ (ਰਵਿੰਦਰ ਚੀਮਾ)**-ਡਾਕਟਰ ਭੀਮ ਰਾਓ ਅੰਬੇਡਕਰ ਨੂੰ ਸਮਰਪਤ ਚੀਮਾ ਮੰਡੀ ਵਿਖੇ ਸਮਾਗਮ ਕਰਾਇਆ ਗਿਆ। ਇਸ ਸਮੇਂ ਨਗਰ ਦੇ ਸਹਿਯੋਗ ਨਾਲ ਸ਼ੋਭਾ ਯਾਤਰਾ ਵੀ ਕੱਢੀ ਗਈ। ਸਮਾਗਮ ਦੌਰਾਨ ਕੈਬਨਿਟ ਮੰਤਰੀ ਅਮਨ ਅਰੋੜਾ, ਵਿੱਕੀ ਪਰੋਚਾ ਪ੍ਰਧਾਨ ਕ੍ਰਾਂਤੀਕਾਰੀ ਚੇਤਨਾ ਮੰਚ ਪੰਜਾਬ, ਬਾਬਾ ਧਰਮਾ ਸਿੰਘ, ਡਾਕਟਰ ਭੀਮ ਸਿੰਘ ਭੂਕਲ, ਚੇਅਰਮੈਨ ਮਹਿੰਦਰ ਸਿੰਘ ਸਿੱਧੂ, ਡਾਕਟਰ ਸੁਰਜੀਤ ਸਿੰਘ, ਡਾਕਟਰ ਮੱਖਣ ਸਿੰਘ ਡਿਪਟੀ ਡਾਇਰੈਕਟਰ, ਲੈਫਟੀਨੈਂਟ ਦਰਸ਼ਨ ਸਿੰਘ, ਸ਼ੇਰ ਸਿੰਘ ਤੋਲਾਵਾਲ, ਕੁਲਦੀਪ ਸਿੰਘ 'ਆਪ' ਆਗੂ, ਪਵਿੱਤਰ ਸਿੰਘ ਹਲਕਾ ਇੰਚਾਰਜ ਬਹੁਜਨ ਸਮਾਜ ਪਾਰਟੀ ਵੱਲੋਂ ਡਾ. ਅੰਬੇਦਕਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਸਮੇਂ ਗਾਇਕ ਭੋਲਾ ਸੰਗਰਾਮੀ ਨੇ ਆਪਣਾ ਇਨਕਲਾਬੀ ਪ੍ਰੋਗਰਾਮ ਪੇਸ਼ ਕੀਤਾ ਤੇ ਗੁਰੂ ਨਾਨਕ ਲੈਬ ਚੀਮਾ ਵੱਲੋਂ ਸ਼ੂਗਰ ਨਿਰੀਖਣ ਦਾ ਫ੍ਰੀ ਕੈਂਪ ਲਾਇਆ ਗਿਆ।

## ਹਲਕਾ ਇੰਚਾਰਜ ਸਨੀ ਗਿੱਲ ਨੇ 50 ਵਾਰਡਾਂ 'ਚ ਕੀਤੀਆਂ ਨਿਯੁਕਤੀਆਂ

### ਅਕਾਲੀ ਉਮੀਦਵਾਰ ਰਾਜਵਿੰਦਰ ਸਿੰਘ ਨੂੰ ਵੱਡੀ ਲੀਡ ਨਾਲ ਜਿਤਾਵਾਂਗੇ



ਅਕਾਲੀ ਦਲ ਦੇ ਆਗੂਆਂ ਤੇ ਵਰਕਰਾਂ ਦੀ ਮੀਟਿੰਗ ਦੌਰਾਨ ਅਕਾਲੀ ਉਮੀਦਵਾਰ ਰਾਜਵਿੰਦਰ ਸਿੰਘ ਧਰਮਕੋਟ ਤੇ ਹਲਕਾ ਇੰਚਾਰਜ ਸੰਜੀਤ ਸਿੰਘ ਸਨੀ ਗਿੱਲ।

**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਮੋਗਾ ਸੰਜੀਤ ਸਿੰਘ ਸਨੀ ਗਿੱਲ ਨੇ ਸਨੀ ਟਾਵਰ ਵਿਖੇ ਲੋਕ ਸਭਾ ਚੋਣਾਂ ਨੂੰ ਲੈ ਕੇ ਆਗੂਆਂ ਤੇ ਵਰਕਰਾਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ। ਇਸ ਮੀਟਿੰਗ ਦੌਰਾਨ ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਲੰਢੇਕੇ, ਸੀਨੀਅਰ ਆਗੂ ਰਜਿੰਦਰ ਸਿੰਘ ਡੱਲਾ, ਰਾਜਵੰਤ ਸਿੰਘ ਮਾਹਲਾ, ਮਨਜੀਤ ਸਿੰਘ ਧੰਮੂ, ਦਵਿੰਦਰ ਤਿਵਾੜੀ, ਰਾਕੇਸ਼ ਸਿਤਾਰਾ, ਚਰਨਜੀਤ ਸਿੰਘ ਝੰਡੇਆਣਾ, ਜਰਨੈਲ ਸਿੰਘ ਦੁੱਨੇਕੇ, ਰਣਜੀਤ ਸਿੰਘ ਭਾਊ, ਜਗਰੂਪ ਸਿੰਘ, ਬਬਲੂ ਗਿੱਲ ਆਦਿ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਮੀਟਿੰਗ ਦੌਰਾਨ ਸੰਜੀਤ ਸਿੰਘ ਸਨੀ ਗਿੱਲ ਨੇ ਮੋਗਾ ਸ਼ਹਿਰ ਦੇ ਕਰੀਬ 50 ਵਾਰਡਾਂ ਦੀਆਂ ਬੂਥ ਪੱਧਰ 'ਤੇ ਨਿਯੁਕਤੀਆਂ ਵੀ ਕੀਤੀਆਂ। ਇਸ ਮੌਕੇ ਸੰਜੀਤ ਸਿੰਘ ਸਨੀ ਗਿੱਲ ਨੇ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਲੋਕ ਸਭਾ ਹਲਕਾ ਫਰੀਦਕੋਟ ਰਾਖਵਾਂ ਤੋਂ ਇੱਕ ਮਿਹਨਤੀ, ਪੜ੍ਹੇ ਲਿਖੇ ਨੌਜਵਾਨਾਂ ਉਮੀਦਵਾਰ ਨੂੰ ਟਿਕਟ ਨਾਲ ਸਨਮਾਨਿਆ ਹੈ ਤੇ ਉਨ੍ਹਾਂ ਦੀ ਜਿੱਤ ਯਕੀਨੀ ਬਣਾਉਣ ਲਈ ਮੋਗਾ ਸ਼ਹਿਰ ਦੇ ਵੱਖ ਵੱਖ ਵਾਰਡਾਂ ਵਿੱਚ ਜ਼ੁੰਮੇਵਾਰ ਆਗੂਆਂ ਤੇ ਵਰਕਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ, ਤਾਂ ਜੋ ਉਮੀਦਵਾਰ ਰਾਜਵਿੰਦਰ ਸਿੰਘ ਧਰਮਕੋਟ ਦੀ ਚੋਣ ਮੁਹਿੰਮ ਨੂੰ ਸੁਚਾਰੂ ਰੂਪ ਵਿੱਚ ਚਲਾਇਆ ਜਾ ਸਕੇ। ਸਨੀ ਗਿੱਲ ਨੇ ਕਿਹਾ ਕਿ ਇਸੇ ਤਰ੍ਹਾਂ ਹਲਕਾ ਮੋਗਾ ਦੇ 46 ਦੇ ਕਰੀਬ ਪਿੰਡਾਂ ਵਿੱਚ ਵੀ ਨਿਯੁਕਤੀਆਂ ਜਲਦ ਕੀਤੀਆਂ ਜਾਣਗੀਆਂ। ਇਸ ਮੌਕੇ ਪ੍ਰਿੰਸਪਾਲ ਸਿੰਘ ਅਰੋੜਾ, ਗੁਰਜੰਟ ਸਿੰਘ ਰਾਮੂਵਾਲਾ, ਦਿਲਬਾਗ ਸਿੰਘ, ਗੁਰਦੀਪ ਸਿੰਘ ਢਿੱਲੋਂ, ਕੌਂਸਲਰ ਮਤਵਾਲ ਸਿੰਘ, ਪਰਮਿੰਦਰ ਸਿੰਘ ਸਫਰੀ, ਜਸਵੀਰ ਸਿੰਘ, ਨਿਰਮਲ ਸਿੰਘ ਲੰਢੇਕੇ, ਦਵਿੰਦਰ ਸਿੰਘ ਪੀ ਏ, ਜਗਦੇਵ ਸਿੰਘ ਖਾਲਸਾ, ਹਰਬੰਸ ਸਿੰਘ, ਬਿੰਦਰ ਗਿੱਲ, ਨਸੀਬ ਸਿੰਘ ਰੱਤੂ, ਬਿੱਟੂ ਮੋਗਾ, ਪਰਮਜੀਤ ਪੰਮਾ, ਅਮਰੀਕ ਸਿੰਘ ਨੈਸਲੇ ਆਦਿ ਹਾਜ਼ਰ ਸਨ।

## ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਦੇ ਏਜੰਡੇ ਤੋਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਗਾਇਬ : ਹਰਚੰਦਪੁਰੀ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਪ੍ਰਧਾਨ ਪਵਨ ਹਰਚੰਦਪੁਰੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੂਬੇ ਵਿੱਚ ਚੱਲ ਰਹੇ ਚੋਣਾਂ ਦੇ ਦੌਰੇ ਵਿੱਚ ਪਾਰਟੀਆਂ ਸਫ਼ਲਤਾ ਪ੍ਰਾਪਤ ਕਰਨ ਲਈ ਪ੍ਰਚਾਰ ਵਿੱਚ ਰੁੱਝੀਆਂ ਹੋਈਆਂ ਹਨ, ਪਰ ਸਮੁੱਚੀਆਂ ਰਾਜਨੀਤਕ ਪਾਰਟੀਆਂ ਦੇ ਏਜੰਡੇ ਤੋਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਗਾਇਬ ਹੈ।ਉਨ੍ਹਾ ਕਿਹਾ ਕਿ ਪੰਜਾਬ ਦੀ ਅਬਾਦੀ ਦਾ ਤਵਾਜ਼ਨ ਪੰਜਾਬੀਆਂ ਦੀ ਥਾਂ ਗੈਰ-ਪੰਜਾਬੀਆਂ ਦੇ ਪੱਖ ਵਿੱਚ ਬਦਲ ਰਿਹਾ ਹੈ। ਪੰਜਾਬ ਦੇ ਨੌਜਵਾਨ ਬੱਚੇ-ਬੱਚੀਆਂ ਤੇ ਮਾਪੇ ਬਾਹਰਲੇ ਦੇਸ਼ਾਂ ਵੱਲ ਤੇਜ਼ੀ ਨਾਲ ਪ੍ਰਵਾਸ ਕਰ ਰਹੇ ਹਨ, ਜਿਨ੍ਹਾਂ ਦੁਆਰਾ ਪਾਏ ਖੱਪੇ ਨੂੰ ਗੈਰ-ਪੰਜਾਬੀ ਪ੍ਰਵਾਸੀਆਂ ਵੱਲੋਂ ਪੂਰਿਆ ਜਾ ਰਿਹਾ ਹੈ।ਉਨ੍ਹਾ ਦੱਸਿਆ ਕਿ ਕਿਸੇ ਵੀ ਰਾਜਨੀਤਕ ਪਾਰਟੀ ਦੇ ਏਜੰਡੇ 'ਤੇ ਪੰਜਾਬੀ ਮਾਂ ਬੋਲੀ ਨਹੀਂ ਹੈ।ਪੰਜਾਬੀਆਂ ਦੇ ਘਰਾਂ ਅੰਦਰ ਵੀ ਮੌਜੂਦਾ ਵਿੱਦਿਅਕ ਪ੍ਰਬੰਧ ਕਾਰਨ ਹਿੰਦੀ ਤੇ ਅੰਗਰੇਜ਼ੀ ਦਾ ਬੋਲਬਾਲਾ ਹੈ।ਪਬਲਿਕ ਸਕੂਲਾਂ ਤੇ ਨਰਸਰੀ ਸਕੂਲਾਂ ਅੰਦਰ ਹਿੰਦੀ ਤੇ ਅੰਗਰੇਜ਼ੀ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ।ਕੇਂਦਰੀ ਸਭਾ ਪੰਜਾਬੀ ਨੂੰ ਪ੍ਰਫੁੱਲਤ ਕਰਨ ਲਈ ਸਖ਼ਤ ਕਾਨੂੰਨਾਂ ਦੀ ਮੰਗ ਕਰਦੀ ਹੈ।ਉਨ੍ਹਾਂ ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਅਪੀਲ ਕੀਤੀ ਕਿ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਮੁੱਦੇ 'ਤੇ ਉਹ ਆਪਣਾ ਪੱਖ ਪੰਜਾਬੀ ਲੋਕਾਂ ਸਾਹਮਣੇ ਸਪੱਸ਼ਟ ਕਰਨ ਤੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਰਾਜਨੀਤਕ ਆਗੂਆਂ ਤੋਂ ਸਵਾਲ ਪੁੱਛਣ ਤਾਂ ਕਿ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਮੁੱਦੇ ਨੂੰ ਉਭਾਰਿਆ ਜਾ ਸਕੇ।

## ਓਲਡ ਸਟੂਡੈਂਟਸ ਮੈਂਬਰਾਂ ਨੇ ਕੀਤੀ ਮੀਟਿੰਗ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਓਲਡ ਸਟੂਡੈਂਟਸ ਐਸੋਸੀਏਸ਼ਨ ਦੇ ਮੈਂਬਰਾਂ ਦੀ ਮੀਟਿੰਗ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਵਿੱਚ ਹੋਈ, ਜਿਸ ਵਿੱਚ ਕਾਲਜ ਵਿੱਚ 29 ਅਪ੍ਰੈਲ ਨੂੰ ਯੂ ਜੀ ਸੀ ਦੀ ਨੈਕ ਟੀਮ ਦੇ ਆਉਣ ਬਾਰੇ ਚਾਨਣਾ ਪਾਇਆ ਗਿਆ।ਮੀਟਿੰਗ ਵਿੱਚ ਐਸੋਸੀਏਸ਼ਨ ਵੱਲੋਂ ਕਾਲਜ ਵਿੱਚ ਕੀਤੇ ਕੰਮਾਂ ਕਾਰਾਂ ਬਾਰੇ ਪੜਚੋਲ ਕੀਤੀ ਗਈ ਤੇ ਕੀਤੇ ਜਾ ਰਹੇ ਕੰਮਾਂ, ਜਿਨ੍ਹਾਂ ਵਿੱਚ ਓਲਡ ਸਟੂਡੈਂਟਸ ਐਸੋਸੀਏਸ਼ਨ ਦੇ ਦਫਤਰ ਦੀ ਰੈਨੋਵੇਸ਼ਨ ਬਾਰੇ ਜਾਣਕਾਰੀ ਦਿੱਤੀ ਗਈ।ਸਾਰੇ ਹਾਜ਼ਰ ਮੈਂਬਰਾਂ ਨੇ ਐਸੋਸੀਏਸ਼ਨ ਵੱਲੋਂ ਕੀਤੇ ਜਾ ਰਹੇ ਕੰਮਾਂ ਬਾਰੇ ਤਸੱਲੀ ਪ੍ਰਗਟਾਈ।ਹਾਜ਼ਰ ਮੈਂਬਰਾਂ ਨੇ ਕਾਲਜ ਦੇ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਨੂੰ ਵਿਸ਼ਵਾਸ ਦਿਵਾਇਆ ਕੇ ਨੈਕ ਟੀਮ ਨੂੰ ਮਿਲ ਕੇ ਕਾਲਜ ਵਿੱਚ ਕੀਤੇ ਕੰਮਾਂ ਬਾਰੇ ਜਾਣਕਾਰੀ ਦੇ ਕੇ ਕਾਲਜ ਨੂੰ ਇੱਕ ਨੰਬਰ ਦਾ ਕਾਲਜ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਤੋਂ ਇਲਾਵਾ ਓ ਐੱਸ ਏ ਦੇ ਪ੍ਰਧਾਨ ਐਡਵੋਕੇਟ ਹਰਦੀਪ ਸਿੰਘ ਭਰੂਰ, ਮੁੱਖ ਸਰਪ੍ਰਸਤ ਰਿਟਾਇਰਡ ਐੱਸ ਪੀ ਰੁਪਿੰਦਰ ਭਾਰਦਵਾਜ ਸੀਨੀਅਰ ਵਾਈਸ ਪ੍ਰਧਾਨ ਰਿੰਪਲ ਧਾਲੀਵਾਲ, ਵਾਈਸ ਪ੍ਰਧਾਨ ਪੰਕਜ ਡੋਗਰਾ, ਸਕੱਤਰ ਪ੍ਰੋ. ਕੁਲਦੀਪ ਸਿੰਘ, ਜਨਰਲ ਸਕੱਤਰ ਐਡਵੋਕੇਟ ਸ਼ੰਕਰ ਪੁਰੀ, ਮੁੱਖ ਬੁਲਾਰਾ ਨਰੇਸ਼ ਸ਼ਰਮਾ, ਖਜ਼ਾਨਚੀ ਪ੍ਰੋ. ਚਮਕੌਰ ਸਿੰਘ, ਪ੍ਰੋ. ਅਸ਼ਵਨੀ, ਹਰਵਿੰਦਰ ਸਿੰਘ ਗਿੱਲ, ਵਿਸ਼ਨੂ ਲਖਮੀਰਵਾਲਾ, ਨਰੇਸ਼ ਸ਼ਰਮਾ, ਅਮਨਦੀਪ ਸਿੰਘ ਲਖਮੀਰਵਾਲਾ ਆਦਿ ਹਾਜ਼ਰ ਸਨ।

## ਮਾਨ ਸਰਕਾਰ ਲੋਕ ਪੱਖੀ ਕੰਮਾਂ ਨੂੰ ਆਧਾਰ ਬਣਾ ਕੇ ਲੜੇਗੀ ਲੋਕ ਸਭਾ ਚੋਣਾਂ : ਦਈਆ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਆਮ ਆਦਮੀ ਪਾਰਟੀ ਦੇ ਐਸ ਐਸ ਵਿੰਗ ਦੇ ਹਲਕਾ ਇੰਚਾਰਜ ਸੁਰਜੀਤ ਸਿੰਘ ਦਈਆ ਨੇ ਨੇੜਲੇ ਪਿੰਡ ਲਲੋਛੀ ਵਿਖੇ 'ਆਪ' ਦੇ ਪਟਿਆਲਾ ਹਲਕੇ ਤੋਂ ਉਮੀਦਵਾਰ ਡਾ. ਬਲਬੀਰ ਸਿੰਘ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਮਾਨ ਸਰਕਾਰ ਵੱਲੋਂ ਆਪਣੇ ਦੋ ਸਾਲ ਦੇ ਕਾਰਜਕਾਲ ਦੌਰਾਨ ਕੀਤੇ ਅਨੇਕਾਂ ਲੋਕਪੱਖੀ ਕੰਮਾਂ ਨੂੰ ਆਧਾਰ ਬਣਾ ਕੇ ਹੀ ਲੋਕ ਸਭਾ ਚੋਣਾਂ ਲੜੀਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਵਿੱਚ ਮਾਨ ਸਰਕਾਰ ਵੱਲੋਂ ਕੀਤੇ ਗਏ ਲੋਕਪੱਖੀ ਕੰਮਾਂ ਦੀ ਖ਼ੂਬ ਚਰਚਾ ਹੈ ਤੇ ਬਿਜਲੀ ਪਾਣੀ ਸਿਹਤ ਤੇ ਸਿੱਖਿਆ ਦੇ ਖੇਤਰ ਵਿੱਚ ਕੀਤੇ ਇਤਿਹਾਸਕ ਕੰਮਾਂ ਕਰਕੇ ਲੋਕਾਂ ਵਿੱਚ ਭਾਰੀ ਉਤਸ਼ਾਹ ਹੈ।

ਉਨ੍ਹਾਂ ਕਿਹਾ ਕਿ ਜਦੋਂ ਤੋਂ ਪੰਜਾਬ ਦੇ ਮੁੱਖ ਮੰਤਰੀ ਵਜੋਂ ਭਗਵੰਤ ਸਿੰਘ ਮਾਨ ਨੇ ਜ਼ਿੰਮੇਵਾਰੀ ਸੰਭਾਲੀ ਹੈ, ਉਦੋਂ ਤੋਂ ਹਰ ਦਿਨ ਪੰਜਾਬ ਦੀ ਬੇਹਤਰੀ ਤਰੱਕੀ ਤੇ ਖੁਸ਼ਹਾਲੀ ਲਈ ਇਤਿਹਾਸਕ ਫੈਸਲੇ ਲਏ ਜਾ ਰਹੇ ਹਨ।ਹਰ ਘਰ ਨੂੰ 600 ਯੂਨਿਟ ਮੁਫ਼ਤ ਬਿਜਲੀ ਦੇ ਕੇ ਮਾਨ ਸਰਕਾਰ ਨੇ ਜਿਥੇ ਆਪਣਾ ਵਾਅਦਾ ਪੂਰਾ ਕੀਤਾ, ਉਥੇ ਲੱਖਾਂ ਲੋਕਾਂ ਦੇ ਘਰ ਦਾ ਜ਼ੀਰੋ ਬਿੱਲ ਆਉਣ ਕਰਕੇ ਉਨ੍ਹਾਂ ਦੀ ਆਰਥਿਕ ਮਦਦ ਵੀ ਕੀਤੀ ਹੈ।ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਹੁਣ ਤੱਕ 800 ਤੋਂ ਵੱਧ ਮੁਹੱਲਾ ਕਲੀਨਿਕ ਖੁੱਲ੍ਹ ਚੁੱਕੇ ਹਨ, ਜਿਥੇ ਦਵਾਈਆਂ ਤੇ ਟੈਸਟ ਮੁਫ਼ਤ ਕੀਤੇ ਜਾ ਰਹੇ ਹਨ।

ਤੀਜੀ ਗਰੰਟੀ ਨੂੰ ਪੂਰੀ ਕਰਦਿਆਂ ਮਾਨ ਸਰਕਾਰ ਵੱਲੋਂ ਸਰਕਾਰੀ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਵਿਸ਼ੇਸ਼ ਉਪਰਾਲੇ ਕੀਤੇ ਹਨ।ਹੁਣ ਤੱਕ ਪੰਜਾਬ ਦੇ ਹਰ ਹਲਕੇ ਵਿੱਚ ਸਕੂਲ ਆਫ਼ ਐਮੀਨੈਂਸ ਬਣਾ ਕੇ ਗ਼ਰੀਬ ਘਰਾਂ ਦੇ ਹੋਣਹਾਰ ਬੱਚਿਆਂ ਨੂੰ ਵਿਸ਼ਵ ਪੱਧਰੀ ਉੱਚ ਦਰਜੇ ਦੀ ਫਰੀ ਸਿੱਖਿਆ ਦਿੱਤੀ ਜਾ ਰਹੀ ਹੈ।ਬੇਰੁਜ਼ਗਾਰ ਨੌਜਵਾਨਾਂ ਨੂੰ ਹੁਣ ਤੱਕ 43 ਹਜ਼ਾਰ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ।ਮਾਨ ਸਰਕਾਰ ਦੀ ਇਮਾਨਦਾਰ ਨੀਤੀ ਕਾਰਨ ਹੁਣ ਆਮ ਘਰਾਂ ਦੇ ਨੌਜਵਾਨ ਜੱਜ, ਡੀ ਸੀ, ਐਸ ਐਸ ਪੀ, ਇੰਸਪੈਕਟਰ, ਤਹਿਸੀਲਦਾਰ ਤੇ ਪਟਵਾਰੀ ਆਦਿ ਮੈਰਿਟ ਦੇ ਆਧਾਰ ਉੱਤੇ ਬਿਨਾਂ ਕਿਸੇ ਨੂੰ ਕੋਈ ਰਿਸ਼ਵਤ ਦਿੱਤਿਆਂ ਲੱਗ ਰਹੇ ਹਨ।ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।ਮਾਨ ਸਰਕਾਰ ਵੱਲੋਂ ਸ਼ਹੀਦਾਂ ਦੇ ਸਨਮਾਨ ਨੂੰ ਮੁੱਖ ਰੱਖਦਿਆਂ ਹਰ ਇਕ ਸ਼ਹੀਦ ਦੇ ਪਰਵਾਰ ਨੂੰ ਇੱਕ ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਜਾ ਰਹੀ ਹੈ।ਲੱਖਾਂ ਖਿਡਾਰੀਆਂ ਨੂੰ ਖੇਡਾਂ ਵਤਨ ਪੰਜਾਬ ਦੀਆਂ ਪ੍ਰੋਗਰਾਮ ਤਹਿਤ ਕਰੋੜਾਂ ਰੁਪਏ ਦੇ ਇਨਾਮ ਵੰਡੇ ਗਏ ਹਨ ਤੇ ਲੱਖਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾ ਕੇ ਗਰਾਊਂਡ ਨਾਲ ਜੋੜਿਆ ਗਿਆ ਹੈ।

## ਲੋਕ ਸੇਵਾ ਸੁਸਾਇਟੀ ਦੇ ਜਨਰਲ ਹਾਊਸ ਦੀ ਹੋਈ ਮੀਟਿੰਗ




**ਜਗਰਾਉਂ (ਸੰਜੀਵ ਅਰੋੜਾ)**-ਜਗਰਾਉਂ ਦੀ ਸਭ ਤੋਂ ਵੱਡੀ ਸਮਾਜ ਸੇਵੀ ਸੰਸਥਾ ਲੋਕ ਸੇਵਾ ਸੁਸਾਇਟੀ ਦੀ ਜਨਰਲ ਹਾਊਸ ਦੀ ਹੋਈ ਮੀਟਿੰਗ ਵਿੱਚ ਸਮਾਜ ਸੇਵਾ ਦੇ ਕੰਮਾਂ ਦੀ ਰੂਪ ਰੇਖਾ ਉਲੀਕੀ ਗਈ। ਅਰੋੜਾ ਪ੍ਰਾਪਰਟੀ ਐਡਵਾਈਜ਼ਰ ਲਿੰਕ ਰੋਡ ਜਗਰਾਉਂ ਵਿਖੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਮਨੋਹਰ ਸਿੰਘ ਟੱਕਰ, ਸੈਕਟਰੀ ਕੁਲਭੂਸ਼ਨ ਗੁਪਤਾ ਅਤੇ ਕੈਸ਼ੀਅਰ ਸੁਨੀਲ ਬਜਾਜ ਨੇ ਮੀਟਿੰਗ ਵਿੱਚ ਜਿੱਥੇ ਸਮਾਜ ਸੇਵਾ ਦੇ ਕੰਮਾਂ ਸਬੰਧੀ ਮੈਂਬਰਾਂ ਨਾਲ ਵਿਚਾਰਾਂ ਕੀਤੀਆਂ, ਉੱਥੇ ਉਨ੍ਹਾਂ ਦੱਸਿਆ ਕਿ 22 ਤੋਂ 27 ਅਪ੍ਰੈਲ ਤੱਕ ਮੁਫਤ ਫ਼ਿਜ਼ੀਓਥਰੈਪੀ ਕੈਂਪ ਅਰੋੜਾ ਪ੍ਰਾਪਰਟੀ ਐਡਵਾਈਜ਼ਰ ਵਿਖੇ ਲਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਜਗਰਾਉਂ ਦੇ ਸਨਮਤੀ ਸਾਇੰਸ ਕਾਲਜ ਨੂੰ ਇੱਕ ਏ.ਸੀ, ਲਾਲਾ ਲਾਜਪਤ ਰਾਏ ਕੰਨਿਆ ਪਾਠਸ਼ਾਲਾ ਸਕੂਲ ਨੂੰ ਇਨਵਾਈਟਰ, 28 ਅਪ੍ਰੈਲ ਤੇ 26 ਮਈ ਨੂੰ ਅੱਖਾਂ ਦਾ ਕੈਂਪ ਡੀ.ਏ.ਵੀ. ਕਾਲਜ ਜਗਰਾਉਂ ਵਿਖੇ, 19 ਮਈ ਨੂੰ ਮੈਡੀਕਲ ਚੈੱਕਅਪ ਕੈਂਪ, ਵਰਿਆਮ ਸਿੰਘ ਮੈਮੋਰੀਅਲ ਸਕੂਲ ਦੇ ਬੱਚਿਆਂ ਨੂੰ ਡੈਸਕਾਂ ਨੂੰ ਦਿੱਤੀਆਂ ਜਾਣਗੀਆਂ। ਇਸ ਮੌਕੇ ਸੁਸਾਇਟੀ ਦੇ ਪ੍ਰੋਜੈਕਟ ਕੈਸ਼ੀਅਰ ਰਜੀਵ ਗੁਪਤਾ ਅਤੇ ਕੈਸ਼ੀਅਰ ਸੁਨੀਲ ਬਜਾਜ ਨੇ ਸੁਸਾਇਟੀ ਵੱਲੋਂ ਸ਼ਮਸ਼ਾਨਘਾਟ ਦੇ ਨਵੀਨੀਕਰਨ ਤੇ ਸੁਸਾਇਟੀ ਵੱਲੋਂ ਕਰਵਾਏ ਸਮੂਹਿਕ ਕੰਨਿਆਦਾਨ ਦੇ ਖ਼ਰਚਿਆਂ ਬਾਰੇ ਮੈਂਬਰਾਂ ਨੂੰ ਵਿਸਥਾਰ ਵਿੱਚ ਪ੍ਰਦਾਨ ਕੀਤੀ, ਜਿਸ ਨੂੰ ਸਰਬਸੰਮਤੀ ਨਾਲ ਮੈਂਬਰਾਂ ਨੇ ਪਾਸ ਕੀਤਾ। ਮੀਟਿੰਗ ਵਿੱਚ ਕਈ ਹੋਰ ਅਹਿਮ ਮੁੱਦੇ ਵੀ ਪਾਸ ਕੀਤੇ ਗਏ। ਇਸ ਮੌਕੇ ਸੀਨੀਅਰ ਵਾਈਸ ਪ੍ਰਧਾਨ ਰਜਿੰਦਰ ਜੈਨ ਕਾਕਾ, ਪ੍ਰੋਜੈਕਟ ਕੰਵਲ ਕੱਕੜ, ਪੀ.ਆਰ.ਓ. ਸੁਖਦੇਵ ਗਰਗ ਤੇ ਨੀਰਜ ਮਿੱਤਲ, ਸੰਜੀਵ ਚੋਪੜਾ, ਇਕਬਾਲ ਸਿੰਘ ਕਟਾਰੀਆ, ਆਰ ਕੇ ਗੋਇਲ, ਗੋਪਾਲ ਗੁਪਤਾ, ਅਨਿਲ ਮਲਹੋਤਰਾ, ਮੋਤੀ ਸਾਗਰ, ਪ੍ਰੇਮ ਬਾਂਸਲ, ਲਾਕੇਸ਼ ਟੰਡਨ, ਮੁਕੇਸ਼ ਗੁਪਤਾ, ਰਾਕੇਸ਼ ਸਿੰਗਲਾ, ਡਾਕਟਰ ਬੀ ਬੀ ਬਾਂਸਲ, ਮਦਨ ਲਾਲ ਅਰੋੜਾ, ਯੋਗ ਰਾਜ ਗੋਇਲ, ਮੰਗਤ ਰਾਏ ਬਾਂਸਲ, ਵਿਕਾਸ ਕਪੂਰ, ਸੰਜੇ ਬਾਂਸਲ, ਜਗਦੀਪ ਸਿੰਘ, ਪ੍ਰਵੀਨ ਮਿੱਤਲ ਤੇ ਰਿਸ਼ੀ ਸਿੰਗਲਾ ਆਦਿ ਹਾਜ਼ਰ ਸਨ।

## ਪੁਲਸ ਵੱਲੋਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਫਲੈਗ ਮਾਰਚ

### ਕਿਸੇ ਵੀ ਸ਼ਰਾਰਤੀ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ : ਭਾਗੀਰਥ ਸਿੰਘ ਮੀਨਾ



**ਮਲੋਟ (ਗੁਰਮੀਤ ਸਿੰਘ ਮੱਕੜ)**

ਸ਼੍ਰੀ ਗੌਰਵ ਯਾਦਵ ਆਈ.ਪੀ.ਐੱਸ. ਡੀ.ਜੀ.ਪੀ ਪੰਜਾਬ, ਗੁਰਸ਼ਰਨ ਸਿੰਘ ਸੰਧੂ ਆਈ.ਪੀ.ਐੱਸ, ਆਈ.ਜੀ.ਪੀ ਫਰੀਦਕੋਟ ਰੇਂਜ ਫਰੀਦਕੋਟ ਦੀਆਂ ਹਦਾਇਤਾਂ ਤਹਿਤ ਸ਼੍ਰੀ ਭਾਗੀਰਥ ਸਿੰਘ ਮੀਨਾ ਆਈ.ਪੀ.ਐੱਸ., ਐੱਸ.ਐੱਸ.ਪੀ. ਸ਼੍ਰੀ ਮੁਕਤਸਰ ਸਾਹਿਬ ਵੱਲੋਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਜ਼ਿਲ੍ਹਾ ਅੰਦਰ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ, ਜਿਸ ਤਹਿਤ ਪੁਲਸ ਦੀਆਂ ਅਲੱਗ ਅਲੱਗ ਟੁੱਕੜੀਆਂ ਬਣਾ ਕੇ ਨਾਕਾਬੰਦੀ ਕਰ ਸਰਚ ਕੀਤੀ ਜਾ ਰਹੀ ਹੈ ਤੇ ਪੀ.ਸੀ.ਆਰ. ਮੋਟਰਸਾਈਕਲ ਪੁਲਸ ਪਾਰਟੀ ਵੱਲੋਂ ਰਾਤ ਦਿਨ ਗਸ਼ਤਾਂ ਕੀਤੀਆਂ ਜਾ ਰਹੀਆਂ ਹਨ। ਇਸ ਨੂੰ ਮੁੱਖ ਰੱਖਦਿਆਂ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਦੀ ਸਬ ਡਵੀਜ਼ਨ ਮਲੋਟ, ਗਿੱਦੜਬਾਹਾ, ਲੰਬੀ ਤੇ ਸ਼੍ਰੀ ਮੁਕਤਸਰ ਸਾਹਿਬ ਵਿੱਚ ਫਲੈਗ ਮਾਰਚ ਕੱਢਿਆ ਗਿਆ। ਇਹ ਫਲੈਗ ਮਾਰਚ ਸ਼੍ਰੀ ਭਾਗੀਰਥ ਸਿੰਘ ਮੀਨਾ ਆਈ.ਪੀ.ਐੱਸ. ਐੱਸ.ਐੱਸ.ਪੀ. ਸ਼੍ਰੀ ਮੁਕਤਸਰ ਸਾਹਿਬ ਦੀ ਅਗਵਾਈ ਹੇਠ ਕੱਢਿਆ ਗਿਆ। ਇਸ ਮੌਕੇ ਸ੍ਰ. ਕੰਵਲਪ੍ਰੀਤ ਸਿੰਘ ਐੱਸ ਪੀ (ਐੱਚ), ਮਨਮੀਤ ਸਿੰਘ ਢਿੱਲੋਂ ਐੱਸ ਪੀ (ਡੀ) ਸਤਨਾਮ ਸਿੰਘ ਡੀ.ਐੱਸ.ਪੀ. (ਸ਼੍ਰੀ ਮੁਕਤਸਰ ਸਾਹਿਬ), ਜਸਬੀਰ ਸਿੰਘ ਡੀ.ਐੱਸ.ਪੀ. (ਗਿੱਦੜਬਾਹਾ), ਫਤਿਹ ਸਿੰਘ ਬਰਾੜ ਡੀ.ਐੱਸ.ਪੀ. (ਲੰਬੀ), ਸ਼੍ਰੀ ਪਵਨਜੀਤ ਡੀ.ਐੱਸ.ਪੀ. (ਮਲੋਟ) ਤੇ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਦੇ ਸਮੂਹ ਮੁੱਖ ਅਫਸਰਾਨ ਥਾਣਾ 'ਤੇ ਬੀ.ਐੱਸ.ਐੱਫ. ਪੈਰਾਮਿਲਟਰੀ ਫੋਰਸ ਸਮੇਤ 500 ਦੇ ਕਰੀਬ ਪੁਲਸ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ। ਸਬ ਡਵੀਜ਼ਨ ਮਲੋਟ ਵਿਖੇ ਫਲੈਗ ਮਾਰਚ ਡੀ.ਏ.ਵੀ. ਸਕੂਲ ਤੋਂ ਸ਼ੁਰੂ ਹੋ ਕੇ ਮੇਨ ਬਾਜ਼ਾਰ, ਇੰਦਰਾ ਰੋਡ, ਸਿਵਲ ਹਸਪਤਾਲ ਮਲੋਟ ਤੋਂ ਕੈਰੋ ਕੱਟ, ਬਠਿੰਡਾ ਚੌਕ, ਪਿੰਡ ਮਲੋਟ, ਮੱਲਵਾਲਾ, ਕਟੋਰੇਵਾਲਾ, ਜੰਡਵਾਲਾ ਚੜ੍ਹਤ ਸਿੰਘ, ਦਾਨੇਵਾਲਾ ਚੌਂਕ ਤੋਂ ਬਠਿੰਡਾ ਚੌਕ ਵਿਖੇ ਸਮਾਪਤ ਹੋਇਆ। ਇਸ ਮੌਕੇ ਸ਼੍ਰੀ ਭਾਗੀਰਥ ਸਿੰਘ ਮੀਨਾ ਆਈ.ਪੀ.ਐੱਸ, ਐੱਸ.ਐੱਸ.ਪੀ. ਸ਼੍ਰੀ ਮੁਕਤਸਰ ਸਾਹਿਬ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਲੋਕਾਂ ਅੰਦਰ ਸਦਭਾਵਨਾ ਬਣਾਈ ਰੱਖਣ ਦੇ ਲਈ ਜ਼ਿਲ੍ਹੇ ਦੀਆਂ ਸਬ ਡਵੀਜ਼ਨਾਂ ਅੰਦਰ ਫਲੈਗ ਮਾਰਚ ਕੱਢਿਆ ਗਿਆ। ਇਸ ਦੇ ਨਾਲ ਹੀ ਪੁਲਸ ਦੀਆਂ ਅਲੱਗ ਅਲੱਗ ਟੁਕੜੀਆਂ ਵੱਲੋਂ ਗਸ਼ਤ-ਵਾ ਚੈਕਿੰਗ ਵੀ ਕੀਤੀ ਜਾ ਰਹੀ ਹੈ ਤੇ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ।

## ਸ਼ਿਵਿਕਾ ਹੰਸ ਨੇ ਯੂ ਪੀ ਐੱਸ ਸੀ ਦੀ ਪ੍ਰੀਖਿਆ ਕੀਤੀ ਪਾਸ



**ਰਾਜਪੁਰਾ (ਰਮੇਸ਼ ਕਟਾਰੀਆ)**-ਰਾਜਪੁਰਾ ਦੀ ਬੇਟੀ ਸ਼ਿਵਿਕਾ ਹੰਸ, ਜਿਨ੍ਹਾਂ ਨੇ ਯੂ ਪੀ ਐੱਸ ਸੀ ਦੀ ਪ੍ਰੀਖਿਆ ਪਾਸ ਕਰ ਆਪਣੇ ਸ਼ਹਿਰ ਦਾ ਨਾਮ ਰੌਸ਼ਨ ਕੀਤਾ ਹੈ।ਇਸ ਮੌਕੇ ਰਾਜਪੁਰਾ ਤੋਂ ਭਾਰਤੀ ਜਨਤਾ ਪਾਰਟੀ ਤੋਂ ਹਲਕਾ ਇੰਚਾਰਜ ਜਗਦੀਸ਼ ਕੁਮਾਰ ਜੱਗਾ ਆਪਣੇ ਸਾਥੀਆਂ ਨਾਲ ਮੁਬਾਰਕ ਦੇਣ ਉਨ੍ਹਾ ਦੇ ਘਰ ਪਹੁੰਚੇ।ਇਸ ਮੌਕੇ ਉਨ੍ਹਾ ਨਾਲ ਜਨਰਲ ਸੈਕਟਰੀ ਪ੍ਰਦੀਪ ਨੰਦਾ, ਜਨਰਲ ਸੈਕਟਰੀ ਰੁਪਿੰਦਰ ਰੂਬੀ, ਮੰਡਲ ਪ੍ਰਧਾਨ ਸ਼ੇਖਰ ਚੌਧਰੀ, ਐਡਵੋਕੇਟ ਇਕਬਾਲ ਸਿੰਘ, ਸ਼ਾਂਤੀ ਸਪਰਾ ਤੇ ਡਾਕਟਰ ਨੰਦ ਲਾਲ ਮੌਜੂਦ ਰਹੇ।


**ਉੱਤਰ ਰੇਲਵੇ**

**ਟੈਂਡਰ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਮੁੱਖ ਚਿਕਿਤਸਾ ਸੁਪਰੀਡੈਂਟ ਉੱਤਰ ਰੇਲਵੇ ਫ਼ਿਰੋਜ਼ਪੁਰ ਦੁਵਾਰਾ ਨਿਰਧਾਰਿਤ ਪ੍ਰੋਫੋਰਮੇ ਉਤੇ ਹੇਠਾ ਲਿਖੇ ਕੰਮ ਦੇ ਲਈ ਟੈਂਡਰਾ ਮੰਗ ਕੀਤੀ ਜਾਂ ਰਹੀ ਹੈ

| | |
|---|---|
| ਕੰਮ ਦਾ ਵੇਰਵਾ | ਮੰਡਲ ਹਸਪਤਾਲ ਫ਼ਿਰੋਜ਼ਪੁਰ (ਪੰਜਾਬ) ਵਿਚ ਦਵਾਵਾਂ ਅਤੇ ਹੋਰ ਹਸਪਤਾਲ ਵਸਤੂਆਂ ਦੀ ਸਥਾਨੀਯ ਖਰੀਦ ਦੇ ਲਈ ਆਪੂਰਤੀਕਰਤਾ ਦਾ ਪੰਜੀਕਰਣ |
| ਅਵੱਧੀ | ਕੰਮ ਸ਼ੁਰੂ ਹੋਣ ਤੋਂ ਦੋ ਸਾਲ ਤਕ |
| ਅਨੁਮਾਨਿਤ ਲਾਗਤ | ਰੁ: 57 ਲੱਖ |
| ਬਿਆਨਾ ਰਾਸ਼ੀ | ਰੁ: 1,14,000 |
| ਟੈਂਡਰ ਨੂੰ ਆਈਆਰਈਪੀਐਸ ਪੋਰਟਲ ਉਤੇ ਅਪਲੋਡ ਕਰਨ ਦੇ ਲਈ ਆਖਰੀ ਮਿਤੀ ਤੇ ਸਮਾਂ | ਮਿਤੀ 16.05.24 ਨੂੰ 17.00 ਵਜੇ ਤਕ |
| ਟੈਂਡਰ ਖੁਲਣ ਦੀ ਮਿਤੀ ਤੇ ਸਮਾਂ | ਮਿਤੀ 17.05.24 ਨੂੰ 11.00 ਵਜੇ ਤਕ |

ਪੱਤਰ ਨੰਬਰ: 43-ਮੇਡ/ਆਪੂਰਤੀਕਰਤਾ ਪੰਜੀਕਰਣ/ਫ਼ਿਰੋਜ਼ਪੁਰ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 1179/24



**ਉਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਨਿਵਿਦਾ ਸੂਚਨਾ ਨੰ. 433-ਸਿਗ- ਟੀ-03-24-25 ਮਿਤੀ: 19.04.2024

ਬੰਦ ਹੋਣ ਦੀ ਮਿਤੀ/ਸਮਾਂ 10.05.2024 15:00 ਵਜੇ

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉਤਰ ਰੇਲਵੇ, ਫਿਰੋਜਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ/ਟੀ-03/24-25 ਈ ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 10.05.2024 ਨੂੰ 15:00 ਵਜੇ ਤਕ ਵੈਬਸਾਈਟ https://www.ireps.gov.in'ਤੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂੰਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂੰਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ। ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।

ਐਨ.ਆਈ.ਟੀ:

| | | | |
|---|---|---|---|
| ਕੰਮ ਦਾ ਨਾਮ | ਫਿਰੋਜ਼ਪੁਰ ਡਵੀਜਨ ਦੇ ਸਮਲੋਟੀ-ਜੋਗਿੰਦਰ ਨਗਰ ਸੈਕਸ਼ਨ (60 ਕਿਲੋਮੀਟਰ) ਵਿਚ [illegible] | | |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 10.05.2024 15:00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 17.04.2024 17:06 |
| ਅੰਦਾਜਨ ਲਾਗਤ | 24801259.98 | ਬਿਡਿੰਗ ਸ਼ੁਰੂ ਦੀ ਮਿਤੀ | 26.04.2024 |
| ਬਿਆਨਾ ਰਾਸ਼ੀ (ਰੁ) | 274000.00 | ਕੰਮ ਪੂਰਾ ਕਰਨ ਦਾ ਸਮਾਂ | 09 ਮਹੀਨੇ |

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 1171/24



**AXIS BANK LTD.**

ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

[illegible]

ਮਿਤੀ : 20-04-2024

ਸਥਾਨ : ਲੁਧਿਆਣਾ

ਅਧਿਕਾਰਤ ਅਧਿਕਾਰੀ ਐਕਸਿਸ ਬੈਂਕ ਲਿਮਟਿਡ


## ਮਿਸ਼ਨ ਡਾਇਰੈਕਟਰ ਨੇ ਸਿਵਲ ਸਰਜਨਾਂ ਨਾਲ ਕੀਤੀ ਵਰਚੁਅਲ ਮੀਟਿੰਗ

**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਮਿਸ਼ਨ ਡਾਇਰੈਕਟਰ ਐਨ.ਐਚ.ਐਮ. ਸ੍ਰੀ ਅਭਿਨਵ ਤ੍ਰਿਖਾ (ਆਈ.ਏ.ਐਸ) ਨੇ ਸੂਬੇ ਦੇ ਸਮੂਹ ਸਿਵਲ ਸਰਜਨਾਂ ਨਾਲ ਵੀਡੀਓ ਕਾਨਫਰੰਸ ਕਰਕੇ ਸਿਹਤ ਸੇਵਾਵਾਂ ਦਾ ਜਾਇਜ਼ਾ ਲਿਆ। ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਨੇ ਇਸ ਸਬੰਧੀ ਮਿਸ਼ਨ ਡਾਇਰੈਕਟਰ ਨੂੰ ਜਾਣਕਾਰੀ ਦਿੰਦੇ ਹੋਏ ਜ਼ਿਲ੍ਹੇ ਦੇ ਸਾਰੇ ਪ੍ਰੋਗਰਾਮਾਂ ਦੀ ਪ੍ਰਗਤੀ ਰਿਪੋਰਟ ਤੇ ਵੱਖ-ਵੱਖ ਪ੍ਰੋਗਰਾਮਾਂ ਲਈ ਆਏ ਫੰਡਾਂ ਦੇ ਖਰਚ ਦੇ ਸਟੇਟਸ ਬਾਰੇ ਜਾਣੂ ਕਰਾਇਆ। ਸਿਵਲ ਸਰਜਨ ਨੇ ਦੱਸਿਆ ਕਿ ਮਿਸ਼ਨ ਡਾਇਰੈਕਟਰ ਨੇ ਸਿਹਤ ਵਿਭਾਗ ਵੱਲੋਂ ਚਲਾਏ ਜਾ ਰਹੇ ਸਾਰੇ ਪ੍ਰੋਗਰਾਮਾਂ ਦੀ ਸਮੀਖਿਆ ਕੀਤੀ ਤੇ ਲੋੜੀਦੀਆਂ ਹਦਾਇਤਾਂ ਜਾਰੀ ਕੀਤੀਆਂ।ਉਨ੍ਹਾਂ ਦੱਸਿਆ ਕਿ ਮੀਟਿੰਗ ਵਿਚ ਸੂਬਾ ਪੱਧਰ ਤੋਂ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਨੂੰ ਦਿੱਤੇ ਗਏ ਟੀਚਿਆਂ ਨੂੰ 31 ਮਾਰਚ ਤੱਕ ਪੂਰਾ ਕਰਨ ਦੀ ਹਦਾਇਤ ਵੀ ਕੀਤੀ। ਉਨ੍ਹਾਂ ਦੱਸਿਆ ਕਿ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਆਮ ਲੋਕਾਂ ਨੂੰ ਸਿਹਤ ਸਬੰਧੀ ਪ੍ਰੋਗਰਾਮਾਂ ਬਾਰੇ ਜਾਗਰੂਕ ਕੀਤਾ ਜਾਵੇਗਾ, ਜਿਸਦਾ ਆਮ ਲੋਕਾਂ ਨੂੰ ਵੱਡਾ ਫ਼ਾਇਦਾ ਹੋਵੇਗਾ, ਕਿਉਂਕਿ ਇਸ ਨਾਲ ਕੋਈ ਵੀ ਵਿਅਕਤੀ ਆਪਣੀ ਸਿਹਤ ਸਬੰਧੀ ਜਾਗਰੂਕ ਹੋ ਕੇ ਕਿਸੇ ਵੀ ਬਿਮਾਰੀ ਪ੍ਰਤੀ ਅਗਾਊ ਸਤਰਕ ਹੋ ਕੇ ਆਪਣਾ ਬਚਾਅ ਕਰ ਸਕਦਾ ਹੈ ਅਤੇ ਲੋੜ ਪੈਣ ਤੇ ਸਿਹਤ ਵਿਭਾਗ ਦੀਆਂ ਸੁਝਾਈਆਂ ਗਈਆਂ ਸਕੀਮਾਂ ਦਾ ਵੀ ਫਾਇਦਾ ਉਠਾ ਸਕਦਾ ਹੈ। ਉਹਨਾਂ ਦੱਸਿਆ ਕਿ ਵਿਭਾਗ ਵੱਲੋਂ ਆਏ ਫੰਡਾਂ ਦੀ ਵਰਤੋਂ ਕਰਨ, ਗੈਰ ਹਾਜਰ ਚਲ ਰਹੇ ਸਟਾਫ਼ ਦੀ ਥਾਂ ਨਵਾਂ ਸਟਾਫ਼ ਰੱਖਣ ਦੇ ਉਪਰਾਲੇ ਕਰਨ, ਵਿਭਾਗ ਦੇ ਕੰਮ ਨੂੰ ਪੋਰਟਲ ਤੇ ਆਨਲਾਈਨ ਕਰਨ ਆਦਿ ਸਬੰਧੀ ਵੀ ਉੱਚ ਅਧਿਕਾਰੀਆਂ ਵੱਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਉਹਨਾਂ ਕਿਹਾ ਕਿ ਉੱਚ ਅਧਿਕਾਰੀਆਂ ਵੱਲੋਂ ਮਿਲੀਆਂ ਹਦਾਇਤਾਂ ਦੀ ਇਨ-ਬਿੰਨ ਪਾਲਣਾ ਕੀਤੀ ਜਾਵੇਗੀ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਸਵਪਨਜੀਤ ਕੌਰ, ਡਿਪਟੀ ਮੈਡੀਕਲ ਕਮਿਸਨਰ ਡਾਕਟਰ ਸਰਿਤਾ, ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਦਲਜੀਤ ਕੌਰ, ਸੀਨੀਅਰ ਮੈਡੀਕਲ ਅਫ਼ਸਰ ਡਾ. ਬਲਕਾਰ ਸਿੰਘ, ਜ਼ਿਲ੍ਹਾ ਸਿਹਤ ਅਫ਼ਸਰ ਜਗਜੀਤ ਸਿੰਘ, ਡੀ.ਪੀ.ਐਮ. ਕਸੀਤਿਜ ਸੀਮਾ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਬਲਜਿੰਦਰ ਸਿੰਘ, ਮਹਾਂਵੀਰ ਸਿੰਘ, ਵਿੱਕੀ ਵਰਮਾ ਤੇ ਮੁਨੀਸ਼ ਕੁਮਾਰ ਆਦਿ ਹਾਜ਼ਰ ਸਨ।

## ਕਿੰਡਰ ਗਾਰਟਨ ਦਾ ਨਤੀਜਾ ਸ਼ਾਨਦਾਰ



**ਸਮਰਾਲਾ (ਸੁਰਜੀਤ ਸਿੰਘ)**-ਹਰ ਸਾਲ ਦੀ ਤਰ੍ਹਾਂ ਕਿੰਡਰ ਗਾਰਟਨ ਐਂਡ ਸੀਨੀ: ਸੈਕੰ: ਸਕੂਲ ਦਾ ਦਸਵੀਂ ਦਾ ਨਤੀਜਾ ਸ਼ਾਨਦਾਰ ਰਿਹਾ। ਸੈਸ਼ਨ 2023-24 ਲਈ 86 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ, ਜਿਨ੍ਹਾਂ ਵਿੱਚੋਂ ਸਾਰੇ ਵਿਦਿਆਰਥੀ ਬਹੁਤ ਵਧੀਆ ਅੰਕ ਪ੍ਰਾਪਤ ਕਰਕੇ ਪਾਸ ਹੋਏ।ਮਹਿਕਪ੍ਰੀਤ ਕੌਰ ਨੇ 650 ਵਿੱਚੋਂ 612 ਅੰਕ (94.1%) ਲੈ ਕੇ ਆਪਣੀ ਜਮਾਤ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ, ਸੁਖਮਨੀ ਨੇ 610 ਅੰਕ (93.8%) ਲੈ ਕੇ ਜਮਾਤ ਵਿੱਚੋਂ ਦੂਜਾ ਸਥਾਨ ਹਾਸਿਲ ਕੀਤਾ। ਧਰੀਤੀ ਸ਼ਰਮਾ ਨੇ 593 ਅੰਕ (91%) ਲੈ ਕੇ ਤੀਜਾ ਸਥਾਨ ਹਾਸਲ ਕੀਤਾ।ਬਾਕੀ ਸਾਰੇ ਵਿਦਿਆਰਥੀਆਂ ਨੇ ਪਹਿਲੀ ਪੁਜੀਸ਼ਨ ਹਾਸਲ ਕਰਕੇ ਆਪਣੇ ਮਾਤਾ-ਪਿਤਾ ਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ।ਸਕੂਲ ਦੇ ਡਾਇਰੈਕਟਰ ਸਰਬਜੀਤ ਕੌਰ, ਪ੍ਰਿੰਸੀਪਲ ਰਣਜੋਤ ਕੌਰ ਨੇ ਬੱਚਿਆਂ, ਉਨ੍ਹਾਂ ਦੇ ਮਾਪਿਆਂ ਤੇ ਅਧਿਆਪਕਾਂ ਨੂੰ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਸਾਨੂੰ ਇਨ੍ਹਾਂ ਬੱਚਿਆਂ 'ਤੇ ਮਾਣ ਹੈ ਤੇ ਅਸੀਂ ਉਮੀਦ ਕਰਦੇ ਹਾਂ ਕਿ ਇਹ ਬੱਚੇ ਭਵਿੱਖ ਵਿੱਚ ਹੋਰ ਵੱਧ ਮਿਹਨਤ ਕਰਕੇ ਅਗਲੀਆਂ ਪ੍ਰੀਖਿਆਵਾਂ 'ਚ ਵੱਧ ਤੋਂ ਵੱਧ ਅੰਕ ਪ੍ਰਾਪਤ ਕਰਨ।

## ਸੀ ਆਰ ਏ 295/19 ਵਾਲੇ ਸਹਾਇਕ ਲਾਈਨਮੈਨਾਂ ਦੀ ਤਨਖਾਹ ਹੋਵੇਗੀ ਜਾਰੀ



**ਪਟਿਆਲਾ (ਨ ਜ਼ ਸ)**-ਬਿਜਲੀ ਕਾਮਿਆਂ ਦੀਆਂ ਪ੍ਰਮੁੱਖ ਜਥੇਬੰਦੀਆਂ 'ਤੇ ਆਧਾਰਿਤ ਧਿਰਾਂ ਪੀਐੱਸਈਬੀ ਇੰਪਲਾਈਜ਼ ਜੁਆਇੰਟ ਫੋਰਮ ਅਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦਾ ਵਫਦ ਅੱਜ ਪਾਵਰਕਾਮ ਦੇ ਸੀਐੱਮਡੀ ਇੰਜ. ਬਲਦੇਵ ਸਿੰਘ ਸਰਾਂ ਨੂੰ ਸੀਆਰਏ 295/19 ਰਾਹੀਂ ਭਰਤੀ ਸਹਾਇਕ ਲਾਈਨਮੈਨਾਂ ਦੀ ਮਾਣਯੋਗ ਅਦਾਲਤ ਦੇ ਹੁਕਮਾਂ ਅਨੁਸਾਰ ਬਣਦੇ ਸੇਵਾ ਲਾਭ/ਤਨਖਾਹ ਜਾਰੀ ਕਰਨ ਲਈ ਮਿਲਿਆ।ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਆਗੂਆਂ ਨੇ ਦੱਸਿਆ ਕਿ ਪਾਵਰ ਕਾਰਪੋਰੇਸ਼ਨ ਦੇ ਚੇਅਰਮੈਨ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਅਦਾਲਤੀ ਹੁਕਮਾਂ ਅਨੁਸਾਰ ਇਸੇ ਮਹੀਨੇ ਸੀਆਰਏ 295/19 ਰਾਹੀਂ ਭਰਤੀ ਸਹਾਇਕ ਲਾਈਨਮੈਨਾਂ ਦੀ ਬਣਦੀ ਤਨਖਾਹ ਜਾਰੀ ਕਰ ਦਿੱਤੀ ਜਾਵੇਗੀ।ਆਗੂਆਂ ਵੱਲੋਂ ਵੱਖ ਵੱਖ ਐੱਸਡੀਐੱਮ ਸਾਹਿਬਾਨ/ਬੀਡੀਪੀਓ ਸਾਹਿਬਾਨ ਵੱਲੋਂ ਕਣਕ ਦੀ ਨਾੜ ਨੂੰ ਅੱਗ ਲਾਉਣ ਤੋਂ ਰੋਕਣ ਲਈ ਬਿਜਲੀ ਨਿਗਮ ਦੇ ਤਕਨੀਕੀ ਕਾਮਿਆਂ ਦੀ ਲਗਾਈ ਜਾ ਰਹੀ ਡਿਊਟੀ ਦਾ ਮਸਲਾ ਵੀ ਉਠਾਇਆ ਗਿਆ।ਜਥੇਬੰਦੀਆਂ ਦਾ ਪੱਖ ਸੁਣਨ ਉਪਰੰਤ ਚੇਅਰਮੈਨ ਪਾਵਰਕਾਮ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਮਾਮਲੇ ਦਾ ਤੁਰੰਤ ਹੱਲ ਕਰਵਾਉਣ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣਗੀਆਂ।ਵਫਦ ਵਿੱਚ ਮੁਲਾਜ਼ਮ ਆਗੂ ਹਰਪਾਲ ਸਿੰਘ, ਸੁਰਿੰਦਰ ਪਾਲ ਲਾਹੌਰੀਆ, ਕੁਲਵਿੰਦਰ ਸਿੰਘ ਢਿੱਲੋਂ, ਬੀ. ਐੱਸ. ਸੇਖੋਂ, ਜਰਨੈਲ ਸਿੰਘ, ਸਰਬਜੀਤ ਸਿੰਘ ਭਾਣਾ, ਦਵਿੰਦਰ ਸਿੰਘ ਪਿਸ਼ੌਰ, ਕੌਰ ਸਿੰਘ ਸੋਹੀ, ਜਗਜੀਤ ਸਿੰਘ ਕੋਟਲੀ, ਬਲਜੀਤ ਸਿੰਘ ਮੋਦਲਾ, ਰਘਵੀਰ ਸਿੰਘ ਆਦਿ ਵੀ ਸ਼ਾਮਿਲ ਸਨ।

## ਬਾਬਾ ਫਰੀਦ ਪਬਲਿਕ ਸਕੂਲ ਵਿਖੇ ਕਰਵਾਏ ਸੁਖਮਨੀ ਸਾਹਿਬ ਦੇ ਪਾਠ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)**

ਗੁਰੂ ਮਹਾਰਾਜ ਜੀ ਦਾ ਓਟ ਆਸਰਾ ਲੈਂਦੇ ਹੋਏ ਨਵੇਂ ਸੈਸ਼ਨ ਦੇ ਆਗਾਜ਼ ਲਈ ਬਾਬਾ ਫਰੀਦ ਪਬਲਿਕ ਸਕੂਲ ਦੇ ਗੁਰਦੁਆਰਾ ਸਾਹਿਬ ਵਿਖੇ ਟਰਾਂਸਪੋਰਟ ਇੰਚਾਰਜ ਰਣਜੀਤ ਸਿੰਘ ਤੇ ਟਰਾਂਸਪੋਰਟ ਵਿਭਾਗ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ। ਇਸ ਮੌਕੇ ਧਾਰਮਿਕ ਤੇ ਵਿੱਦਿਅਕ ਸੰਸਥਾਵਾਂ ਦੇ ਚੇਅਰਮੈਨ ਸ੍ਰ. ਸਿਮਰਜੀਤ ਸਿੰਘ ਸੇਖੋਂ, ਪ੍ਰਬੰਧਕ ਡਾ. ਗੁਰਿੰਦਰ ਮੋਹਨ ਸਿੰਘ, ਸਮੂਹ ਕਮੇਟੀ ਮੈਂਬਰ, ਵਾਈਸ ਪ੍ਰਿੰਸੀਪਲ ਸ੍ਰੀਮਤੀ ਹਰਸਿਮਰਨਜੀਤ ਕੌਰ, ਕੋਆਰਡੀਨੇਟਰ ਤੇ ਅਧਿਆਪਕ ਸਾਹਿਬਾਨ ਹਾਜ਼ਰ ਸਨ। ਅਰਦਾਸ ਉਪਰੰਤ ਹੁਕਮਨਾਮਾ ਅਦਾਰੇ ਦੀ ਵਾਈਸ ਪ੍ਰਿੰਸੀਪਲ ਸ੍ਰੀਮਤੀ ਹਰਸਿਮਰਨਜੀਤ ਕੌਰ ਨੇ ਲਿਆ। ਵੈਨ ਡਰਾਈਵਰਾਂ ਦੁਆਰਾ ਅਦਾਰੇ ਦੇ ਚੇਅਰਮੈਨ ਸ੍ਰ. ਸਿਮਰਜੀਤ ਸਿੰਘ ਸੇਖੋਂ, ਪ੍ਰਬੰਧਕ ਡਾ. ਗੁਰਿੰਦਰ ਮੋਹਨ, ਸਮੂਹ ਕਮੇਟੀ ਮੈਂਬਰ ਸਾਹਿਬਾਨਾਂ ਤੇ ਵਾਈਸ ਪ੍ਰਿੰਸੀਪਲ ਹਰਸਿਮਰਨਜੀਤ ਕੌਰ ਨੂੰ ਸਿਰੋਪਾ ਦੇ ਕੇ ਸਨਮਾਨਤ ਕੀਤਾ ਗਿਆ। ਟਰਾਂਸਪੋਰਟ ਵਿਭਾਗ ਦੇ ਕੁਝ ਮੈਂਬਰਾਂ ਨੂੰ ਵੀ ਅਦਾਰੇ ਦੇ ਚੇਅਰਮੈਨ ਤੇ ਪ੍ਰਬੰਧਕ ਦੁਆਰਾ ਸਿਰੋਪਾ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਅਦਾਰੇ ਦੇ ਚੇਅਰਮੈਨ ਨੇ ਟਰਾਂਸਪੋਰਟ ਵਿਭਾਗ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਕਿਹਾ ਕਿ ਮੇਰੀ ਬਾਬਾ ਫਰੀਦ ਜੀ ਅੱਗੇ ਇਹੀ ਅਰਦਾਸ ਹੈ ਕਿ ਬਾਬਾ ਫਰੀਦ ਸੰਸਥਾਵਾਂ ਹਮੇਸ਼ਾ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕਰਦੀਆਂ ਰਹਿਣ।



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

# ਸੈਂਕੜੇ ਮਨਰੇਗਾ ਕਾਮਿਆਂ ਵੱਲੋਂ ਬੀ ਡੀ ਪੀ ਓ ਦਫਤਰ ਅੱਗੇ ਰੋਸ ਧਰਨਾ

## ਸੌ ਦਿਨਾਂ ਦੀ ਥਾਂ ਪੂਰਾ ਸਾਲ ਕੰਮ ਤੇ ਦਿਹਾੜੀ 700 ਰੁਪਏ ਕਰਨ ਦੀ ਮੰਗ ਦੁਹਰਾਈ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਦਿਹਾਤੀ ਮਜ਼ਦੂਰ ਸਭਾ ਦੀ ਅਗਵਾਈ 'ਚ ਮਜ਼ਦੂਰਾਂ ਵੱਲੋਂ ਮਨਰੇਗਾ ਸਕੀਮ ਵਿੱਚ ਪਿਛਲੇ ਸਾਲ ਦੇ ਬਕਾਏ ਤੇ ਪਿੰਡਾਂ ਦੇ ਵਿਕਾਸ ਵਿੱਚ ਪਾਈਆਂ ਜਾ ਰਹੀ ਪੱਖਪਾਤੀ ਖਾਮੀਆ ਦੂਰ ਕਰਵਾਉਣ ਲਈ, ਬੀਡੀਪੀਓ ਅਜਨਾਲਾ ਦੇ ਦਫਤਰ ਸਾਹਮਣੇ ਸੈਂਕੜੇ ਮਜ਼ਦੂਰਾਂ, ਮਨਰੇਗਾ ਕੰਮਕਾਜੀ ਔਰਤਾਂ, ਨੌਜਵਾਨਾਂ ਤੇ ਪੀੜਤ ਲੋਕਾਂ ਨੇ ਰੋਹ ਭਰਿਆ ਧਰਨਾ ਦਿੱਤਾ! ਧਰਨੇ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਪ੍ਰਧਾਨ ਸੁਰਜੀਤ ਸਿੰਘ ਦੁਧਰਾਏ ਨੇ ਕਿਹਾ ਕਿ ਪਹਿਲਾਂ ਹੀ ਮਨਰੇਗਾ ਦੀ ਦਿਹਾੜੀ ਬਹੁਤ ਘੱਟ ਹੈ ਤੇ ਮਜ਼ਦੂਰਾਂ ਨੂੰ ਕੰਮ ਵੀ ਸਿਰਫ 100 ਦਿਨਾਂ ਦਾ ਹੀ ਮਿਲ ਰਿਹਾ ਹੈ, ਉਪਰੋਂ ਕੰਮ ਦੇ ਪੈਸੇ ਕਈਆਂ ਪਿੰਡਾਂ ਵਿੱਚ ਪਿਛਲੇ ਸਾਲ ਦੇ ਵੀ ਅਜੇ ਤੱਕ ਨਹੀਂ ਮਿਲੇ ਜਿਸ ਕਾਰਨ ਮਜ਼ਦੂਰਾਂ ਵਿੱਚ ਡਾਢਾ ਗੁੱਸਾ ਪਾਇਆ ਜਾ ਰਿਹਾ ਹੈ! ਉਨ੍ਹਾਂ ਮੰਗ ਕੀਤੀ ਕਿ ਮਨਰੇਗਾ ਸਕੀਮ 'ਚ 100 ਦਿਨਾਂ ਬਜਾਏ ਸਾਰਾ ਸਾਲ ਕੰਮ ਦਿੱਤਾ ਜਾਵੇ ਅਤੇ ਦਿਹਾੜੀ 700 ਰੁਪਏ ਕੀਤੀ ਜਾਵੇ ਤਾਂ ਜੋ ਪਿੰਡਾਂ ਵਿੱਚੋਂ ਬੇਰੁਜ਼ਗਾਰੀ ਨੂੰ ਕੁੱਝ ਹੱਦ ਤੱਕ ਠੱਲ੍ਹ ਪੈ ਸਕੇ ਅਤੇ ਪਿੰਡਾਂ ਦੇ ਵਿਕਾਸ ਦੇ ਕੰਮ ਵੀ ਪੂਰੇ ਹੋ ਸਕਣ! ਇਸ ਸਮੇਂ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੀਨੀਅਰ ਆਗੂ ਜੱਗਾ ਸਿੰਘ ਡੱਲਾ ਤੇ ਸਤਵਿੰਦਰ ਸਿੰਘ ਓਠੀਆਂ ਨੇ ਧਰਨੇ 'ਚ ਬੋਲਦਿਆਂ ਦੱਸਿਆ ਕਿ ਸਾਡੇ ਇਲਾਕੇ ਦੇ ਨੌਜਵਾਨ ਪਿੰਡਾਂ ਦਾ ਵਿਕਾਸ ਚਾਹੁੰਦੇ ਹਨ ਤੇ ਉਨ੍ਹਾਂ ਦੀ ਮੰਗ ਹੈ ਕਿ ਪਿੰਡਾਂ ਦੇ ਛੱਪੜਾਂ ਜਿਵੇਂ



ਡੱਲਾ ਰਾਜਪੂਤਾਂ ਦੇ ਛੱਪੜ ਦੇ ਪਾਣੀ ਦਾ ਨਿਕਾਸ ਕੀਤਾ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਪਿੰਡਾਂ ਵਿੱਚ ਜਿਹੜੀਆਂ ਗਰਾਂਟਾਂ ਆਉਂਦੀਆ ਹਨ ਉਨ੍ਹਾਂ ਦੇ ਖਰਚਿਆਂ ਦਾ ਵੇਰਵਾ ਜਨਤਕ ਕੀਤਾ ਜਾਵੇ! ਧਰਨੇ 'ਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸੰਯੁਕਤ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂ ਡਾ. ਸਤਨਾਮ ਸਿੰਘ ਅਜਨਾਲਾ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਚਾਇਤਾਂ ਸਾਡੇ ਦੇਸ਼ ਦੇ ਵਿਕਾਸ ਦਾ ਮੁੱਢਲਾ ਧੁਰਾ ਹਨ। ਸੂਬੇ ਦੀ ਸਰਕਾਰ ਨੂੰ ਬਗੈਰ ਕਿਸੇ ਪੱਖਪਾਤ ਤੋਂ ਪੰਚਾਇਤਾਂ ਨੂੰ ਕੰਮ ਕਰਨ ਦੇਣਾ ਚਾਹੀਦਾ ਹੈ ਅਤੇ ਪਿੰਡਾਂ ਨੂੰ ਗਰਾਂਟਾਂ ਦੇਣ ਸਮੇਂ ਰਾਜਸੀ ਦਖਲ ਨਹੀਂ ਹੋਣਾ ਚਾਹੀਦਾ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਕੋਈ ਲੋੜਵੰਦ ਮਨਰੇਗਾ ਸਕੀਮ ਲਈ ਸਰਪੰਚ ਨੂੰ ਦਰਖਾਸਤ ਦਿੰਦਾ ਹੈ ਤਾਂ ਉਸ ਨੂੰ 15 ਦਿਨਾਂ ਦੇ ਵਿੱਚ ਕੰਮ ਦੇਣ ਦੀ ਹਦਾਇਤ ਹੈ! ਡਾ. ਅਜਨਾਲਾ ਨੇ ਪਿੰਡਾਂ ਦੇ ਯੋਗ ਵਿਕਾਸ ਲਈ ਹਰ 6 ਮਹੀਨੇ ਸੌਣੀ-ਹਾੜ੍ਹੀ ਬਾਅਦ ਪਿੰਡ ਦਾ ਜਨਰਲ ਇਜਲਾਸ ਸੱਦ ਕੇ ਪਿੰਡ ਦੇ ਵਿਕਾਸ ਦੀ ਨੀਤੀ ਬਣਾਉਣ ਚਾਹੀਦੀ ਹੈ। ਅਜਿਹਾ ਨਹੀਂ ਹੋ ਰਿਹਾ ਅਤੇ ਬੀਡੀਪੀਓ ਵੀ ਇਸ ਵਿੱਚ ਬਣਦਾ ਰੋਲ ਅਦਾ ਨਹੀਂ ਕਰਦੇ! ਬੀਡੀਪੀਓ ਅਜਨਾਲਾ ਨੇ ਧਰਨੇ 'ਚ ਪਹੁੰਚ ਕੇ ਮੰਗ ਪੱਤਰ ਲਿਆ ਅਤੇ ਵਿਸ਼ਵਾਸ ਦਿਵਾਇਆ ਕਿ ਤੁਹਾਡੀਆਂ ਇਹ ਜਾਇਜ਼ ਮੰਗਾਂ ਜਲਦੀ ਪੂਰੀਆਂ ਕੀਤੀਆਂ ਜਾਣਗੀਆਂ। 22 ਅਪ੍ਰੈਲ ਨੂੰ ਵਫਦ ਨੂੰ ਬੀਡੀਓ ਨੇ ਆਪਣੇ ਦਫਤਰ ਵਿੱਚ ਬੁਲਾਵਾ ਵੀ ਦੇ ਦਿੱਤਾ! ਇਸ ਸਮੇਂ ਭਰਾਤਰੀ ਜਥੇਬੰਦੀ ਔਰਤ ਮੁਕਤੀ ਮੋਰਚਾ ਦੀ ਪ੍ਰਧਾਨ ਅਜੀਤ ਕੌਰ ਕੋਟਰਜ਼ਾਦਾ ਨੇ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਅਤੇ ਸਮਾਜ ਵੀ ਅਜੇ ਔਰਤਾਂ ਨੂੰ ਬਰਾਬਰ ਦਾ ਦਰਜਾ ਨਹੀਂ ਦੇ ਰਹੇ! ਮਜ਼ਦੂਰਾਂ ਦੇ ਆਗੂ ਗੁਰਨਾਮ ਸਿੰਘ ਉਮਰਪੁਰਾ ਨੇ ਵੀ ਮਨਰੇਗਾ ਸਕੀਮ ਨੂੰ ਵਿਆਪਕ ਬਣਾਉਣ 'ਤੇ ਜ਼ੋਰ ਦਿੱਤਾ! ਹੋਰਨਾਂ ਤੋਂ ਇਲਾਵਾ ਰਜਿੰਦਰ ਸਿੰਘ ਭਲਾ ਪਿੰਡ, ਸ਼ਮਸ਼ੇਰ ਸਿੰਘ ਡੱਲਾ, ਦਲਜੀਤ ਕੌਰ ਮੋਹਨ ਭੰਡਾਰੀਆਂ, ਸਾਬਕਾ ਸਰਪੰਚ ਸੁਖਦੇਵ ਸਿੰਘ ਮੁਜ਼ੱਫਰਪੁਰ, ਗਾਇਕ ਗੁਰਪਾਲ ਗਿੱਲ ਸੈਦਪੁਰ, ਬਲਕਾਰ ਸਿੰਘ ਤੇ ਜੱਗਪ੍ਰੀਤ ਸਿੰਘ ਜੋਸ, ਪਲਵਿੰਦਰ ਸਿੰਘ ਰਿਆੜ, ਜੰਗ ਬਹਾਦਰ ਸਿੰਘ ਮੱਟੀਆਂ, ਜਸਵਿੰਦਰ ਸਿੰਘ ਮੋਹਨਭੰਡਾਰੀਆਂ,ਚਰਨ ਸਿੰਘ ਭਿੰਡੀ ਔਲਖ, ਕਰਨੈਲ ਸਿੰਘ ਤੇ ਸੁਖਰਾਜ ਸਿੰਘ ਭੋਏਵਾਲੀ ਆਦਿ ਵੀ ਧਰਨੇ ਵਿੱਚ ਸ਼ਾਮਲ ਸਨ!

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ 100 ਫੀਸਦੀ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਦਾ ਦਸਵੀਂ ਜਮਾਤ ਦਾ ਨਤੀਜਾ 100 ਫੀਸਦੀ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਨੇ ਦੱਸਿਆ ਕਿ ਸਕੂਲ ਦੇ 83 ਫੀਸਦੀ ਵਿਦਿਆਰਥੀ 60 ਫੀਸਦੀ ਤੋਂ ਵੱਧ ਅੰਕ ਲੈ ਕੇ ਪਾਸ ਹੋਏ ਹਨ।ਸਕੂਲ ਦੇ ਵਿਦਿਆਰਥੀ ਕੋਹੇਨੂਰ ਸਿੰਘ ਨੇ 88 ਫੀਸਦੀ, ਨਿਡਾ ਨੇ 86 ਫੀਸਦੀ ਅਤੇ ਪ੍ਰਭਲੀਨ ਕੌਰ ਨੇ 84 ਫੀਸਦੀ, ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਸਰਾ ਸਥਾਨ ਹਾਸਲ ਕੀਤਾ ਹੈ।ਅੱਵਲ ਆਉਣ ਵਾਲੇ ਵਿਦਿਆਰਥੀਆਂ ਨੂੰ ਪ੍ਰਿੰ. ਤੇ ਸਮੂਹ ਸਟਾਫ ਵੱਲੋਂ ਮੁਬਾਰਕਬਾਦ ਦਿੱਤੀ ਗਈ ।ਇਸ ਮੌਕੇ ਪ੍ਰਿੰ. ਡਾ. ਸੁਨੀਤਾ ਕੌਸ਼ਲ ਨੇ ਕਿਹਾ ਕਿ ਅਧਿਆਪਕਾਂ ਦੀ ਸਖਤ ਮਿਹਨਤ ਤੇ ਮਾਪਿਆਂ ਵੱਲੋਂ ਦਿੱਤੇ ਭਰਪੂਰ ਸਹਿਯੋਗ ਸਦਕਾ ਸਕੂਲ ਦੇ ਵਿਦਿਆਰਥੀ ਕਾਰਗੁਜ਼ਾਰੀ ਦਿਖਾਉਣ 'ਚ ਕਾਮਯਾਬ ਹੋਏ ਹਨ।ਇਸ ਮੌਕੇ ਦਸਵੀਂ ਇੰਚਾਰਜ ਨੀਰੂ ਭੰਡਾਰੀ ਸਮੇਤ ਸਮੂਹ ਸਟਾਫ ਹਾਜ਼ਰ ਸੀ।

# ਆਸ਼ਾ ਵਰਕਰ ਯੂਨੀਅਨ ਵੱਲੋਂ ਜ਼ਿਲ੍ਹਾ ਪੱਧਰੀ ਰੋਸ ਪ੍ਰਦਰਸ਼ਨ ਕਰਨ ਦਾ ਫ਼ੈਸਲਾ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਆਸ਼ਾ ਵਰਕਰਜ਼ ਫੈਸਿਲੀਟੇਟਰਜ਼ ਯੂਨੀਅਨ ਪੰਜਾਬ ਦੀ ਆਨਲਾਈਨ ਮੀਟਿੰਗ ਪਰਮਜੀਤ ਕੌਰ ਮਾਨ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਸ਼ਕੁੰਤਲਾ ਸਰੋਏ, ਸੂਬਾਈ ਆਗੂ ਕਰਮਜੀਤ ਕੌਰ ਮੁਕਤਸਰ, ਬਲਵਿੰਦਰ ਕੌਰ ਅਲੀਸ਼ੇਰ, ਗੁਰਮਿੰਦਰ ਕੌਰ ਗੁਰਦਾਸਪੁਰ, ਗੁਰਜੀਤ ਕੌਰ ਸ਼ਾਹਕੋਟ, ਸੁਖਬੀਰ ਕੌਰ ਫਰੀਦਕੋਟ, ਪਰਮਜੀਤ ਕੌਰ ਮੁੱਦਕੀ, ਰਜਨੀ ਘਰਟਾ, ਇੰਦੂ ਬਾਲਾ ਸਰਬਜੀਤ ਕੌਰ ਹੁਸ਼ਿਆਰਪੁਰ, ਜ਼ਿਲ੍ਹਾ ਤਰਨ ਤਾਰਨ ਦੀ ਪ੍ਰਧਾਨ ਰਜਿੰਦਰ ਕੌਰ ਨੇ ਕਿਹਾ ਕਿ 19 ਅਪ੍ਰੈਲ ਨੂੰ ਤਰਨ ਤਾਰਨ ਸਿਵਲ ਸਰਜਨ ਦੇ ਦਫ਼ਤਰ ਵਿਖੇ ਵਿਸ਼ਾਲ ਰੈਲੀ ਕਰਨ ਤੇ ਸਿਵਲ ਸਰਜਨ ਅਤੇ ਹਲਕਾ ਐੱਮਐੱਲਏ ਨੂੰ ਮੰਗ ਪੱਤਰ ਦੇ ਕੇ ਪੰਜਾਬ ਸਰਕਾਰ ਦਾ ਵਰਕਰਾਂ ਵਿਰੋਧੀ ਚਿਹਰੇ ਨੂੰ ਨੰਗਾ ਕੀਤਾ ਜਾਵੇਗਾ।ਆਗੂਆਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਵੱਲੋਂ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਵਿਰੋਧੀ ਪੱਤਰ ਵਾਪਸ ਨਾ ਲਿਆ ਤਾਂ ਸੰਘਰਸ਼ ਨੂੰ ਤਿੱਖਾ ਕੀਤਾ ਜਾਵੇਗਾ।ਉਨ੍ਹਾਂ ਮੰਗ ਕੀਤੀ ਕਿ ਵਰਕਰਾਂ ਦੀ ਸੇਵਾਮੁਕਤੀ ਉਮਰ 65 ਸਾਲ ਕੀਤੀ ਜਾਵੇ, ਸੇਵਾ ਮੁਕਤੀ ਮੌਕੇ ਦਸ ਹਜ਼ਾਰ ਰੁਪਏ ਪੈਨਸ਼ਨ ਲਗਾਈ ਜਾਵੇ।ਇਸ ਮੌਕੇ ਵੀਰਪਾਲ ਕੌਰ, ਬਲਵਿੰਦਰ ਕੌਰ, ਕਿਰਨਦੀਪ ਕੌਰ, ਹਰਜਿੰਦਰ ਕੌਰ ਤਰਨ ਤਾਰਨ ਤੋਂ ਇਲਾਵਾ ਡੀਐੱਮਐੱਫ ਦੇ ਸੂਬਾ ਪ੍ਰਧਾਨ ਜਰਮਨਜੀਤ ਸਿੰਘ, ਵਿੱਤ ਸਕੱਤਰ ਹਰਿੰਦਰ ਦੁਸਾਂਝ ਨੇ ਸ਼ਮੂਲੀਅਤ ਕੀਤੀ। ਮੀਟਿੰਗ ਵਿੱਚ ਫੈਸਲਾ



ਕੀਤਾ ਗਿਆ ਕਿ ਪੰਜਾਬ ਸਰਕਾਰ ਵੱਲੋਂ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਦੀ ਸੇਵਾ ਮੁਕਤੀ ਦੀ ਉਮਰ 58 ਸਾਲ ਕਰਨ, ਵਰਕਰਾਂ ਦੀ ਮਹਿਕਮੇ ਵਿਚ ਕੀਤੀ ਲੰਮੀ ਸੇਵਾ ਨੂੰ ਅਣਗੌਲਿਆਂ ਕਰਕੇ ਖਾਲੀ ਹੱਥ ਘਰ ਤੋਰਨ ਦੇ ਵਿਰੋਧ ਵਿੱਚ ਪੰਜਾਬ ਭਰ ਵਿਚ ਵਿਰੋਧ ਕੀਤਾ ਜਾਵੇਗਾ! ਵਰਕਰਾਂ ਨੂੰ ਪੰਜ ਲੱਖ ਗਰੈਚੁਟੀ ਦਿੱਤੀ ਜਾਵੇ। ਇਸ ਤੋਂ ਬਾਅਦ ਹਰ ਮਹੀਨੇ 10 ਹਜ਼ਾਰ ਰੁਪਏ ਪੈਨਸ਼ਨ ਦਿੱਤੀ ਜਾਵੇ, ਹਰ ਵਰਕਰ ਨੂੰ ਸੇਵਾ ਮੁਕਤ ਕਰਨ ਉਪਰੰਤ ਉਸ ਦੇ ਪਰਿਵਾਰਕ ਮੈਂਬਰ ਦੀ ਪਹਿਲ ਦੇ ਆਧਾਰ ਤੇ ਉਸ ਦੀ ਜਗ੍ਹਾ ਨਿਯੁਕਤੀ ਕੀਤੀ ਜਾਵੇ।

# ਕੁਝ ਨਿੱਜੀ ਸਕੂਲਾਂ ਦੀਆਂ ਬੱਸਾਂ ਸ਼ਰੇਆਮ ਉਡਾ ਰਹੀਆਂ ਟ੍ਰੈਫਿਕ ਨਿਯਮਾਂ ਦੀਆਂ ਧੱਜੀਆਂ

**ਗੁਰਦਾਸਪੁਰ, (ਜਨਕ ਮਹਾਜਨ)**

ਪਿਛਲੇ ਦਿਨੀਂ ਹਰਿਆਣਾ ਦੇ ਮਹਿੰਦਰਗੜ੍ਹ ਵਿਖੇ ਸਕੂਲੀ ਬੱਸ ਦੇ ਦੁਰਘਟਨਾ ਗ੍ਰਸਤ ਹੋਣ 'ਤੇ 6 ਬੱਚਿਆਂ ਦੀ ਮੌਤ ਤੇ 25 ਦੇ ਕਰੀਬ ਵਿਦਿਆਰਥੀਆਂ ਦੇ ਜ਼ਖਮੀ ਹੋਣ 'ਤੇ ਪੰਜਾਬ ਸਰਕਾਰ ਵੀ ਹਰਕਤ ਵਿਚ ਆਈ ਹੈ ਅਤੇ ਇਸ ਸਬੰਧੀ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਨੂੰ ਹਰ ਸਕੂਲ ਬੱਸ ਦੀ ਚੈਕਿੰਗ ਕਰਨ ਦੇ ਆਦੇਸ਼ ਦਿੱਤੇ ਹਨ। ਇਸ ਦੌਰਾਨ ਸਕੂਲੀ ਬੱਸਾਂ ਵਿਚ ਕਮੀਆਂ ਪਾਈਆਂ ਜਾਣ 'ਤੇ ਇਨ੍ਹਾਂ ਦੇ ਚਲਾਨ ਕਰਨ ਦੇ ਹੁਕਮ ਵੀ ਜਾਰੀ ਹੋਏ ਹਨ ਅਤੇ ਜ਼ਰੂਰੀ ਸਮਝਣ 'ਤੇ ਬੱਸ ਨੂੰ ਬਾਊਂਡ ਵੀ ਕੀਤਾ ਜਾ ਸਕਦਾ ਹੈ। ਇਸ ਸਭ ਕੁਝ ਦੇ ਬਾਵਜੂਦ ਜ਼ਿਆਦਾਤਰ ਸਕੂਲੀ ਬੱਸਾਂ ਨਿਯਮਾਂ ਨੂੰ ਛਿੱਕੇ ਟੰਗ ਕੇ ਚਲਾਈਆਂ ਜਾ ਰਹੀਆਂ ਹਨ ਜਿਸ ਕਾਰਨ ਆਏ ਦਿਨ ਕੋਈ ਨਾ ਕੋਈ ਹਾਦਸਾ ਹੋਣ ਦੀ ਖ਼ਬਰ ਮਿਲਦੀ ਰਹਿੰਦੀ ਹੈ, ਕਿਤੇ ਬੱਸ ਦੀ ਬ੍ਰੇਕ ਫੇਲ੍ਹ ਹੋਣ 'ਤੇ ਕਿੱਤੇ ਬੱਸ ਤੇਜ਼ ਰਫ਼ਤਾਰੀ ਕਾਰਨ ਪਲਟਣ ਦੀ ਸੂਚਨਾ ਮਿਲਦੀ ਰਹਿੰਦੀ ਹੈ। ਜੇਕਰ ਗੱਲ ਕਰੀਏ ਗੁਰਦਾਸਪੁਰ-ਮੁਕੇਰੀਆਂ ਸੜਕ 'ਤੇ ਪੈਂਦੇ ਕਸਬਾ ਪੁਰਾਣਾ ਸ਼ਾਲਾ ਦੇ ਆਲੇ-ਦੁਆਲੇ ਦੀ ਤਾਂ ਕੁਝ ਨਿੱਜੀ ਸਕੂਲੀ ਬੱਸਾਂ ਬੱਚਿਆਂ ਨੂੰ ਸਕੂਲ ਲਿਆਉਣ ਤੇ ਛੱਡਣ ਲਈ ਚੱਲ ਰਹੀਆਂ ਹਨ ਜਿਨ੍ਹਾਂ ਵਿਚੋਂ ਕਾਫ਼ੀ ਬੱਸਾਂ ਨਿਯਮਾਂ ਦੀ ਉਲੰਘਣਾ ਕਰਕੇ ਚੱਲ ਰਹੀਆਂ ਹਨ ਜਿਨ੍ਹਾਂ ਦੀ ਚੈਕਿੰਗ ਕਰਨਾ ਬੇਹੱਦ ਜ਼ਰੂਰੀ ਹੈ ਅਤੇ ਉਲੰਘਣਾ ਕਰਨ ਵਾਲੀ ਬੱਸ ਦੇ ਖ਼ਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ। ਜਦੋਂ ਇਨ੍ਹਾਂ ਬੱਸਾਂ ਦੀ ਚੈਕਿੰਗ ਬਾਰੇ ਥਾਣਾ ਮੁਖੀ ਪੁਰਾਣਾ ਸ਼ਾਲਾ ਹਰਪਾਲ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਉਹ ਜਲਦੀ ਹੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਇਲਾਕੇ ਅੰਦਰ ਪੈਂਦੇ ਸਕੂਲਾਂ ਦੀਆਂ ਬੱਸਾਂ ਦੀ ਚੈਕਿੰਗ ਕਰਕੇ ਕਾਨੂੰਨ ਦੀ ਉਲੰਘਣਾ ਕਰਨ ਵਾਲੀਆਂ ਸਕੂਲੀ ਬੱਸਾਂ ਦਾ ਚਾਲਾਨ ਕਰਨਗੇ ਤਾਂ ਜੋ ਕੋਈ ਸਣਸੁਖਾਵੀਂ ਘਟਨਾ ਨਾ ਵਾਪਰ ਸਕੇ।



# ਦਸਤਾਰ ਤੇ ਦੁਮਾਲਾ ਮੁਕਾਬਲਿਆਂ 'ਚ ਸ਼ਾਨਦਾਰ ਮੱਲਾਂ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਬਾਬਾ ਜਗਤਾਰ ਸਿੰਘ ਅਤੇ ਬਾਬਾ ਮਹਿੰਦਰ ਸਿੰਘ ਦੀ ਰਹਿਨੁਮਾਈ ਅਤੇ ਪ੍ਰਿੰ. ਮੈਡਮ ਜਸਪਾਲ ਕੌਰ ਸਿੱਧੂ ਦੀ ਅਗਵਾਈ ਹੇਠ ਚਲ ਰਹੀ ਇਲਾਕੇ ਦੀ ਸਿਰਮੌਰ ਸੰਸਥਾ ਗੁਰੂ ਨਾਨਕ ਦੇਵ ਅਕੈਡਮੀ, ਪਿੰਡ ਨੂਰਦੀ ਝਬਾਲ ਰੋਡ, ਜ਼ਿਲ੍ਹਾ ਤਰਨ ਤਾਰਨ ਦੇ ਹੋਣਹਾਰ ਵਿਦਿਆਰਥੀਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨ ਗੁਰਦੁਆਰਾ ਅਗਾੜਾ ਪਿਛਾੜਾ ਸਾਹਿਬ ਪਿੰਡ ਜੀਓਬਾਲਾ ਵਿਖੇ ਸੁੰਦਰ ਦਸਤਾਰ, ਦੁਮਾਲਾ ਅਤੇ ਸੁੰਦਰ ਲਿਖਾਈ ਮੁਕਾਬਲਿਆਂ ਵਿੱਚ ਹਿੱਸਾ ਲਿਆ ਜਿਨ੍ਹਾਂ ਵਿੱਚ ਗੁਰੂ ਨਾਨਕ ਦੇਵ ਅਕੈਡਮੀ ਦੇ ਵਿਦਿਆਰਥੀਆਂ ਨੇ ਸੀਨੀਅਰ ਅਤੇ ਜੂਨੀਅਰ ਵਰਗ ਵਿੱਚ ਲੜਕੇ ਅਤੇ ਲੜਕੀਆਂ ਨੇ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕਰਦੇ ਹੋਏ ਅੱਠ ਸ਼ੀਲਡਾਂ ਅਤੇ ਮੈਡਲ ਪ੍ਰਾਪਤ ਕੀਤੇ। ਇਸ ਮੌਕੇ ਸਕੂਲ ਦੇ ਪ੍ਰਿੰ. ਜਸਪਾਲ ਕੌਰ ਸਿੱਧੂ ਨੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਅਤੇ ਸਕੂਲ ਦੇ ਵਿਦਿਆਰਥੀਆਂ ਨੂੰ ਦਸਤਾਰ ਸਜਾਉਣ ਲਈ ਪ੍ਰੇਰਿਤ ਕੀਤਾ।

# ਐਡਵੋਕੇਟ ਧਾਮੀ ਨੇ ਪਿੰਡ ਚੀਮਾ ਪੋਤਾ 'ਚ ਹੋਈ ਬੇਅਦਬੀ ਦੀ ਕੀਤੀ ਸਖ਼ਤ ਨਿੰਦਾ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਚੀਮਾ ਪੋਤਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਬੇਅਦਬੀ ਦੀ ਘਟਨਾ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਇਸ ਘਟਨਾ ਦੇ ਦੋਸ਼ੀ ਕਿਸੇ ਵੀ ਕੀਮਤ 'ਤੇ ਬਖ਼ਸ਼ੇ ਨਹੀਂ ਜਾਣੇ ਚਾਹੀਦੇ। ਉਨ੍ਹਾਂ ਕਿਹਾ ਕਿ ਇਸ ਘਟਨਾ ਦਾ ਪਤਾ ਲੱਗਦਿਆਂ ਹੀ ਸ਼੍ਰੋਮਣੀ ਕਮੇਟੀ ਵੱਲੋਂ ਮੌਕੇ 'ਤੇ ਪਹੁੰਚ ਕੇ ਗੁਰਦੁਆਰਾ ਸ੍ਰੀ ਗਰਨਾ ਸਾਹਿਬ ਦੇ ਮੈਨੇਜਰ ਅਵਤਾਰ ਸਿੰਘ ਅਤੇ ਪ੍ਰਚਾਰਕ ਭਾਈ ਕਲਿਆਨ ਸਿੰਘ ਰਾਹੀਂ ਜਾਂਚ ਰਿਪੋਰਟ ਮੰਗੀ ਗਈ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕਿ ਪਿੰਡ ਵਾਸੀਆਂ ਵੱਲੋਂ ਮੁਕੇਰੀਆਂ ਪੁਲਸ ਥਾਣੇ ਵਿਚ ਪਰਚਾ ਦਰਜ ਕਰਵਾ ਦਿੱਤਾ ਗਿਆ ਹੈ ਪਰ ਸ਼੍ਰੋਮਣੀ ਕਮੇਟੀ ਇਸ ਵਿਚ ਹਰ ਪੱਧਰ ਉਤੇ ਸੰਗਤ ਨੂੰ ਸਹਿਯੋਗ ਦੇਵੇਗੀ ਤਾਂ ਜੋ ਦੋਸ਼ੀਆਂ ਵਿਰੁੱਧ ਕਾਰਵਾਈ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਕਿਹਾ ਕਿ ਪੁਲਸ ਪ੍ਰਸ਼ਾਸਨ ਦੀ ਜ਼ੁੰਮੇਵਾਰੀ ਬਣਦੀ ਹੈ ਕਿ ਉਹ ਦੋਸ਼ੀਆਂ ਦੀ ਭਾਲ ਕਰੇ ਅਤੇ ਜੇਕਰ ਕਿਸੇ ਤਰ੍ਹਾਂ ਦੀ ਢਿੱਲ ਵਰਤੀ ਗਈ ਤਾਂ ਸੰਗਤ ਦੇ ਰੋਸ ਅਤੇ ਰੋਹ ਦੀ ਜ਼ੁੰਮੇਵਾਰੀ ਸਰਕਾਰ ਦੀ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਘਟਨਾ ਪਿੱਛੇ ਕੰਮ ਕਰਦੀਆਂ ਤਾਕਤਾਂ ਨੂੰ ਵੀ ਨਸ਼ਰ ਕੀਤਾ ਜਾਣਾ ਚਾਹੀਦਾ ਹੈ। ਐਡਵੋਕੇਟ ਧਾਮੀ ਨੇ ਆਖਿਆ ਕਿ ਪੰਜਾਬ ਅੰਦਰ ਬੇਅਦਬੀ ਦੀਆਂ ਘਟਨਾਵਾਂ ਦੇ ਮਾਮਲੇ ਲਗਾਤਾਰ ਵਾਪਰ ਰਹੇ ਹਨ, ਪਰ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਕਰਕੇ ਦੋਸ਼ੀ ਬਚ ਨਿਕਲਦੇ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਅੱਜ ਵਾਲੀ ਘਟਨਾ ਨੇ ਇਕ ਵਾਰ ਫਿਰ ਸਿੱਖਾਂ ਨੇ ਨਾਲ-ਨਾਲ ਹਰ ਸੰਜੀਦਾ ਮਨੁੱਖ ਝੰਜੋੜਿਆ ਹੈ। ਐਡਵੋਕੇਟ ਧਾਮੀ ਨੇ ਮੰਗ ਕੀਤੀ ਕਿ ਬੇਅਦਬੀਆਂ ਦੇ ਮਾਮਲੇ ਵਿਚ ਸਖ਼ਤ ਸਜ਼ਾਵਾਂ ਦਾ ਪ੍ਰਬੰਧ ਬੇਹੱਦ ਲਾਜ਼ਮੀ ਹੋਵੇ ਅਤੇ ਅਜਿਹੇ ਮਾਮਲਿਆਂ ਵਿਚ ਤੇਜ਼ੀ ਨਾਲ ਅਦਾਲਤੀ ਸੁਣਵਾਈ ਯਕੀਨੀ ਬਣੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸੰਗਤ ਨੂੰ ਵੀ ਅਪੀਲ ਕੀਤੀ ਕਿ ਗੁਰਦੁਆਰਾ ਸਾਹਿਬਾਨ ਅੰਦਰ ਸੀ ਸੀ ਟੀ ਵੀ ਕੈਮਰੇ ਰਾਹੀਂ ਨਿਗਰਾਨੀ ਅਤੇ ਸੁਰੱਖਿਆ ਦੇ ਪੁਖਤਾ ਇਤਜ਼ਾਮ ਕਰਨ ਅਤੇ ਪਹਿਰੇਦਾਰੀ ਲਈ ਹਰ ਸਮੇਂ ਸੇਵਾਦਾਰ ਗੁਰਦੁਆਰਾ ਸਾਹਿਬਾਨ 'ਚ ਹਾਜ਼ਰ ਰਹਿਣ।

# ਦੋ ਨੌਜਵਾਨਾਂ ਨੂੰ ਨਸ਼ੇ ਸਮੇਤ ਕੀਤਾ ਗ੍ਰਿਫਤਾਰ

**ਗੁਰਦਾਸਪੁਰ, (ਜਨਕ ਮਹਾਜਨ)**-ਜ਼ਿਲ੍ਹਾ ਪੁਲਿਸ ਮੁਖੀ ਗੁਰਦਾਸਪੁਰ ਸ੍ਰੀ ਦਯਾਮਾ ਹਰੀਸ਼ ਦੇ ਦਿਸ਼ਾ ਨਿਰਦੇਸ਼ਾਂ 'ਤੇ ਨਸ਼ਾ ਤਸਕਰਾਂ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਥਾਣਾ ਸਿਟੀ ਦੇ ਸਬ ਇੰਸਪੈਕਟਰ ਸੁਸ਼ੀਲ ਕੁਮਾਰ ਨੇ ਸਮੇਤ ਪੁਲਿਸ ਪਾਰਟੀ ਦਾਣਾ ਮੰਡੀ ਗੁਰਦਾਸਪੁਰ ਵਿਖੇ ਗਸ਼ਤ ਦੌਰਾਨ ਸਕੂਟਰੀ ਨੰਬਰ ਪੀ.ਬੀ. 06 ਏ.ਯੂ. 2236 'ਤੇ ਸਵਾਰ ਨੌਜਵਾਨਾਂ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਇਨ੍ਹਾਂ ਨੌਜਵਾਨਾਂ ਪਾਸੋਂ ਦੋ ਸਰਿੰਜ਼ਾਂ ਨਸ਼ਿਆਂ ਨਾਲ ਭਰੀਆਂ, ਇਕ ਇਲੈਕਟ੍ਰੋਨਿਕ ਕੰਡਾ ਅਤੇ 12 ਹਜ਼ਾਰ ਰੁਪਏ ਦੀ ਡਰੱਗ ਮਨੀ ਬਰਾਮਦ ਹੋਈ। ਇਨ੍ਹਾਂ ਕਥਿਤ ਦੋਸ਼ੀਆਂ ਦੀ ਪਹਿਚਾਣ ਰਾਹੁਲ ਮਸੀਹ ਪੁੱਤਰ ਯੋਧਾ ਮਸੀਹ ਵਾਸੀ ਗੋਹਤ ਪੋਕਰ ਅਤੇ ਸੁਖਕਰਨ ਅਮਨ ਪੁੱਤਰ ਸੁਸ਼ੀਲ ਕੁਮਾਰ ਵਾਸੀ ਜੱਟੂਵਾਲ ਵਜੋਂ ਹੋਈ ਹੈ। ਥਾਣਾ ਪੁਰਾਣਾ ਸ਼ਾਲਾ ਪੁਲਿਸ ਨੇ ਇਨ੍ਹਾਂ ਨੌਜਵਾਨਾਂ ਖ਼ਿਲਾਫ਼ ਜ਼ੇਰੇ ਧਾਰਾ ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲਾ ਦਰਜ ਕਰਕੇ ਇਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸੇ ਤਰ੍ਹਾਂ ਥਾਣਾ ਦੋਰਾਂਗਲਾ ਦੇ ਏ.ਐਸ.ਆਈ. ਲੇਖ ਰਾਜ ਨੇ ਪੁਲਿਸ ਪਾਰਟੀ ਸਮੇਤ ਮੁੱਖਬਰ ਦੀ ਇਤਲਾਹ 'ਤੇ ਕਥਿਤ ਦੋਸ਼ੀ ਸੁਰਿੰਦਰ ਕੁਮਾਰ ਕਾਕਾ ਪੁੱਤਰ ਬਾਵਾ ਰਾਮ ਵਾਸੀ ਗਾਹਲੜੀ ਦੇ ਘਰ ਰੇਡ ਕਰਕੇ ਉਸ ਨੂੰ 6750 ਐਮ.ਐਲ. ਨਜਾਇਜ ਸ਼ਰਾਬ ਸਮੇਤ ਕਾਬੂ ਕੀਤਾ ਹੈ। ਥਾਣਾ ਬਹਿਰਾਮਪੁਰ ਦੇ ਏ.ਐਸ.ਆਈ. ਕਰਨੈਲ ਸਿੰਘ ਨੇ ਪੁਲਿਸ ਪਾਰਟੀ ਸਮੇਤ ਮੁੱਖਬਰ ਖਾਸ ਦੀ ਇਤਲਾਹ 'ਤੇ ਇਕ ਦੋਸ਼ਣ ਔਰਤ ਵਾਸੀ ਸਾਂਸੀਆਂ ਮੁਹੱਲਾ ਬਹਿਰਾਮਪੁਰ ਦੇ ਘਰ ਰੇਡ ਕਰਕੇ ਦੋਸ਼ਣ ਔਰਤ ਨੂੰ 7500 ਐਮ.ਐਲ. ਨਜਾਇਜ ਸ਼ਰਾਬ ਸਮੇਤ ਕਾਬੂ ਕੀਤਾ ਹੈ। ਥਾਣਾ ਕਲਾਨੌਰ ਦੇ ਏ.ਐਸ.ਆਈ. ਸੁਲੱਖਣ ਸਿੰਘ ਨੇ ਪੁਲਿਸ ਪਾਰਟੀ ਨਾਲ ਮੁੱਖਬਰ ਦੀ ਇਤਲਾਹ 'ਤੇ ਅਮਨ ਚੰਦ ਪੁੱਤਰ ਤਰਸੇਮ ਚੰਦ ਵਾਸੀ ਚੋੜਾ ਖੁਰਦ ਦੇ ਘਰ ਰੇਡ ਕਰਕੇ ਕਥਿਤ ਦੋਸ਼ੀ ਨੂੰ 6000 ਐਮ.ਐਲ. ਨਜਾਇਜ ਸ਼ਰਾਬ ਸਮੇਤ ਕਾਬੂ ਕੀਤਾ ਹੈ। ਪੁਲਿਸ ਨੇ ਇਨ੍ਹਾਂ ਕਥਿਤ ਦੋਸ਼ੀਆਂ ਖ਼ਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਮਾਣੋਚਾਹਲ ਦੀ ਕਿਤਾਬ 'ਮੇਰਾ ਪਿੰਡ ਤੇ ਮੇਰੇ ਲੋਕ' ਲੋਕ-ਅਰਪਣ

**ਝਬਾਲ (ਹਰਜਿੰਦਰ ਸਿੰਘ ਸੋਨੀ)**

ਪੰਜਾਬੀ ਸਾਹਿਤ ਸਭਾ ਅਤੇ ਸੱਭਿਆਚਾਰਕ ਕੇਂਦਰ ਤਰਨ ਤਾਰਨ (ਰਜਿ.) ਵੱਲੋਂ ਸਰਦਾਰ ਜਸਵਿੰਦਰ ਸਿੰਘ ਮਾਣੋਚਾਹਲ ਦੀ ਲਿਖੀ ਕਿਤਾਬ 'ਮੇਰਾ ਪਿੰਡ ਤੇ ਮੇਰੇ ਲੋਕ' ਭਾਈ ਮੋਹਨ ਸਿੰਘ ਵੈਦ ਯਾਦਗਾਰੀ ਲਾਇਬਰੇਰੀ ਤਰਨ ਤਾਰਨ ਵਿਖੇ ਸੁਖਦੇਵ ਸਿੰਘ ਚਾਹਲ, ਬਲਬੀਰ ਸਿੰਘ ਭੈਲ, ਜਸਬੀਰ ਸਿੰਘ ਝਬਾਲ, ਵਜੀਰ ਸਿੰਘ ਰੰਧਾਵ੍ਹਾ ਅਤੇ ਕਿਤਾਬ ਦੇ ਲੇਖਕ ਜਸਵਿੰਦਰ ਸਿੰਘ ਮਾਣੋਚਾਹਲ ਦੇ ਆਧਾਰਿਤ ਪ੍ਰਧਾਨਗੀ ਮੰਡਲ ਵੱਲੋਂ ਲੋਕ-ਅਰਪਣ ਕੀਤੀ ਗਈ। ਕਿਤਾਬ ਦੇ ਵਿਸ਼ੇ ਤੇ ਜਸਬੀਰ ਸਿੰਘ ਝਬਾਲ, ਵਜੀਰ ਸਿੰਘ ਰੰਧਾਵਾ, ਸੁਖਦੇਵ ਸਿੰਘ ਚਾਹਲ ਤੇ ਬਲਬੀਰ ਸਿੰਘ ਭੈਲ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਇਨ੍ਹਾਂ ਸਾਰਿਆਂ ਬੁਲਾਰਿਆ ਨੇ ਹਾਜ਼ਰ ਮੈਂਬਰਾਂ ਨੂੰ ਪੰਜਾਬੀ ਲਿਖਣ, ਪੜ੍ਹਨ ਅਤੇ ਆਪਣੇ ਬੱਚਿਆਂ ਨੂੰ ਪੜ੍ਹਨ ਪੜ੍ਹਾਉਣ ਲਈ ਪ੍ਰੇਰਿਤ ਕੀਤਾ। ਕਿਤਾਬ ਲੋਕ-ਅਰਪਣ ਦੀ ਰਸਮ ਤੋਂ ਬਾਅਦ ਕਵੀ ਦਰਬਾਰ ਕਰਾਇਆ ਗਿਆ ਜਿਸ ਵਿੱਚ ਹਾਜ਼ਰ ਕਵੀਆਂ ਨੇ ਆਪਣੀਆਂ ਮੌਲਿਕ ਕਵਿਤਾਵਾਂ ਸੁਣਾਈਆਂ। ਕਵੀ ਦਰਬਾਰ ਵਿੱਚ ਚਰਨ ਸਿੰਘ ਕਾਮਰੇਡ, ਬਲਬੀਰ ਸਿੰਘ ਮੀਆਂਪੁਰ, ਬਲਬੀਰ ਸਿੰਘ ਬੇਲੀ, ਅਜੀਤ ਸਿੰਘ ਨਬੀਪੁਰੀ, ਗੁਰਚਰਨ ਸਿੰਘ ਸਭਰਾ, ਗੁਰਨਾਮ ਸਿੰਘ ਆਨੰਦ, ਮਲਕੀਅਤ ਸਿੰਘ ਫੌਜੀ, ਹਰਭਜਨ ਸਿੰਘ ਭਗਰੱਥ, ਦੀਦਾਰ ਸਿੰਘ ਲਾਇਬ੍ਰੇਰੀਅਨ, ਗਿਆਨੀ ਗੁਰਮੀਤ ਸਿੰਘ ਨੂਰਦੀ, ਮਾਸਟਰ ਕਰਮ ਸਿੰਘ, ਡਾਕਟਰ ਅਜਮੇਰ ਸਿੰਘ, ਹਰਕੀਰਤ ਸਿੰਘ ਕੀਰਤ, ਮਾਸਟਰ ਸਕੱਤਰ ਸਿੰਘ ਤੇਜਾ ਸਿੰਘ ਵਾਲਾ, ਤੂੰਬੀ ਮਾਸਟਰ ਕਰਮ ਸਿੰਘ ਮਾਹਲਾ, ਮਨਦੀਪ ਸਿੰਘ ਰਾਜਨ, ਬਖਸ਼ੀਸ਼ ਸਿੰਘ, ਮਾਸਟਰ ਬਲਬੀਰ ਸਿੰਘ ਮੱਲ੍ਹੀ, ਹਰਦਰਸ਼ਨ ਸਿੰਘ ਕਮਲ, ਗੁਰਬਾਜ ਸਿੰਘ, ਅਮਨਪ੍ਰੀਤ ਸਿੰਘ ਚਾਹਲ, ਕੰਵਲਜੀਤ ਸਿੰਘ ਢਿੱਲੋਂ, ਅਵਤਾਰ ਸਿੰਘ ਪੰਡੋਰੀ ਗੋਲਾ, ਸੁਖਵਿੰਦਰ ਸਿੰਘ ਚਾਹਲ, ਸੁਖਰਾਜ ਸਿੰਘ ਆਦਿ ਨੇ ਹਾਜ਼ਰੀ ਭਰੀ।



# ਲਾਲਜੀਤ ਸਿੰਘ ਭੁੱਲਰ ਸਾਥੀਆਂ ਸਮੇਤ ਬਾਇੱਜ਼ਤ ਬਰੀ



**ਪੱਟੀ (ਸ਼ਮਸ਼ੇਰ ਸਿੰਘ ਯੋਧਾ, ਬਲਦੇਵ ਸਿੰਘ ਸੰਧੂ)**

ਤਰਨ ਤਾਰਨ ਬਗੀਚਾ ਸਿੰਘ ਏ.ਸੀ.ਜੇ.ਐਮ ਦੀ ਅਦਾਲਤ ਤੋਂ ਅੱਜ ਕੈਬਨਿਟ ਮੰਤਰੀ ਪੰਜਾਬ ਲਾਲਜੀਤ ਸਿੰਘ ਭੁੱਲਰ, ਸਪੀਕਰ ਕੁਲਤਾਰ ਸਿੰਘ ਸੰਧਵਾਂ, ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ, ਮੰਤਰੀ ਮੀਤ ਹੇਅਰ, ਮੰਤਰੀ ਹਰਭਜਨ ਸਿੰਘ ਈ ਟੀ ਓ, ਵਿਧਾਇਕ ਕਸ਼ਮੀਰ ਸਿੰਘ, ਮਨਜਿੰਦਰ ਸਿੰਘ ਲਾਲਪੁਰਾ, ਕੁਲਵੰਤ ਸਿੰਘ, ਮਨਜੀਤ ਸਿੰਘ ਬਿਲਾਸਪੁਰ ਸਾਰੇ ਵਿਧਾਇਕ, ਚੇਅਰਮੈਨ ਅਤੇ ਹੋਰ ਵਰਕਰਾਂ ਸਮੇਤ 25 ਲੋਕਾਂ ਨੂੰ ਰਾਹਤ ਦਿੰਦੇ ਹੋਏ ਅੱਜ ਅਦਾਲਤ ਨੇ ਉਨ੍ਹਾਂ 'ਤੇ ਸਾਲ 2020 ਵਿੱਚ ਇੱਕ ਕੋਰਟ ਕੇਸ ਚੱਲਦਾ ਸੀ ਜਿਸ ਤਹਿਤ ਇਸ ਮਾਮਲੇ ਵਿੱਚ ਉਕਤ ਸਾਰਿਆਂ ਨੂੰ ਬਾਇੱਜ਼ਤ ਬਰੀ ਕਰ ਦਿੱਤਾ ਗਿਆ ਹੈ। ਇਹ ਮਾਮਲਾ ਲਗਭਗ 4 ਸਾਲ ਪਹਿਲਾਂ ਥਾਣਾ ਸਦਰ ਤਰਨ ਤਾਰਨ ਵਿਖੇ ਦਰਜ ਕੀਤਾ ਗਿਆ ਸੀ। ਪਿਛਲੀ ਕਾਂਗਰਸ ਸਰਕਾਰ ਵੇਲੇ ਇਨ੍ਹਾਂ ਆਗੂਆਂ 'ਤੇ ਧਾਰਾ 188 ਤਹਿਤ ਅਤੇ ਨੈਸ਼ਨਲ ਹਾਈਵੇ ਐਕਟ ਅਤੇ ਹੋਰ ਕਈ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। 2020 ਵਿਚ ਜ਼ਹਿਰੀਲੀ ਸ਼ਰਾਬ ਪੀਣ ਨਾਲ 125 ਬੰਦਿਆਂ ਦੀ ਮੌਤ ਹੋ ਗਈ ਸੀ ਜੋ ਕਿ ਕਾਂਗਰਸ ਪਾਰਟੀ ਦੇ ਲੀਡਰਾਂ ਵੱਲੋਂ ਨਾਜਾਇਜ਼ ਤੌਰ 'ਤੇ ਵੇਚੀ ਗਈ ਸੀ, ਜਿਸ ਦੇ ਰੋਸ ਵਜੋਂ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਤਰਨ ਤਾਰਨ ਡੀ ਸੀ ਦਫਤਰ ਦੇ ਬਾਹਰ ਧਰਨਾ ਦਿੱਤਾ ਗਿਆ। ਇਸ ਨੂੰ ਲੈ ਕੇ ਅਦਾਲਤ ਵਿੱਚ ਅੱਜ ਸੁਣਵਾਈ ਹੋਈ। ਦੋਹਾਂ ਧਿਰਾਂ ਦੇ ਵਕੀਲਾਂ ਵਿਚਾਲੇ ਤਿੱਖੀ ਬਹਿਸ ਹੋਈ, ਜਿਸ ਮਗਰੋਂ ਮਾਣਯੋਗ ਜੱਜ ਬਗੀਚਾ ਸਿੰਘ ਨੇ ਆਪਣਾ ਫੈਸਲਾ ਸੁਣਾਉਂਦੇ ਹੋਏ ਉਕਤ ਮੰਤਰੀਆਂ ਤੇ ਵਿਧਾਇਕਾਂ ਸਣੇ ਬਾਕੀਆਂ ਨੂੰ ਇਸ ਮਾਮਲੇ ਵਿੱਚ ਬਾਇੱਜ਼ਤ ਬਰੀ ਕਰ ਦਿੱਤਾ। ਇਸ ਮੌਕੇ ਅੱਜ ਬਰੀ ਹੋਏ ਉਕਤ ਆਗੂਆਂ ਦੇ ਵਕੀਲ ਜਗਦੀਪ ਮਹਿਤਾ ਨੇ ਕਿਹਾ ਕਿ ਕੈਬਨਿਟ ਮੰਤਰੀ ਪੰਜਾਬ ਲਾਲਜੀਤ ਸਿੰਘ ਭੁੱਲਰ ਸਮੇਤ ਬਾਕੀ ਉਕਤ ਆਗੂਆਂ ਵੱਲੋਂ 2020 ਦੇ ਸਮੇਂ ਸ਼ਾਂਤਮਈ ਢੰਗ ਨਾਲ ਕਾਨੂੰਨ ਦੇ ਦਾਇਰੇ ਦੇ ਅੰਦਰ ਧਰਨਾ ਦਿੱਤਾ ਜਾ ਰਿਹਾ ਸੀ ਜਿਸ ਕਰਕੇ ਅੱਜ ਮਾਣਯੋਗ ਅਦਾਲਤ ਵਲੋਂ ਉਕਤ ਆਗੂਆਂ ਨੂੰ ਬਾਇੱਜ਼ਤ ਬਰੀ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਸੱਚ ਦੀ ਜਿੱਤ ਹੋਈ ਹੈ।

# ਵਿਦਿਆਰਥੀਆਂ ਨੂੰ ਵੋਟ ਦੀ ਮਹੱਤਤਾ ਬਾਰੇ ਕੀਤਾ ਜਾਗਰੂਕ

**ਬਟਾਲਾ, (ਯਾਦਵਿੰਦਰ ਸਿੰਘ ਮਲਹੋਤਰਾ)**

ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਵੀਪ ਵੋਟਰ ਜਾਗਰੂਕਤਾ ਟੀਮ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਕੈਂਪ ਬਟਾਲਾ ਵਿਖੇ ਸਵੇਰ ਦੀ ਸਭਾ ਵਿੱਚ ਪਹੁੰਚੀ ਅਤੇ ਵਿਦਿਆਰਥੀਆਂ ਨੂੰ ਵੋਟ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ। ਇਸ ਮੌਕੇ ਸਵੇਰ ਦੀ ਸਭਾ ਨੂੰ ਡਾ: ਸਤਿੰਦਰਜੀਤ ਕੌਰ ਬੁੱਟਰ ਚਲਾ ਰਹੇ ਸਨ। ਉਨ੍ਹਾਂ ਨੇ ਪ੍ਰਿੰ. ਤੇਜਿੰਦਰ ਕੌਰ ਅਤੇ ਸਮੁੱਚੇ ਸਟਾਫ ਵੱਲੋਂ ਜ਼ਿਲ੍ਹਾ ਨੋਡਲ ਅਫਸਰ ਸਵੀਪ-ਕਮ-ਜ਼ਿਲ੍ਹਾ ਸਿੱਖਿਆ ਅਫਸਰ ਗੁਰਦਾਸਪੁਰ ਰਾਜੇਸ਼ ਕੁਮਾਰ ਸ਼ਰਮਾ ਨੇ ਸਾਰੀ ਟੀਮ ਨੂੰ ਜੀ ਆਇਆਂ ਕਿਹਾ। ਇਸ ਮੌਕੇ ਸਵੀਪ ਨੋਡਲ ਅਫਸਰ ਗੁਰਮੀਤ ਸਿੰਘ ਭੋਮਾ ਸਟੇਟ ਐਵਾਰਡੀ ਨੇ ਵਿਦਿਆਰਥੀਆਂ ਨੂੰ ਵੋਟਾਂ ਦੀ ਮਹੱਤਤਾ ਬਾਰੇ ਦੱਸਿਆ। ਜ਼ਿਲ੍ਹਾ ਸਿੱਖਿਆ ਅਫਸਰ ਗੁਰਦਾਸਪੁਰ ਨੇ ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਕੋਲੋਂ ਪੁੱਛੇ ਪ੍ਰਸ਼ਨਾਂ ਦੇ ਵਧੀਆ ਉੱਤਰ ਦੇਣ ਅਤੇ ਅਨੁਸ਼ਾਸਨ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਮਿਸ਼ਨ ਸਮੱਰਥ ਟੀਮ ਦੇ ਅਮਰਜੀਤ ਸਿੰਘ ਪੁਰੇਵਾਲ ਤੇ ਸਵੀਪ ਮੀਡੀਆ ਇੰਚਾਰਜ ਗਗਨਦੀਪ ਸਿੰਘ ਅਤੇ ਸਾਰੀ ਟੀਮ ਨੇ ਵਿਦਿਆਰਥੀਆਂ ਕੋਲੋਂ ਵੋਟਰ ਜਾਗਰੂਕਤਾ ਬਾਰੇ ਪ੍ਰਸ਼ਨ ਪੁੱਛੇ। ਇਸ ਮੌਕੇ ਅੰਮ੍ਰਿਤਪਾਲ ਨੇ ਵੋਟਰ ਜਾਗਰੂਕਤਾ ਲਈ ਸਹੁੰ ਚੁਕਾਈ। ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਕਿਰਨਾ ਕੁਮਾਰੀ ਨੇ ਵੋਟ ਪਾਉਣ ਦੀ ਮਹੱਤਤਾ ਬਾਰੇ ਭਾਸ਼ਣ ਦਿੱਤਾ। ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਵੋਟਰ ਸਵੀਪ ਮੁਹਿੰਮ ਦੇ ਤਹਿਤ ਵੋਟਰ ਜਾਗਰੂਕਤਾ ਦੀਆਂ ਬੋਲੀਆਂ ਪਾ ਕੇ ਖੂਬਸੂਰਤ ਗਿੱਧਾ ਪੇਸ਼ ਕੀਤਾ। ਜ਼ਿਲ੍ਹਾ ਸਿੱਖਿਆ ਅਫਸਰ ਗੁਰਦਾਸਪੁਰ ਤੇ ਸਮੁੱਚੀ ਸਵੀਪ ਟੀਮ ਨੇ ਗਿੱਧੇ ਦੀ ਬਹੁਤ ਪ੍ਰਸ਼ੰਸਾ ਕੀਤੀ।



# ਗੁਰਦਾਸਪੁਰ-ਮੁਕੇਰੀਆਂ ਸੜਕ ਦੀ ਹਾਲਤ ਬਦ ਤੋਂ ਬਦਤਰ ਹੋਣ ਕਾਰਨ ਰਾਹਗੀਰ ਪ੍ਰੇਸ਼ਾਨ

**ਗੁਰਦਾਸਪੁਰ, (ਜਨਕ ਮਹਾਜਨ)**

ਗੁਰਦਾਸਪੁਰ-ਮੁਕੇਰੀਆਂ ਸੜਕ ਦੀ ਹਾਲਤ ਬਦ ਤੋਂ ਬਦਤਰ ਹੋਈ ਪਈ ਹੈ ਪਰ ਸੰਬੰਧਿਤ ਵਿਭਾਗ ਇਸ ਵੱਲ ਕੋਈ ਧਿਆਨ ਨਹੀਂ ਦੇ ਰਿਹਾ ਜਿਸ ਕਰਕੇ ਇਲਾਕੇ ਦੇ ਲੋਕਾਂ ਦਾ ਸਰਕਾਰ ਅਤੇ ਵਿਭਾਗ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਪੁਰਾਣਾ ਸ਼ਾਲਾ ਤੋਂ ਜਗਤਪੁਰ ਸੜਕ ਵਿਚਕਾਰ ਥਾਂ-ਥਾਂ ਡੂੰਘੇ-ਡੂੰਘੇ ਟੋਏ ਪੈ ਗਏ ਹਨ ਜਿਨ੍ਹਾਂ ਵਿਚ ਰਾਤ ਵੇਲੇ ਆਪਣੀ ਜਾਨ ਨੂੰ ਜੋਖਮ ਵਿਚ ਪਾ ਕੇ ਲੰਘਣਾ ਪੈਂਦਾ ਹੈ ਕਿਉਂ ਜੋ ਤੇਜ਼ ਰਫ਼ਤਾਰ ਵਾਹਨਾਂ ਦਾ ਇਨ੍ਹਾਂ ਟੋਇਆਂ ਵਿਚ ਪਲਟਣ ਦਾ ਡਰ ਬਣਿਆ ਰਹਿੰਦਾ ਹੈ। ਲੋਕਾਂ ਦਾ ਕਹਿਣਾ ਹੈ ਕਿ ਗੁਰਦਾਸਪੁਰ-ਮੁਕੇਰੀਆਂ ਸੜਕ ਦੀ ਲੰਬਾਈ ਕੁੱਲ 24 ਕਿੱਲੋਮੀਟਰ ਹੈ ਜਿਸ ਦਾ ਗੁਰਦਾਸਪੁਰ ਜ਼ਿਲ੍ਹੇ ਦੀ ਹੱਦ ਅੰਦਰ 16 ਕਿੱਲੋਮੀਟਰ ਦਾ ਹਿੱਸਾ ਹੀ ਆਉਂਦਾ ਹੈ ਅਤੇ ਬਾਕੀ 8 ਕਿੱਲੋਮੀਟਰ ਦਰਿਆ ਬਿਆਸ ਤੋਂ ਅਗਲੇ ਪਾਸੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪੈਂਦਾ ਹੈ। ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪੈਂਦਾ ਸੜਕ ਦਾ 8 ਕਿੱਲੋਮੀਟਰ ਦਾ ਹਿੱਸਾ ਕੁਝ ਸਮਾਂ ਪਹਿਲਾਂ ਹੀ ਬਣਾਇਆ ਗਿਆ ਹੈ ਜਿਸ ਦੀ ਹਾਲਤ ਬਿਲਕੁਲ ਠੀਕ ਹੈ। ਲੋਕਾਂ ਦਾ ਕਹਿਣਾ ਹੈ ਕਿ ਗੁਰਦਾਸਪੁਰ ਪ੍ਰਸ਼ਾਸਨ ਦੀ ਅਣਗਹਿਲੀ ਕਾਰਨ ਇਸ ਜ਼ਿਲ੍ਹੇ ਦੀ ਹੱਦ ਅੰਦਰ ਵਾਲੀ ਸੜਕ ਦੀ ਹਾਲਤ ਕਾਫ਼ੀ ਮਾੜੀ ਹੈ। ਲੋਕਾਂ ਨੇ ਪੰਜਾਬ ਸਰਕਾਰ ਤੇ ਲੋਕ ਨਿਰਮਾਣ ਵਿਭਾਗ ਪਾਸੋਂ ਮੰਗ ਕੀਤੀ ਕਿ ਇਸ ਸੜਕ ਨੂੰ ਪਹਿਲ ਦੇ ਆਧਾਰ 'ਤੇ ਬਣਾਇਆ ਜਾਵੇ। ਜਦ ਇਸ ਸੰਬੰਧੀ ਲੋਕ ਨਿਰਮਾਣ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਹਰਜੋਤ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਗੁਰਦਾਸਪੁਰ ਤੋਂ ਲੈ ਕੇ ਦਊਵਾਲ ਨਾਕੇ ਤੱਕ ਸੜਕ ਨੂੰ ਬਣਾਉਣ ਦਾ ਟੈਂਡਰ ਸਾਢੇ 18 ਕਰੋੜ ਰੁਪਏ ਦੇ ਵਿਚ ਮਨਜ਼ੂਰ ਹੋ ਚੁੱਕਾ ਹੈ ਜੋ ਕਿ ਕੋਡ ਆਫ ਕਡੰਕਟ ਲਾਗੂ ਹੋਣ ਕਾਰਨ ਅਟਕ ਗਿਆ ਹੈ। ਚੋਣਾਂ ਖ਼ਤਮ ਹੋਣ ਦੇ ਬਾਅਦ ਹੀ ਇਸ ਸੜਕ ਦਾ ਕੰਮ ਚਾਲੂ ਹੋਵੇਗਾ।



# ਡਾ. ਬੀ ਆਰ ਅੰਬੇਡਕਰ ਚੇਤਨਾ ਸੋਸਾਇਟੀ ਬੰਗਾ ਨੇ ਚੇਤਨਾ ਮਾਰਚ ਕੱਢਿਆ

**ਬੰਗਾ (ਅਵਤਾਰ ਕਲੇਰ)**

ਡਾ. ਬੀ ਆਰ ਅੰਬੇਡਕਰ ਚੇਤਨਾ ਸੋਸਾਇਟੀ ਬੰਗਾ ਵੱਲੋਂ ਬਾਬਾ ਸਾਹਿਬ ਦੇ 133 ਵੇਂ ਜਨਮ ਦਿਨ ਨੂੰ ਸਮਰਪਤ ਇੱਕ ਚੇਤਨਾ ਮਾਰਚ ਕੱਢਿਆ ਗਿਆ, ਜੋ ਮੁਕੰਦਪੁਰ ਬੱਸ ਸਟੈਂਡ ਤੋਂ ਸ਼ੁਰੂ ਹੋ ਕੇ ਪਿੰਡ ਰਹਿਪਾ ਤੋਂ ਜਗਤਪੁਰ, ਮੰਡੇਰਾ, ਸਾਧਪੁਰ, ਖਾਨਪੁਰ, ਸਰਹਾਲ ਕਾਜ਼ੀਆਂ, ਨੂਰਪੁਰ, ਚੱਕ ਬਿਲਗਾ, ਲੰਗੇਰੀ, ਬੀਸਲਾ, ਢਾਹਾਂ, ਕਲੇਰਾਂ, ਬਾਹੜੋਵਾਲ ਹੁੰਦਾ ਹੋਇਆ ਬੰਗਾ ਸ਼ਹਿਰ ਵਿੱਚ ਦਾਖਲ ਹੋਇਆ ਜੋ ਵੱਖ ਵੱਖ ਵਾਰਡਾਂ ਵਿੱਚੋਂ ਹੁੰਦਾ ਹੋਇਆ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਅੰਬੇਡਕਰ ਨਗਰ ਬੰਗਾ ਵਿਖੇ ਸਮਾਪਤ ਹੋਇਆ। ਵੱਖ-ਵੱਖ ਬੁਲਾਰਿਆਂ ਧਰਮਿੰਦਰ ਮਸਾਣੀ, ਕੁਲਵਿੰਦਰ ਬੰਗਾ, ਧਰਮਿੰਦਰ ਭੁੱਲਾਰਾਈ, ਡਾ. ਕਸ਼ਮੀਰ ਚੰਦ, ਡਾ. ਵੇਦ ਪ੍ਰਕਾਸ਼, ਡਾ. ਨਿਰੰਜਨ ਪਾਲ, ਲੈਕ. ਬਲਿਹਾਰ ਚੰਦ, ਨਿਤਨ ਮੁਕੰਦਪੁਰ ਨੇ ਸਾਂਝੇ ਤੌਰ 'ਤੇ ਸੰਬੋਧਨ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਨੇ ਜੋ ਹੱਕ ਭਾਰਤ ਦੇਸ਼ ਦੇ ਗਰੀਬ ਲੋਕਾਂ ਨੂੰ ਲੈ ਕੇ ਦਿੱਤੇ ਹਨ, ਉਸ ਦਾ ਕਰਜ਼ਾ ਅਸੀਂ ਉਨ੍ਹਾਂ ਦੀ ਸੋਚ ਨੂੰ ਪੂਰਾ ਕਰਕੇ ਉਤਾਰ ਸਕਦੇ ਹਾਂ। ਚੇਤਨਾ ਮਾਰਚ ਦੌਰਾਨ ਵੱਖ ਵੱਖ ਪਿੰਡਾਂ ਵਿੱਚ ਬਾਬਾ ਸਾਹਿਬ ਦੇ ਲੱਗੇ ਹੋਏ ਬੁੱਤਾਂ ਤੇ ਫੁੱਲਮਾਲਾਵਾਂ ਪਹਿਨਾਈਆਂ ਗਈਆਂ। ਚੇਤਨਾ ਮਾਰਚ ਦੌਰਾਨ ਬਾਬਾ ਸਾਹਿਬ ਦੀ ਜੀਵਨੀ ਨਾਲ ਸੰਬੰਧਤ ਕਿਤਾਬਾਂ ਦਾ ਲੰਗਰ ਵੱਖ-ਵੱਖ ਪਿੰਡਾਂ ਵਿੱਚ ਵੰਡਿਆ ਗਿਆ। ਆਖਰੀ ਪੜਾਅ 'ਤੇ ਉੱਘੇ ਦਲਿਤ ਚਿੰਤਕ ਅਕਸ਼ੇ ਜਿਲੋਵਾ ਨੇ ਅੱਜ ਦੇ ਸਮੇਂ ਦੇਸ਼ ਵਿੱਚ ਵਾਪਰ ਰਹੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬਾਬਾ ਸਾਹਿਬ ਦੀ ਸੋਚ ਨੂੰ ਲੈ ਕੇ ਅੱਗੇ ਵਧਣ ਅਤੇ ਉਨ੍ਹਾਂ ਦੇ ਦੱਸੇ ਹੋਏ ਰਾਹ 'ਤੇ ਚੱਲ ਕੇ ਆਪਣੇ ਸਮਾਜ ਤੇ ਕੌਮ ਨੂੰ ਉੱਪਰ ਲੈ ਕੇ ਜਾਣ। ਅਖੀਰ ਵਿੱਚ ਪ੍ਰਧਾਨ ਡਾਕਟਰ ਕਸ਼ਮੀਰ ਚੰਦ ਵੱਲੋਂ ਸਮੂਹ ਅੰਬੇਡਕਰ ਸੋਸਾਇਟੀਆਂ, ਸ੍ਰੀ ਗੁਰੂ ਰਵਿਦਾਸ ਸਭਾਵਾਂ, ਭਗਵਾਨ ਵਾਲਮੀਕ ਸਭਾਵਾਂ ਅਤੇ ਸਮੂਹ ਸੰਗਤ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਡਾ. ਕਸ਼ਮੀਰ ਚੰਦ, ਡਾ. ਵੇਦ ਪ੍ਰਕਾਸ਼, ਕੁਲਵਿੰਦਰ ਬੰਗਾ, ਧਰਮਿੰਦਰ ਮਸਾਣੀ, ਲੈਕ. ਬਲਿਹਾਰ ਚੰਦ, ਲੈਕ. ਸੁਰਜੀਤ ਸੈਂਪਲੇ, ਹਰਬਲਾਸ ਬੰਗਾ, ਰਾਮ ਕ੍ਰਿਸ਼ਨ ਪੱਲੀ ਝਿੱਕੀ, ਮੈਨੇਜਰ ਸੁਰਿੰਦਰ ਮੋਹਨ, ਪ੍ਰੋਫੈਸਰ ਅਕਸ਼ੇ ਜਿਲੋਵਾ, ਡਾ. ਜਸਵਿੰਦਰ ਰੱਲ੍ਹ , ਡਾ. ਅਮਰੀਕ ਸਿੰਘ, ਡਾ. ਉਂਕਾਰ ਸਿੰਘ, ਲਖਵੀਰ ਸਿੰਘ ਇਟਲੀ, ਰਮੇਸ਼ ਅਟਾਰੀ, ਰਾਕੇਸ਼ ਸੱਲ੍ਹਣ, ਬਲਜੀਤ ਜੀਤੀ, ਲੈਕ ਬਲਦੀਸ਼ ਲਾਲ, ਹਰਜਿੰਦਰ ਲੱਧੜ, ਬਾਬਾ ਮਾਧੋ ਗੋਪਾਲ, ਗੁਰਮੇਲ ਰਾਮ, ਹਰਜਿੰਦਰ ਬੱਬੂ, ਵਿਪਨ ਕੁਮਾਰ, ਮੈਨੇਜਰ ਹਰਜਿੰਦਰ ਬੰਗਾ, ਬੂਟਾ ਰਾਮ, ਅਮਰੀਕ ਮੀਕਾ, ਭੁਪਿੰਦਰ ਰਸੂਲਪੁਰ, ਅਮਰੀਕ ਸਿੰਘ ਰਸੂਲਪੁਰ, ਕੁਲਵੰਤ ਨਰ, ਮਾਸਟਰ ਭੁਪਿੰਦਰ ਸਿੰਘ, ਰਾਮ ਸਿੰਘ ਭਰੋਮਜਾਰਾ, ਮਾਸਟਰ ਗੁਰਨਾਮ ਰਾਮ, ਲਖਵੀਰ ਬੀਸਲਾ, ਸਤਪਾਲ ਮੱਲ, ਦਾਰਾ ਸਿੰਘ (ਮੈਨੇਜਰ) ਕਲੇਰਾਂ, ਮਾ. ਸੱਤਪਾਲ ਰਟੈਂਡਾ, ਮੱਖਣ ਬਖਲੌਰ, ਮਾ. ਲਖਵਿੰਦਰ ਸੂਰਾਪੁਰ, ਮੁਕੇਸ਼ ਕੁਮਾਰ ਕਾਹਮਾ, ਹਰਮੇਸ਼ ਲਾਲ, ਜਸਵੀਰ ਸ਼ੀਰਾ, ਰਾਮ ਲੁਭਾਇਆ, ਨਰੰਜਣ ਸਿੰਘ, ਜਸਵਿੰਦਰ ਵਿੱਕੀ, ਨਰੰਜਣਜੋਤ ਸਿੰਘ, ਸਰਬਜੀਤ ਸਿੰਘ ਸਾਬੀ, ਰਾਣਾ ਮੁਕੰਦਪੁਰ, ਵਿਜੈ, ਡਾ. ਸ਼ਾਦੀ ਲਾਲ, ਬਸ਼ੰਬਰ ਲਾਲ ਸਰਪੰਚ ਸਰਹਾਲ ਕਾਜ਼ੀਆਂ, ਡਾ. ਗੁਰਪ੍ਰੀਤ, ਦਰਬਾਰੀ ਲਾਲ, ਸੁਰਿੰਦਰ ਮੰਡੇਰ, ਪਰਮਜੀਤ ਲੋਟੀਆ ਪ੍ਰਧਾਨ ਸਾਧਪੁਰ ਆਦਿ ਹਾਜ਼ਰ ਸਨ।



# ਚੋਣਾਂ 'ਚ 'ਆਪ' ਦੇ ਜੁਝਾਰੂ ਵਰਕਰ ਨਿਭਾਉਣਗੇ ਅਹਿਮ ਭੂਮਿਕਾ: ਜੱਗਾ ਮਜੀਠਾ



**ਮਜੀਠਾ (ਸੋਇਮ ਆਨੰਦ)**

ਆਮ ਆਦਮੀ ਪਾਰਟੀ ਵਿਧਾਨ ਸਭਾ ਹਲਕਾ ਮਜੀਠਾ ਦੇ ਇੰਚਾਰਜ ਜਗਵਿੰਦਰਪਾਲ ਸਿੰਘ ਜੱਗਾ ਮਜੀਠਾ ਵੱਲੋਂ ਲੋਕ ਸਭਾ ਚੋਣਾਂ ਨੂੰ ਦੇਖਦਿਆ ਹਲਕੇ ਅੰਦਰ ਸਰਗਰਮੀਆਂ ਤੇਜ਼ ਕੀਤੀਆਂ ਜਾ ਰਹੀਆਂ ਹਨ ਜਿਸ ਸਬੰਧੀ ਜਗਵਿੰਦਰਪਾਲ ਸਿੰਘ ਜੱਗਾ ਮਜੀਠਾ ਵੱਲੋਂ ਸਮੂਹ ਬਲਾਕ ਪ੍ਰਧਾਨਾਂ ਅਤੇ ਹੋਰ ਅਹੁਦੇਦਾਰਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ।ਇਸ ਮੌਕੇ ਜੱਗਾ ਮਜੀਠਾ ਵੱਲੋਂ ਲੋਕ ਸਭਾ ਚੋਣਾਂ ਸਬੰਧੀ ਆਗੂਆਂ ਨਾਲ ਅਹਿਮ ਵਿਚਾਰਾ ਕਰਕੇ ਚੋਣਾ ਦੀ ਵਿਉਂਤਬੰਦੀ ਤਿਆਰ ਕੀਤੀ ਗਈ।ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਪਾਰਟੀ ਹਾਈ ਕਮਾਂਡ ਨਿਰਦੇਸ਼ਾਂ ਤਹਿਤ ਖੜੇ ਕੀਤੇ ਪਾਰਟੀ ਉਮੀਦਵਾਰ ਕੁਲਦੀਪ ਸਿੰਘ ਧਾਰੀਵਾਲ ਨੂੰ ਵੋਟਾਂ ਦੇ ਵੱਡੇ ਫਰਕ ਨਾਲ ਜਿੱਤ ਦੁਆਉਣ ਲਈ ਪਾਰਟੀ ਵਰਕਰਾਂ ਨੂੰ ਹੁਣ ਤੋਂ ਹੀ ਕਮਰ ਕੱਸੇ ਕਰਨ ਲਈ ਪ੍ਰੇਰਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋ ਲੋਕ ਹਿੱਤ ਵਿਚ ਬਹੁਤ ਵੱਡੇ ਫੈਸਲੇ ਲਏ ਜਾ ਰਹੇ ਹਨ ਜਿਸ ਨਾਲ ਸੂਬੇ ਦੇ ਲੋਕਾਂ ਦੇ ਮਨਾਂ ਵਿਚ ਆਮ ਆਦਮੀ ਪਾਰਟੀ ਦੀ ਮਕਬੂਲੀਅਤ ਵਿਚ ਵਾਧਾ ਹੋਇਆ ਹੈ।ਉਨ੍ਹਾ ਨੇ ਹਲਕਾ ਮਜੀਠਾ ਦੇ ਪਾਰਟੀ ਦੇ ਬਲਾਕ ਪ੍ਰਧਾਨਾਂ ਅਤੇ ਅਹੁਦੇਦਾਰਾਂ ਨਾਲ ਵਿਸ਼ੇਸ਼ ਮੀਟਿੰਗ ਕਰਕੇ ਪਾਰਟੀ ਹਾਈ ਕਮਾਂਡ ਦੀਆਂ ਹਦਾਇਤਾਂ ਤੋ ਜਾਣੂੰ ਕਰਾਇਆ ਅਤੇ ਦੱਸਿਆ ਕਿ ਹਲਕੇ ਦੇ ਪਿੰਡ ਪੱਧਰ ਤੇ ਜਾ ਕੇ ਵਰਕਰਾਂ ਨਾਲ ਮੀਟਿੰਗਾਂ ਕੀਤੀਆਂ ਜਾਣ ਅਤੇ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਤੋ ਲੋਕਾਂ ਨੂੰ ਜਾਣੂੰ ਕਰਾਇਆ ਜਾਵੇ ਅਤੇ ਸਰਕਾਰ ਦੀਆਂ ਸਕੀਮਾਂ ਬਾਰੇ ਜਾਗਰੂਕ ਕੀਤਾ ਜਾਵੇ।

# ਈਕੋ ਕਲੱਬ ਨੇ ਵਾਤਾਵਰਣ ਜਾਗਰੂਕਤਾ ਸਬੰਧੀ ਮੁਹਿੰਮ ਚਲਾਈ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਸਿੱਖ ਨੈਸ਼ਨਲ ਕਾਲਜ ਕਾਦੀਆਂ ਦੇ ਈਕੋ ਕਲੱਬ ਵੱਲੋਂ ਸਟੇਟ ਨੋਬਲ ਏਜੰਸੀ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਭਾਸ਼ਣ ਪ੍ਰਤੀਯੋਗਤਾ ਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਇਸ ਪ੍ਰੋਗਰਾਮ ਵਿੱਚ ਕਾਲਜ ਪ੍ਰਿੰ. ਹਰਪ੍ਰੀਤ ਸਿੰਘ ਹੁੰਦਲ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ। ਈਕੋ ਕਲੱਬ ਦੇ ਇੰਚਾਰਜ ਪ੍ਰੋਫੈਸਰ ਰਕੇਸ਼ ਕੁਮਾਰ ਨੇ ਪ੍ਰੋਗਰਾਮ ਦੇ ਆਰੰਭ ਵਿੱਚ ਆਏ ਮਹਿਮਾਨਾਂ ਦਾ ਸਵਾਗਤ ਕਰਦੇ ਹੋਏ ਵਾਤਾਵਰਨ ਜਾਗਰੂਕਤਾ ਸਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਪ੍ਰਦਾਨ ਕੀਤੀ। ਮੁੱਖ ਮਹਿਮਾਨ ਪ੍ਰਿੰ. ਡਾਕਟਰ ਹਰਪ੍ਰੀਤ ਸਿੰਘ ਹੁੰਦਲ ਨੇ ਵਿਦਿਆਰਥੀਆਂ ਵਿੱਚ ਵਾਤਾਵਰਨ ਪ੍ਰਤੀ ਚੇਤਨਾ ਦੀ ਭਾਵਨਾ ਪੈਦਾ ਕਰਨ ਲਈ ਦਰਪੇਸ਼ ਮੁੱਦਿਆਂ ਬਾਰੇ ਗੰਭੀਰਤਾ ਨਾਲ ਸੋਚਣ ਲਈ ਪ੍ਰੇਰਿਤ ਕੀਤਾ। ਇਸ ਸਮਾਗਮ ਵਿੱਚ ਵੱਖ-ਵੱਖ ਜਮਾਤਾਂ ਦੇ 50 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ ਵੱਖ-ਵੱਖ ਮੁਕਾਬਲਿਆਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਲਈ ਭਾਗੀਦਾਰਾਂ ਨੂੰ ਇਨਾਮ ਤਕਸੀਮ ਕੀਤੇ ਗਏ। ਮੰਚ ਸੰਚਾਲਕ ਦੀ ਭੂਮਿਕਾ ਈਕੋ ਕਲੱਬ ਦੇ ਮੈਂਬਰ ਡਾਕਟਰ ਸਤਿੰਦਰ ਕੌਰ ਨੇ ਬਾਖੂਬੀ ਨਿਭਾਈ। ਇਸ ਸਮਾਗਮ ਵਿੱਚ ਪ੍ਰੋ. ਸੁਖਪਾਲ ਕੌਰ, ਪ੍ਰੋ. ਮਨਪ੍ਰੀਤ ਕੌਰ, ਹਰਜਿੰਦਰ ਸਿੰਘ (ਲਾਇਬਰੇਰੀਅਨ), ਕਮਲਜੀਤ ਸਿੰਘ ਸੁਪਰਡੈਂਟ, ਪ੍ਰੋ. ਲਵਪ੍ਰੀਤ ਕੌਰ, ਪ੍ਰੋ. ਰਾਜਬੀਰ ਕੌਰ, ਪ੍ਰੋ. ਜਸਕਿਰਨ ਕੌਰ, ਪ੍ਰੋ. ਪਰਪਿੰਦਰ ਕੌਰ, ਪ੍ਰੋ. ਬਲਵੀਰ ਕੌਰ, ਪ੍ਰੋ. ਨੀਰੂ ਬਾਲਾ ਅਤੇ ਡਾ. ਸਿਮਰਜੀਤ ਕੌਰ ਆਦਿ ਹਾਜ਼ਰ ਸਨ।



# ਜ਼ਮੀਨੀ ਝਗੜੇ 'ਚ ਤਿੰਨ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਪੁਰਾਣਾ ਸ਼ਾਲਾ ਦੇ ਏਐੱਸਆਈ ਜੈ ਸਿੰਘ ਨੇ ਦੱਸਿਆ ਕਿ ਅਮਰਨਾਥ ਪੁੱਤਰ ਗਿਆਨ ਵਾਸੀ ਹਬੀਬਪੁਰ ਜ਼ਿਲ੍ਹਾ ਗੁਰਦਾਸਪੁਰ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਉਸ ਦੀ ਜ਼ਮੀਨ ਸਾਢੇ 5 ਏਕੜ ਪਿੰਡ ਚੇਚੀਆਂ ਛੋੜੀਆਂ ਵਿਖੇ ਹੈ ਜੋ ਦਵਿੰਦਰ ਸਿੰਘ ਵਾਸੀ ਘਰੋਟਾ ਦੀ ਜ਼ਮੀਨ ਨਾਲ ਲੱਗਦੀ ਹੈ। 18 ਮਾਰਚ 2024 ਨੂੰ ਪੀੜਤ ਆਪਣੀ ਜ਼ਮੀਨ ਵਿਚ ਕਮਾਦ ਦੀ ਫਸਲ ਬੀਜ ਰਿਹਾ ਸੀ ਕਿ ਗੁਰਮੇਜ ਸਿੰਘ, ਮੇਜਰ ਸਿੰਘ ਪੁੱਤਰ ਆਕਾ ਕਾਬਲ ਸਿੰਘ ਵਾਸੀ ਵਾਸੀਆਨ ਛੋਟਾ ਬਿਆਨਪੁਰ ਅਤੇ ਗੋਲਡੀ ਵਾਸੀ ਵਰਸੋਲਾ ਥਾਣਾ ਸਦਰ ਗੁਰਦਾਸਪੁਰ ਨੇ ਉਸ 'ਤੇ ਦਸਤੀ ਹਥਿਆਰਾਂ ਨਾਲ ਹਮਲਾ ਕਰਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਇਸ ਹਮਲੇ ਦੀ ਵਜ੍ਹਾ ਪੁਰਾਣੀ ਰੰਜਿਸ਼ ਦੱਸਿਆ ਜਾਂਦਾ ਹੈ। ਸ਼ਾਲਾ ਪੁਲਸ ਨੇ ਕਥਿਤ ਦੋਸ਼ੀਆਂ ਖ਼ਿਲਾਫ਼ ਜ਼ੇਰੇ ਧਾਰਾ 325, 323 ਅਧੀਨ ਮਾਮਲਾ ਦਰਜ ਕਰ ਲਿਆ ਹੈ, ਫਿਲਹਾਲ ਕੋਈ ਵੀ ਗ੍ਰਿਫਤਾਰੀ ਨਹੀਂ ਹੋਈ।

# ਸੇਂਟ ਸੋਲਜਰ ਈਲੀਟ ਕਾਨਵੈਂਟ ਸਕੂਲ 'ਚ ਰਾਮ ਨੌਮੀ ਦਾ ਤਿਉਹਾਰ ਮਨਾਇਆ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**

ਸੇਂਟ ਸੋਲਜਰ ਈਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਵਿੱਚ ਰਾਮ ਨੌਮੀ ਦਾ ਤਿਉਹਾਰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸੇ ਤਹਿਤ ਕਿੰਡਰਗਾਰਟਨ ਸੈਕਸ਼ਨ ਦੇ ਛੋਟੇ-ਛੋਟੇ ਬੱਚਿਆਂ ਨੇ ਭਗਵਾਨ ਰਾਮ ਨਾਲ ਸੰਬੰਧਿਤ ਝਾਕੀਆਂ ਪੇਸ਼ ਕੀਤੀਆਂ। ਛੋਟੇ-ਛੋਟੇ ਬੱਚੇ ਭਗਵਾਨ ਰਾਮ ਦੇ ਰੂਪ ਵਿੱਚ ਬਹੁਤ ਸੋਹਣੇ ਲੱਗ ਰਹੇ ਸਨ। ਇਸ ਤਹਿਤ ਛੋਟੇ-ਛੋਟੇ ਬੱਚਿਆਂ ਨੇ ਭਗਵਾਨ ਰਾਮ ਦੀ ਜੀਵਨੀ ਨਾਲ ਸੰਬੰਧਿਤ ਇੱਕ ਲਘੂ ਨਾਟਕ ਪੇਸ਼ ਕੀਤਾ ਜਿਸ ਨੇ ਕਿ ਸਭ ਦਾ ਮਨ ਮੋਹ ਲਿਆ। ਉਪਰੰਤ ਬੱਚਿਆਂ ਨੇ ਰਾਮ ਆਏਂਗੇ ਭਜਨ ਤੇ ਬਹੁਤ ਵਧੀਆ ਡਾਂਸ ਪੇਸ਼ ਕਰਕੇ ਸਭ ਨੂੰ ਰਾਮ ਭਗਤੀ ਦੇ ਰੰਗ ਵਿੱਚ ਰੰਗ ਦਿੱਤਾ। ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾ. ਮੰਗਲ ਸਿੰਘ ਕਿਸ਼ਨਪੁਰੀ ਅਤੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਨੇ ਬੱਚਿਆਂ ਦੀ ਇਸ ਬਿਹਤਰ ਕਾਰਗੁਜ਼ਾਰੀ ਨੂੰ ਖੂਬ ਸਰਾਹਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਨੇ ਬੱਚਿਆਂ ਨੂੰ ਭਗਵਾਨ ਰਾਮ ਦੀ ਜੀਵਨੀ ਬਾਰੇ ਦੱਸਿਆ ਅਤੇ ਉਨ੍ਹਾਂ ਦੇ ਦੱਸੇ ਮਾਰਗ ਤੇ ਚੱਲਣ ਦੀ ਪ੍ਰੇਰਨਾ ਦਿੱਤੀ।ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰਸੀਪਲ ਗੁਰਪ੍ਰੀਤ ਕੌਰ, ਸ਼ਿਲਪਾ ਸ਼ਰਮਾ ਕੋਆਰਡੀਨੇਟਰ, ਨੀਲਾਕਸ਼ੀ ਗੁਪਤਾ ਕੋਆਰਡੀਨੇਟਰ, ਪ੍ਰਿਅੰਕਾ ਸ਼ਰਮਾ ਅਤੇ ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ।



# ਯੂਥ ਅਕਾਲੀ ਦਲ ਦੀ ਬੁਲਾਰੇ ਵਜੋਂ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਵਾਂਗਾ : ਧਾਰੀਵਾਲ

**ਪੱਟੀ (ਸ਼ਮਸ਼ੇਰ ਸਿੰਘ ਯੋਧਾ, ਬਲਦੇਵ ਸਿੰਘ ਸੰਧੂ)**

ਵਿਧਾਨ ਸਭਾ ਹਲਕਾ ਪੱਟੀ ਅਧੀਨ ਪੈਂਦੇ ਪਿੰਡ ਧਾਰੀਵਾਲ ਦੇ ਰਹਿਣ ਵਾਲੇ ਗੁਰਦੀਪ ਸਿੰਘ ਧਾਰੀਵਾਲ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਪੱਟੀ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਕਾਫ਼ੀ ਲੰਬੇ ਅਰਸੇ ਤੋਂ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੀ ਬੇਹਤਰੀ ਲਈ ਸੇਵਾ ਕਰਦੇ ਆ ਰਹੇ ਹਨ ਜੋ ਕਿ ਉਨ੍ਹਾਂ ਦੀਆਂ ਵਧੀਆ ਸੇਵਾਵਾਂ ਨੂੰ ਵੇਖਦੇ ਹੋਏ ਪਾਰਟੀ ਵੱਲੋਂ ਉਹਨਾਂ ਦੇ ਸਪੁੱਤਰ ਹਰਬੀਰ ਸਿੰਘ ਧਾਰੀਵਾਲ ਨੂੰ ਯੂਥ ਅਕਾਲੀ ਦਲ ਦੇ ਬੁਲਾਰੇ ਵਜੋਂ ਨਿਯੁਕਤ ਕਰਦਿਆਂ ਜ਼ਿੰਮੇਵਾਰੀ ਦਿੱਤੀ ਗਈ ਹੈ।ਇਸ ਮੌਕੇ ਗੱਲਬਾਤ ਕਰਦਿਆਂ ਹਰਬੀਰ ਸਿੰਘ ਧਾਰੀਵਾਲ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਆਦੇਸ਼ ਪ੍ਰਤਾਪ ਸਿੰਘ ਕੈਰੋਂ ਅਤੇ ਯੂਥ ਅਕਾਲੀ ਦਲ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਨੇ ਮੇਰੇ ਉਪਰ ਜੋ ਭਰੋਸਾ ਕਰਕੇ ਜਿਹੜੀ ਜ਼ਿੰਮੇਵਾਰੀ ਮੈਨੂੰ ਸੌਂਪੀ ਹੈ ਮੈਂ ਹਮੇਸ਼ਾ ਉਨ੍ਹਾਂ ਦਾ ਰਿਣੀ ਰਹਾਂਗਾ ਅਤੇ ਆਪਣੀ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਉਂਦਾ ਹੋਇਆ ਦਿਨ-ਰਾਤ ਮਿਹਨਤ ਕਰਕੇ ਪਾਰਟੀ ਦਾ ਮਿਆਰ ਹੋਰ ਉੱਚਾ ਚੁੱਕਾਂਗਾ ਜਿਸ ਨਾਲ ਪਾਰਟੀ ਮਜ਼ਬੂਤ ਹੋਵੇਗੀ।ਇਸ ਮੌਕੇ ਗੁਰਦੀਪ ਸਿੰਘ ਧਾਰੀਵਾਲ ਸਾਬਕਾ ਚੇਅਰਮੈਨ ਅਤੇ ਅਕਾਲੀ ਆਗੂ ਦਿਲਬਾਗ ਸਿੰਘ ਸੈਦੋ ਨੇ ਆਦੇਸ਼ ਪ੍ਰਤਾਪ ਸਿੰਘ ਕੈਰੋਂ ਅਤੇ ਸਮੂਹ ਕੈਰੋਂ ਪਰਿਵਾਰ ਦਾ ਖਾਸ ਤੌਰ ਤੇ ਧੰਨਵਾਦ ਕੀਤਾ।ਇਸ ਮੌਕੇ ਗੁਰਦੀਪ ਸਿੰਘ ਧਾਰੀਵਾਲ ਸਾਬਕਾ ਚੇਅਰਮੈਨ, ਗੁਰਚਰਨ ਸਿੰਘ ਚੰਨ ਸ਼ਹਿਰੀ ਪ੍ਰਧਾਨ, ਅਕਾਲੀ ਆਗੂ ਦਿਲਬਾਗ ਸਿੰਘ ਸੈਦੋ, ਬਲਵਿੰਦਰ ਸਿੰਘ ਚੱਕਵਾਲੀਆ, ਡਾ. ਜਸਜੀਤ ਸਿੰਘ ਯੋਧਾ, ਬਲਵਿੰਦਰ ਸਿੰਘ ਧਾਰੀਵਾਲ, ਗੁਰਮੀਤ ਸਿੰਘ ਧਾਰੀਵਾਲ, ਸੰਤੋਖ ਸਿੰਘ ਆਦੀ ਸਭਰਾ, ਗੁਰਵਿੰਦਰ ਸਿੰਘ ਧਾਰੀਵਾਲ, ਅੰਮ੍ਰਿਤਪਾਲ ਸਿੰਘ ਧਾਰੀਵਾਲ, ਬਲਜੀਤ ਸਿੰਘ, ਜੁਗਰਾਜ ਸਿੰਘ ਧਾਰੀਵਾਲ ਆਦਿ ਹਾਜ਼ਰ ਸਨ।



ਨਵਾਂ ਜ਼ਮਾਨਾ

ਸ਼ਨੀਵਾਰ, 20 ਅਪ੍ਰੈਲ 2024

# ਲੋਕ-ਪੋਲ ਸਰਵੇ

*ਲੋਕ ਸਭਾ ਚੋਣਾਂ ਦੇ ਪਹਿਲੇ ਗੇੜ ਦੀਆਂ 102 ਸੀਟਾਂ 'ਤੇ ਵੋਟਾਂ ਪੈ ਚੁੱਕੀਆਂ ਹਨ। ਇਸ ਦੌਰਾਨ ਲੋਕ-ਪੋਲ ਨੇ 15 ਰਾਜਾਂ ਤੇ ਉੱਤਰ-ਪੂਰਬ ਦਾ ਸਰਵੇ ਪੇਸ਼ ਕੀਤਾ ਹੈ। ਇਸ ਸਰਵੇ ਵਿੱਚ ਉੱਤਰ ਪ੍ਰਦੇਸ਼, ਬਿਹਾਰ, ਗੁਜਰਾਤ, ਰਾਜਸਥਾਨ, ਕਰਨਾਟਕ, ਹਰਿਆਣਾ, ਪੱਛਮੀ ਬੰਗਾਲ, ਮਹਾਰਾਸ਼ਟਰ, ਕੇਰਲਾ, ਤਾਮਿਲਨਾਡੂ, ਤੇਲੰਗਾਨਾ, ਅਸਾਮ ਤੇ ਓਡੀਸ਼ਾ ਵਰਗੇ ਰਾਜਾਂ ਦੇ ਅੰਕੜੇ ਪੇਸ਼ ਕੀਤੇ ਗਏ ਹਨ। ਇਸ ਸਰਵੇ ਮੁਤਾਬਕ ਐੱਨ ਡੀ ਏ 220 ਤੋਂ 250 ਸੀਟਾਂ ਦੇ ਅੰਕੜੇ ਤੱਕ ਪੁੱਜ ਸਕਦਾ ਹੈ।*

*ਲੋਕ-ਪੋਲ ਦਾ ਦਾਅਵਾ ਹੈ ਕਿ ਉਸ ਨੇ ਹਰ ਲੋਕ ਸਭਾ ਹਲਕੇ ਦੇ 1350 ਲੋਕਾਂ ਦੀ ਰਾਇ ਦੇ ਅਧਾਰ ਉੱਤੇ ਅੰਕੜੇ ਪੇਸ਼ ਕੀਤੇ ਹਨ। ਇਸ ਸਰਵੇ ਅਨੁਸਾਰ ਤੇਲੰਗਾਨਾ ਵਿੱਚ 17 ਸੀਟਾਂ ਵਿੱਚੋਂ ਭਾਜਪਾ ਨੂੰ 2 ਤੋਂ 3, ਇੰਡੀਆ ਗੱਠਜੋੜ ਨੂੰ 13 ਤੋਂ 15 ਤੇ ਦੋ ਸੀਟਾਂ ਹੋਰਨਾਂ ਨੂੰ ਮਿਲ ਸਕਦੀਆਂ ਹਨ। ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਟੀ ਆਰ ਐੱਸ 9, ਭਾਜਪਾ 4, ਕਾਂਗਰਸ 3 ਤੇ ਹੋਰਨਾਂ ਨੂੰ 1 ਸੀਟ ਮਿਲੀ ਸੀ।*

*ਹਿਮਾਚਲ ਵਿੱਚ ਸਰਵੇ ਮੁਤਾਬਕ ਭਾਜਪਾ ਦੋ ਤੋਂ ਤਿੰਨ ਤੇ ਕਾਂਗਰਸ 1 ਤੋਂ 2 ਸੀਟਾਂ ਜਿੱਤ ਸਕਦੀ ਹੈ। ਪਿਛਲੀਆਂ ਚੋਣਾਂ ਵਿੱਚ ਭਾਜਪਾ ਨੇ ਇੱਥੋਂ ਦੀਆਂ ਚਾਰੇ ਸੀਟਾਂ ਉੱਤੇ ਜਿੱਤ ਪ੍ਰਾਪਤ ਕੀਤੀ ਸੀ। ਹਰਿਆਣਾ ਦੀਆਂ 10 ਸੀਟਾਂ ਦੇ ਸਰਵੇ ਮੁਤਾਬਕ ਭਾਜਪਾ 6 ਤੋਂ 7 ਤੇ ਇੰਡੀਆ ਗੱਠਜੋੜ 3-4 ਸੀਟਾਂ ਜਿੱਤ ਸਕਦਾ ਹੈ। ਪਿਛਲੀਆਂ ਚੋਣਾਂ ਵਿੱਚ ਭਾਜਪਾ ਸਾਰੀਆਂ 10 ਸੀਟਾਂ ਜਿੱਤ ਗਈ ਸੀ।*

*ਮੱਧ ਪ੍ਰਦੇਸ਼ ਦੇ ਸਰਵੇ ਵਿੱਚ ਲੋਕ-ਪੋਲ ਦਾ ਕਹਿਣਾ ਹੈ ਕਿ ਭਾਜਪਾ ਇਸ ਵਾਰ 25 ਤੋਂ 26 ਸੀਟਾਂ ਜਿੱਤ ਸਕਦੀ ਹੈ। ਪਿਛਲੀ ਵਾਰ ਉਹ 29 ਵਿੱਚੋਂ 28 ਜਿੱਤ ਗਈ ਸੀ। ਇਸ ਵਾਰ ਕਾਂਗਰਸ 3-4 ਸੀਟਾਂ ਲਿਜਾ ਸਕਦੀ ਹੈ।*

*ਸਰਵੇ ਮੁਤਾਬਕ ਬਿਹਾਰ ਵਿੱਚ ਐੱਨ ਡੀ ਏ 24 ਤੋਂ 25 ਸੀਟਾਂ ਜਿੱਤ ਸਕਦਾ ਹੈ। ਪਿਛਲੀ ਵਾਰ ਉਸ ਨੇ 40 ਵਿੱਚੋਂ 39 ਉੱਤੇ ਜਿੱਤ ਹਾਸਲ ਕੀਤੀ ਸੀ। ਇੰਡੀਆ ਗੱਠਜੋੜ ਨੂੰ ਇਸ ਵਾਰ 15 ਤੋਂ 16 ਸੀਟਾਂ ਮਿਲ ਸਕਦੀਆਂ ਹਨ। ਉੱਤਰ ਪ੍ਰਦੇਸ਼ ਵਿੱਚ ਸਰਵੇ ਐੱਨ ਡੀ ਏ ਨੂੰ 68 ਤੋਂ 69 ਤੇ ਇੰਡੀਆ ਗੱਠਜੋੜ ਨੂੰ 8 ਤੋਂ 10 ਸੀਟਾਂ ਦਿੰਦਾ ਹੈ। ਬਸਪਾ ਨੂੰ ਵੀ 3 ਤੋਂ 4 ਸੀਟਾਂ ਮਿਲ ਸਕਦੀਆਂ ਹਨ।*

*ਕਰਨਾਟਕ ਵਿੱਚ ਪਿਛਲੀ ਵਾਰ ਭਾਜਪਾ ਨੇ 28 'ਚੋਂ 27 ਸੀਟਾਂ ਲੜ ਕੇ 25 ਜਿੱਤੀਆਂ ਸਨ ਤੇ ਇੱਕ ਸੀਟ ਉਸ ਦੀ ਹਮਾਇਤ ਪ੍ਰਾਪਤ ਅਜ਼ਾਦ ਜਿੱਤ ਗਿਆ ਸੀ। ਕਾਂਗਰਸ ਤੇ ਜੇ ਡੀ ਐੱਸ ਨੂੰ 1-1 ਸੀਟ ਮਿਲੀ ਸੀ। ਸਰਵੇ ਮੁਤਾਬਕ ਇਸ ਵਾਰ ਭਾਜਪਾ 11 ਤੋਂ 13 ਤੇ ਕਾਂਗਰਸ 15 ਤੋਂ 17 ਸੀਟਾਂ ਜਿੱਤ ਜਾਵੇਗੀ। ਗੁਜਰਾਤ ਵਿੱਚ ਭਾਜਪਾ ਨੂੰ ਇਸ ਵਾਰ 21 ਤੋਂ 23 ਤੇ ਇੰਡੀਆ ਗੱਠਜੋੜ ਨੂੰ 3 ਤੋਂ 5 ਸੀਟਾਂ ਮਿਲ ਸਕਦੀਆਂ ਹਨ। ਪਿਛਲੀ ਵਾਰ ਭਾਜਪਾ ਸਾਰੀਆਂ 26 ਸੀਟਾਂ ਜਿੱਤ ਗਈ ਸੀ।*

*ਰਾਜਸਥਾਨ ਵਿੱਚ ਵੀ ਭਾਜਪਾ ਨੇ ਪਿਛਲੀਆਂ ਚੋਣਾਂ ਵਿੱਚ ਸਾਰੀਆਂ 25 ਸੀਟਾਂ ਜਿੱਤ ਲਈਆਂ ਸਨ। ਸਰਵੇ ਮੁਤਾਬਕ ਇਸ ਵਾਰ ਉਸ ਨੂੰ 17 ਤੋਂ 19 ਤੇ ਇੰਡੀਆ ਗੱਠਜੋੜ ਨੂੰ 6 ਤੋਂ 8 ਸੀਟਾਂ ਮਿਲ ਸਕਦੀਆਂ ਹਨ। ਮਹਾਰਾਸ਼ਟਰ ਵਿੱਚ ਸਰਵੇ ਮੁਤਾਬਕ ਐੱਨ ਡੀ ਏ ਨੂੰ 21 ਤੋਂ 24, ਇੰਡੀਆ ਗੱਠਜੋੜ ਨੂੰ 23 ਤੋਂ 26 ਤੇ ਹੋਰਨਾਂ ਨੂੰ ਇੱਕ ਸੀਟ ਮਿਲ ਸਕਦੀ ਹੈ। ਪਿਛਲੀ ਵਾਰ ਐੱਨ ਡੀ ਏ 41 ਸੀਟਾਂ ਜਿੱਤਿਆ ਸੀ ਤੇ ਇੰਡੀਆ ਗੱਠਜੋੜ ਵਿੱਚ ਸ਼ਾਮਲ ਪਾਰਟੀਆਂ ਨੂੰ 5 ਤੇ 2 ਹੋਰਨਾਂ ਨੂੰ ਮਿਲੀਆਂ ਸਨ।*

*ਸਰਵੇ ਮੁਤਾਬਕ ਓਡੀਸ਼ਾ ਵਿੱਚ ਭਾਜਪਾ ਇਸ ਵਾਰ 11 ਤੋਂ 13, ਬੀਜੂ ਜਨਤਾ ਦਲ 7 ਤੋਂ 9 ਤੇ ਇੰਡੀਆ ਗੱਠਜੋੜ 1 ਤੋਂ 2 ਸੀਟਾਂ ਜਿੱਤ ਸਕਦਾ ਹੈ। ਪਿਛਲੀ ਵਾਰ ਬੀ ਜੇ ਡੀ 19 ਤੇ ਭਾਜਪਾ 8 ਸੀਟਾਂ ਜਿੱਤੀ ਸੀ। ਯੂ ਪੀ ਏ ਨੂੰ 1 ਸੀਟ ਮਿਲੀ ਸੀ। ਤਾਮਿਲਨਾਡੂ ਦੀਆਂ 39 ਸੀਟਾਂ ਇਸ ਵਾਰ ਇੰਡੀਆ ਗਠਜੋੜ ਨੂੰ ਮਿਲ ਸਕਦੀਆਂ ਹਨ। ਬਾਕੀ ਸਭ ਧਿਰਾਂ ਦੇ ਖਾਲੀ ਰਹਿਣ ਦੀ ਉਮੀਦ ਹੈ ਪਿਛਲੀ ਵਾਰ ਡੀ ਐੱਮ ਕੇ ਗਠਜੋੜ ਨੇ 37 ਜਿੱਤੀਆਂ ਸਨ, ਐੱਨ ਡੀ ਏ 1 ਤੇ 1 ਹੋਰ ਦੇ ਖਾਤੇ ਗਈ ਸੀ। ਕੇਰਲ ਵਿੱਚ ਵੀ ਐੱਨ ਡੀ ਏ ਦਾ ਖਾਤਾ ਖੁੱਲ੍ਹਣ ਦੀ ਕੋਈ ਸੰਭਾਵਨਾ ਨਹੀਂ ਹੈ।*

*ਪੱਛਮੀ ਬੰਗਾਲ ਵਿੱਚ ਇਸ ਵਾਰ ਟੀ ਐੱਮ ਸੀ ਮਜ਼ਬੂਤ ਸਥਿਤੀ ਵਿੱਚ ਹੈ। ਉਸ ਨੂੰ 26 ਤੋਂ 28 ਸੀਟਾਂ ਮਿਲ ਸਕਦੀਆਂ ਹਨ। ਭਾਜਪਾ 11 ਤੋਂ 13 ਤੇ ਇੰਡੀਆ ਗਠਜੋੜ 2 ਤੋਂ 4 ਸੀਟਾਂ ਜਿੱਤ ਸਕਦਾ ਹੈ। ਪਿਛਲੀਆਂ ਚੋਣਾਂ ਵਿੱਚ ਟੀ ਐੱਮ ਸੀ ਨੇ 22, ਭਾਜਪਾ ਨੇ 18 ਤੇ ਕਾਂਗਰਸ ਨੇ 2 ਸੀਟਾਂ ਜਿੱਤੀਆਂ ਸਨ। ਅਸਾਮ ਵਿੱਚ ਇਸ ਵਾਰ ਭਾਜਪਾ 7 ਤੋਂ 8, ਕਾਂਗਰਸ 4 ਤੋਂ 5 ਤੇ ਹੋਰ 2 ਸੀਟਾਂ ਜਿੱਤ ਸਕਦੇ ਹਨ। ਉੱਤਰ-ਪੂਰਬ ਦੇ ਬਾਕੀ ਛੋਟੇ ਰਾਜਾਂ ਵਿੱਚ ਭਾਜਪਾ ਨੂੰ 6 ਤੋਂ 8 ਤੇ ਇੰਡੀਆ ਗੱਠਜੋੜ ਨੂੰ 2 ਤੋਂ 4 ਤੇ ਹੋਰਨਾਂ ਨੂੰ 1 ਸੀਟ ਮਿਲ ਸਕਦੀ ਹੈ।*

*ਇਸ ਲੋਕ-ਪੋਲ ਸਰਵੇ ਦਾ ਜੇਕਰ ਸੰਘ ਦੇ ਅੰਦਰੂਨੀ ਸਰਵੇ ਨਾਲ ਮੁਕਾਬਲਾ ਕਰੀਏ ਤਾਂ ਉਹ ਜ਼ਿਆਦਾ ਸਚਾਈ ਦੇ ਨੇੜੇ ਲਗਦਾ ਹੈ। ਉਸ ਸਰਵੇ ਮੁਤਾਬਕ ਐੱਨ ਡੀ ਏ ਨੂੰ ਤੇਲੰਗਾਨਾ 1, ਹਿਮਾਚਲ 2, ਹਰਿਆਣਾ 6, ਮੱਧ ਪ੍ਰਦੇਸ਼ 24, ਬਿਹਾਰ 9, ਯੂ ਪੀ 65, ਕਰਨਾਟਕ 6, ਗੁਜਰਾਤ 23, ਰਾਜਸਥਾਨ 16, ਮਹਾਰਾਸ਼ਟਰ 11, ਓਡੀਸ਼ਾ 6, ਬੰਗਾਲ 9, ਅਸਾਮ 7 ਤੇ ਪੂਰਬੀ ਰਾਜਾਂ ਵਿੱਚ 2 ਸੀਟਾਂ ਮਿਲਣਗੀਆਂ। ਇਹ ਕੁੱਲ 187 ਬਣਦੀਆਂ ਹਨ।*

# ਭਾਰਤ : ਬੇਰੁਜ਼ਗਾਰੀ ਦੀ ਖ਼ਤਰਨਾਕ ਸਥਿਤੀ

**ਡਾ. ਅਨੂਪ ਸਿੰਘ**

ਵਿੱਤੀ ਸਾਲ 2022-23 ਵਿਚ 92 ਫੀਸਦੀ ਰੁਜ਼ਗਾਰ ਪ੍ਰਾਈਵੇਟ ਖੇਤਰ ਵਿਚ ਸਨ । ਇਸ ਪ੍ਰਸਥਿਤੀ ਦੇ ਤੇ ਸਰੂਪ ਇਹ ਅਸੰਗਠਿਤ ਖੇਤਰ ਵਾਲਾ ਹੈ । ਇਹ ਸਥਾਈ ਰੁਜ਼ਗਾਰ ਨਹੀਂ ਪੈਦਾ ਕਰ ਰਿਹਾ । ਇਕ ਅਨਿਸਚਿਤ ਰੁਜ਼ਗਾਰ, ਅਸਥਾਈ ਕਿਰਤੀ ਅਤੇ ਠੇਕਾ ਆਧਾਰਿਤ ਰੁਜ਼ਗਾਰ ਪੈਦਾ ਕਰਦਾ ਹੈ । ਇਥੇ ਨਾ ਉਜਰਤ ਨਿਸ਼ਚਿਤ ਹੈ ਅਤੇ ਨਾ ਹੀ ਕੰਮ । ਕੰਮ ਤੋਂ ਕੱਢੇ ਜਾਣ ਵਾਲੀ ਬੇਭਰੋਸਗੀ ਦੀ ਤਲਵਾਰ ਸਦਾ ਹੀ ਸਿਰ 'ਤੇ ਲਟਕਦੀ ਰਹਿੰਦੀ ਹੈ । ਸਰਕਾਰ ਜਵਾਨੀ ਨੂੰ ਅਨਿਸਚਿਤ ਭਵਿੱਖ ਵੱਲ ਧੱਕ ਰਹੀ ਹੈ । ਸਰਕਾਰ ਦੀ ਥਾਂ ਮੌਜੂਦਾ ਵਿਵਸਥਾ ਵੀ ਕਿਹਾ ਜਾ ਸਕਦਾ ਹੈ, ਜਿਸ ਨੂੰ ਕਾਰਪੋਰੇਟ, ਸਾਮਰਾਜ ਤੇ ਅਵਾਰਾ ਪੂੰਜੀ ਵੀ ਕਿਹਾ ਜਾ ਸਕਦਾ ਹੈ । ਇਸ ਵਿਵਸਥਾ ਵਿਚ ਵਿਕਾਸ ਦੇ ਨਾਂਅ 'ਤੇ ਆਰਥਿਕਤਾ ਨੂੰ ਗਿੱਗ ਆਰਥਿਕਤਾ ਵੱਲ ਧੱਕਿਆ ਜਾ ਰਿਹਾ ਹੈ, ਜਿਸ ਵਿਚ ਦਿਹਾੜੀਦਾਰ, ਫੇਰੀ-ਫੜ੍ਹੀ ਵਾਲੇ ਜਾਂ ਫ੍ਰੀ-ਲਾਂਸ ਕਿਰਤੀ ਹਨ ।

ਅਗਸਤ 2023 ਵਿਚ ਨੀਤੀ ਆਯੋਗ ਵੱਲੋਂ ਜਾਰੀ ਕੀਤੀ ਰਿਪੋਰਟ ਵਿਚ ਮੰਨਿਆ ਗਿਆ ਹੈ ਕਿ ਭਾਰਤ ਵਿਚ 2019-20 ਦੌਰਾਨ 22 ਫੀਸਦੀ ਉੱਚ ਸਿਖਲਾਈ ਪ੍ਰਾਪਤ ਤੇ ਹੁਨਰਮੰਦ ਨੌਜਵਾਨ ਹਨ; 31 ਫੀਸਦੀ ਘੱਟ ਹੁਨਰਮੰਦ ਅਤੇ ਬਾਕੀ ਸਿਖਲਾਈ ਪੱਖ ਤੋਂ ਮੱਧ-ਵਰਗ ਵਿਚ ਆਉਂਦੇ 47 ਫੀਸਦੀ ਇਕ ਕਿਸਮ ਦੀ ਗਿੱਗ ਅਰਥ-ਵਿਵਸਥਾ ਵਿਚ ਲੱਗੇ ਹੋਏ ਹਨ । ਅਨੁਮਾਨ ਹਨ ਕਿ ਅਗਲੇ ਪੰਜ ਸਾਲਾਂ ਵਿਚ-ਭਾਵ 2028 ਤੱਕ ਇਹ ਰੁਝਾਨ ਤੇਜ਼ੀ ਨਾਲ ਵਧਣ ਦੇ ਆਸਾਰ ਹਨ । ਨਿੱਜੀ ਕੰਪਨੀਆਂ ਲਈ ਘਰ ਬੈਠੇ ਹੀ ਕੰਮ ਕਰਨ ਦੇ ਨਵੇਂ ਰਿਵਾਜ ਨੇ ਰੁਜ਼ਗਾਰ ਨੂੰ ਸਿੱਧੇ ਤੌਰ 'ਤੇ ਘਟਾਇਆ ਹੈ ।

ਪਹਿਲਾਂ ਹੀ ਬੀਤੇ ਦੋ-ਢਾਈ ਦਹਾਕਿਆਂ ਤੋਂ ਸਾਡੀ ਜਵਾਨੀ ਹਰ ਜਾਇਜ਼-ਨਜਾਇਜ਼ ਢੰਗ ਨਾਲ ਵਿਦੇਸ਼ਾਂ ਵੱਲ ਦੌੜ ਰਹੀ ਹੈ । ਜਵਾਨੀ ਦਾ ਇਕ ਹਿੱਸਾ ਗ਼ੈਰ-ਸਮਾਜਿਕ ਕੰਮਾਂ ਵੱਲ ਧੱਕਿਆ ਜਾ ਰਿਹਾ ਹੈ ਜਾਂ ਉਹ ਨਸ਼ਿਆਂ ਦੀ ਦਲਦਲ 'ਚ ਫਸ ਰਿਹਾ ਹੈ । ਬੜੀ ਮੁਸ਼ਕਿਲ ਨਾਲ ਸਾਡੀ ਜਵਾਨੀ ਦਾ ਚੌਥਾ ਜਾਂ ਪੰਜਵਾਂ ਹਿੱਸਾ ਹੀ ਸਾਰਥਿਕ ਤੇ ਸਮਾਜਿਕ ਕੰਮਾਂ 'ਚ ਲੱਗਾ ਹੋਇਆ ਹੈ ।

ਅੰਤਰ-ਰਾਸ਼ਟਰੀ ਕਿਰਤ ਸੰਗਠਨ ਅਨੁਸਾਰ ਸਾਰੇ ਨੌਜਵਾਨਾਂ ਨੂੰ ਮਾਣ-ਇੱਜ਼ਤ ਵਾਲਾ ਲਾਹੇਵੰਦ ਕੰਮ-ਧੰਦਾ/ਰੁਜ਼ਗਾਰ ਮਿਲਣਾ ਚਾਹੀਦਾ ਹੈ, ਜਿਸ ਨਾਲ ਉਹ ਵਧੀਆ ਢੰਗ ਨਾਲ ਜੀਵਨ ਦੀਆਂ ਬੁਨਿਆਦੀ ਜ਼ਰੂਰਤਾਂ ਪੂਰੀਆਂ ਕਰਦਿਆਂ ਜ਼ਿੰਦਗੀ ਜੀਣ ਦੇ ਸਮਰੱਥ ਹੋ ਸਕਣ। ਦੇਸ਼ ਵਿਚ ਕੁੱਲ ਰੁਜ਼ਗਾਰ ਦਾ ਅਜੇ ਵੀ 44 ਫੀਸਦੀ ਖੇਤੀ ਖੇਤਰ ਵਿਚ ਹੈ, ਜਦੋਂ ਕਿ ਵਿਕਸਤ ਦੇਸ਼ਾਂ ਵਿਚ ਇਹ ਮੁਸ਼ਕਲ ਨਾਲ 2 ਤੋਂ 3 ਫੀਸਦੀ ਹੈ ।

ਅੰਤਰ-ਰਾਸ਼ਟਰੀ ਕਿਰਤ ਸੰਗਠਨ ਅਤੇ ਮਨੁੱਖੀ ਵਿਕਾਸ ਸੰਗਠਨ ਵੱਲੋਂ ਸਾਂਝੇ ਤੌਰ 'ਤੇ ਪ੍ਰਕਾਸ਼ਤ ਸਾਲ 2024 ਦੀ ਰਿਪੋਰਟ, ਜੋ ਭਾਰਤ ਵਿਚ ਰੁਜ਼ਗਾਰ ਦੀ ਸਥਿਤੀ ਬਾਰੇ ਹੈ, ਅਨੁਸਾਰ ਬੇਰੁਜ਼ਗਾਰਾਂ ਵਿੱਚੋਂ 83 ਫੀਸਦੀ ਨੌਜਵਾਨ ਹਨ । ਸਿੱਟੇ ਵਜੋਂ ਭਾਰਤ ਸਭ ਤੋਂ ਖ਼ਤਰਨਾਕ ਕਿਸਮ ਦੀ ਬੇਰੁਜ਼ਗਾਰੀ ਦੀ ਜਕੜ ਵਿਚ ਹੈ । ਇਸ ਰਿਪੋਰਟ ਅਨੁਸਾਰ 2022 ਵਿਚ ਘੱਟੋ-ਘੱਟ ਸੈਕੰਡਰੀ ਸਿੱਖਿਆ ਪ੍ਰਾਪਤ ਬੇਰੁਜ਼ਗਾਰ ਨੌਜਵਾਨਾਂ ਦਾ ਅਨੁਪਾਤ ਵਧ ਕੇ 65.7 ਫੀਸਦੀ ਹੋ ਗਿਆ ਹੈ, ਜੋ ਸਾਲ 2000 ਵਿਚ 35.2 ਫੀਸਦੀ ਸੀ । ਰਿਪੋਰਟ ਦੀਆਂ ਲੱਭਤਾਂ ਨਾਲ ਇਕ ਗੱਲ ਸਾਫ਼ ਹੋ ਗਈ ਹੈ ਕਿ ਆਬਾਦੀ ਦੇ ਲਾਭੰਸ਼ ਦਾ ਲਾਭ ਉਠਾਉਣ ਦੇ ਦਾਅਵੇ ਨਿਰਮੂਲ ਸਾਬਿਤ ਹੋਏ ਹਨ ਅਤੇ ਇਸ ਮਾਮਲੇ ਵਿਚ ਭਾਰਤੀ ਹਾਕਮਾਂ ਦੀ ਕਾਬਲੀਅਤ 'ਤੇ ਪ੍ਰਸ਼ਨ-ਚਿੰਨ੍ਹ ਲੱਗ ਗਿਆ ਹੈ । ਸਾਲ 2021 ਵਿਚ ਦੇਸ਼ ਦੀ ਕੁੱਲ ਵੱਸੋਂ ਵਿੱਚ ਨੌਜਵਾਨਾਂ ਦਾ ਅਨੁਪਾਤ 27 ਫੀਸਦੀ ਸੀ । ਰਿਪੋਰਟ ਵਿਚ ਉਲੇਖ ਕੀਤਾ ਗਿਆ ਹੈ ਕਿ ਸਾਲ 2000 ਤੋਂ 2018 ਤੱਕ ਦੇ ਕਾਲ-ਅੰਤਰ ਦੌਰਾਨ ਕਿਰਤ ਸ਼ਕਤੀ ਹਿੱਸੇਦਾਰੀ ਦਰ, ਕਿਰਤੀ ਆਬਾਦੀ ਅਨੁਪਾਤ (ਇਕ ਹਜ਼ਾਰ ਨਾਗਰਿਕਾਂ ਪਿੱਛੇ ਕਿਰਤੀਆਂ ਦੀ ਗਿਣਤੀ) ਅਤੇ ਬੇਰੁਜ਼ਗਾਰੀ ਦੀ ਹਾਲਤ ਵਿਗੜਦੀ ਰਹੀ ਸੀ । ਸਾਲ 2022 ਵਿਚ 15-19 ਆਯੂ-ਗੁੱਟ ਵਿਚ ਬੇਰੁਜ਼ਗਾਰੀ ਦਰ 13.2% ਅਤੇ 25-29 ਆਯੂ ਗੁੱਟ ਵਿਚ ਇਹ ਦਰ 8.6% ਸੀ । ਸਾਲ 2022 ਵਿਚ ਪੁਰਸ਼ਾਂ ਵਿਚ ਬੇਰੁਜ਼ਗਾਰੀ ਦੀ ਦਰ 12.6% ਸੀ, ਜਦੋਂ ਕਿ ਸਾਲ 2000 ਵਿਚ ਇਹ ਦਰ 6.2 ਸੀ, ਭਾਵ 22 ਸਾਲ ਵਿਚ ਦੁਗਣੀ ਹੋ ਗਈ । ਸਾਲ 2019 ਵਿਚ ਇਹ ਦਰ 17.3 ਫੀਸਦੀ ਸੀ । ਅੱਧੀ ਸਦੀ ਵਿਚ ਸਿਖਰ 'ਤੇ ਸੀ । ਨੌਜਵਾਨ ਔਰਤਾਂ ਵਿਚ ਸਾਲ 2022 ਵਿਚ ਬੇਰੁਜ਼ਗਾਰੀ ਦੀ ਦਰ 11.8 ਫੀਸਦੀ ਸੀ । ਸਾਲ 2000 ਵਿਚ ਇਹ ਦਰ 4.4 ਫੀਸਦੀ ਸੀ । ਭਾਵ ਬਾਈ ਸਾਲਾਂ ਵਿਚ ਢਾਈ ਗੁਣਾ ਤੋਂ ਵੱਧ ਹੋ ਗਈ । ਇਹ ਹੈ ਭਾਜਪਾ ਦੇ 'ਬੇਟੀ ਬਚਾਉ, ਬੇਟੀ ਪੜ੍ਹਾਉ' ਦੇ ਨਾਅਰੇ ਦੀ ਹਕੀਕਤ ।





ਸਮੁੱਚੇ ਤੌਰ 'ਤੇ 2022 ਵਿਚ ਬੇਰੁਜ਼ਗਾਰੀ ਦਰ 12.4 ਫੀਸਦੀ ਸੀ, ਜੋ ਸਾਲ 2000 ਵਿਚ 5.7 ਫੀਸਦੀ ਸੀ । ਇਹ ਦਰ 2019 ਵਿਚ 17.5 ਫੀਸਦੀ ਸੀ । ਯਾਦ ਰਹੇ ਕਿ ਇਸ ਸਰਵਉੱਚ ਦਰ ਨੇ ਹੀ ਕੌਮੀ ਅੰਕੜਾ ਸੰਸਥਾ ਦੇ ਕਈ ਸਰਵਉੱਚ ਅਧਿਕਾਰੀਆਂ ਦੀ ਬਲੀ ਲਈ ਸੀ । ਰਿਪੋਰਟ ਅਨੁਸਾਰ 47.5 ਫੀਸਦੀ ਨੌਜਵਾਨ ਅਤੇ 58.5 ਫੀਸਦੀ ਬਾਲਗ ਸਵੈ-ਰੁਜ਼ਗਾਰ 'ਚ ਲੱਗੇ ਹੋਏ ਹਨ । ਵਿਸ਼ਵ ਪੱਧਰ 'ਤੇ ਸਾਲ 2021 ਵਿਚ ਨੌਜਵਾਨਾਂ 'ਚ ਬੇਰੁਜ਼ਗਾਰੀ ਦੀ ਦਰ 15.6% ਸੀ ।

ਭਾਰਤ ਦੀ ਅੱਧੀ ਵੱਸੋਂ 28 ਸਾਲ ਤੋਂ ਘੱਟ ਉਮਰ ਦੀ ਹੈ । ਪੀ ਐੱਲ ਐੱਫ ਐੱਸ (ਜੁਲਾਈ 2022 ਤੋਂ ਜੂਨ 2023) ਅਨੁਸਾਰ 15-29 ਆਯੂ ਗੁੱਟ ਦੇ ਵਿਅਕਤੀਆਂ ਦੀ ਬੇਰੁਜ਼ਗਾਰੀ ਦਰ 10 ਫੀਸਦੀ ਹੈ । ਪਿੰਡਾਂ 'ਚ ਇਹ ਦਰ 8.3 ਫੀਸਦੀ ਹੈ ਅਤੇ ਸ਼ਹਿਰਾਂ 'ਚ 13.8 ਫੀਸਦੀ ਹੈ । ਸਟੇਟ ਆਫ ਵਰਕਿੰਗ ਇੰਡੀਆ ਰਿਪੋਰਟ ਅਨੁਸਾਰ 25 ਸਾਲ ਤੋਂ ਘੱਟ ਉਮਰ ਵਾਲੇ ਗਰੈਜੂਏਟਾਂ 'ਚ ਬੇਰੁਜ਼ਗਾਰੀ ਦੀ ਦਰ 42.3 ਫੀਸਦੀ ਸੀ । ਜਿਵੇਂ-ਜਿਵੇਂ ਗਰੈਜੂਏਟਾਂ ਦੀ ਉਮਰ ਵਧਦੀ ਗਈ ਅਤੇ ਲੰਬੇ ਸਮੇਂ ਤੱਕ ਉਡੀਕ ਕਰਨੀ ਪਈ, ਬੇਰੁਜ਼ਗਾਰੀ ਦੀ ਦਰ ਘੱਟ ਹੋ ਗਈ । ਇਸ ਵਰਤਾਰੇ ਦੇ ਤਿੰਨ-ਚਾਰ ਆਧਾਰ ਹੋ ਸਕਦੇ ਹਨ । (ੳ) ਜਾਂ ਤਾਂ ਚੰਗੀ-ਮਾੜੀ ਨੌਕਰੀ ਮਿਲ ਗਈ (ਅ) ਸਵੈ-ਰੁਜ਼ਗਾਰ 'ਚ ਲੱਗ ਗਏ (ੲ) ਉਨ੍ਹਾਂ ਨੇ ਕੰਮ ਦੀ ਭਾਲ ਹੀ ਛੱਡ ਦਿੱਤੀ ਤੇ ਮਾਪਿਆਂ 'ਤੇ ਬੋਝ ਬਣ ਗਏ । (ਸ) ਸਮਾਜ-ਵਿਰੋਧੀ ਗਤੀਵਿਧੀਆਂ 'ਚ ਫਸ ਗਏ ਜਾਂ ਨਸ਼ਿਆਂ ਦੀ ਦਲਦਲ 'ਚ ਧੱਕ ਦਿੱਤੇ ਗਏ ਜਾਂ ਜਾਇਜ਼ ਤੇ ਨਜਾਇਜ਼ ਢੰਗ-ਤਰੀਕਿਆਂ ਨਾਲ ਵਿਦੇਸ਼ ਚਲੇ ਗਏ । ਇਸ ਸਰਵੇ ਤੋਂ ਇਹ ਵੀ ਪਤਾ ਲੱਗਾ ਕਿ 30 ਤੋਂ 34 ਸਾਲ ਦੀ ਉਮਰ ਦੇ ਗਰੈਜੂਏਟਾਂ ਵਿਚ ਵੀ ਬੇਰੁਜ਼ਗਾਰੀ ਦੀ ਦਰ 9.8% ਫੀਸਦੀ ਹੈ । ਬੇਰੁਜ਼ਗਾਰੀ ਦੀ ਉੱਚੀ ਦਰ ਦਾ ਪ੍ਰਭਾਵ ਅੰਦਰੂਨੀ ਪ੍ਰਵਾਸ ਅਤੇ ਅਪਰਾਧ, ਹਿੰਸਾ ਅਤੇ ਨਸ਼ੀਲੀਆਂ ਦਵਾਈਆਂ ਤੇ ਨਸ਼ਿਆਂ ਦੇ ਵਧਦੇ ਪ੍ਰਕੋਪ 'ਚ ਨਿਕਲਦਾ ਹੈ । ਸਰਕਾਰ ਦੇ ਰੁਜ਼ਗਾਰ ਦੇਣ ਦੇ ਸਾਰੇ ਵਾਅਦੇ ਹਵਾ ਹੋ ਗਏ ਹਨ । ਜੁਲਾਈ 2023 'ਚ ਸੰਸਦ ਨੂੰ ਇਕ ਲਿਖਤੀ ਜਵਾਬ 'ਚ ਸਰਕਾਰ ਨੇ ਦੱਸਿਆ ਕਿ ਮਾਰਚ 2022 'ਚ ਕੇਂਦਰ ਸਰਕਾਰ ਦੇ ਦਫ਼ਤਰਾਂ 'ਚ 9,64,359 ਪੋਸਟਾਂ ਖਾਲੀ ਹਨ । ਘੱਟ ਤੋਂ ਘੱਟ ਸਰਕਾਰ ਇਹ ਪੋਸਟਾਂ ਭਰ ਸਕਦੀ ਸੀ । ਇਸ ਤੋਂ ਛੁੱਟ ਕੇਂਦਰੀ ਗ੍ਰਹਿ ਰਾਜ ਮੰਤਰੀ ਨੇ 2 ਅਗਸਤ 2023 ਨੂੰ ਰਾਜ ਸਭਾ ਵਿਚ ਇਕ ਸਵਾਲ ਦੇ ਜਵਾਬ ਵਿਚ ਦੱਸਿਆ ਕਿ ਕੇਂਦਰੀ ਗ੍ਰਹਿ ਮੰਤਰਾਲੇ ਦੇ ਅਧੀਨ ਵੱਖ-ਵੱਖ ਸੁਰੱਖਿਆ ਸੰਗਠਨਾਂ/ਸੰਸਥਾਵਾਂ (ਬੀ ਐੱਸ ਐੱਫ, ਸੀ ਆਰ ਪੀ ਐੱਫ ਤੇ ਦਿੱਲੀ ਪੁਲਿਸ) ਸਮੇਤ ਵੱਖ-ਵੱਖ ਸੂਹੀਆ ਤੇ ਪੜਤਾਲੀਆ ਏਜੰਸੀਆਂ-ਆਈ. ਬੀ., ਸੀ.ਆਈ.ਡੀ., ਈ.ਡੀ., ਸੀ.ਬੀ.ਆਈ. ਆਦਿ ਵਿਚ 1,14,245 ਪੋਸਟਾਂ ਖਾਲੀ ਸਨ ।

ਰਾਜ ਪ੍ਰਦੂਸ਼ਣ ਕੰਟਰੋਲ ਬੋਰਡਾਂ ਅਤੇ ਪ੍ਰਦੂਸ਼ਣ ਕੰਟਰੋਲ ਕਮੇਟੀਆਂ ਵਿਚ ਮੁਲਾਜ਼ਮਾਂ ਦੀ ਵੱਡੀ ਥੁੜ੍ਹ/ਘਾਟ ਹੈ । ਸਿੱਟੇ ਵਜੋਂ ਪ੍ਰਦੂਸ਼ਣ ਕੰਟਰੋਲ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੀਆਂ ਹਨ । ਰਾਜ ਪ੍ਰਦੂਸ਼ਣ ਕੰਟਰੋਲ ਬੋਰਡਾਂ ਅਤੇ ਪ੍ਰਦੂਸ਼ਣ ਕੰਟਰੋਲ ਕਮੇਟੀਆਂ ਵਿੱਚ ਕੁੱਲ ਪੋਸਟਾਂ 11,969 ਹਨ, ਪਰ ਇਨ੍ਹਾਂ ਵਿਚੋਂ 6,092 ਖਾਲੀ ਹਨ, ਭਾਵ ਅੱਧ ਤੋਂ ਵੱਧ ਪੋਸਟਾਂ ਖਾਲੀ ਹਨ।

**# ਸੰਪਰਕ : 98768-01268**

# ਫੋਨਾਂ ਤੇ ਟੈਕਸਟਿੰਗ ਨੂੰ ਪਾਸੇ ਰੱਖ ਕੇ ਬੱਚਿਆਂ ਨਾਲ ਮੇਲ-ਮਿਲਾਪ ਵਧਾਓ



ਸੁਰਜੀਤ ਸਿੰਘ ਫਲੋਰਾ

ਤੁਹਾਡੇ ਕੋਲ ਆਪਣੇ ਬੱਚੇ ਦੀਆਂ ਖੂਬੀਆਂ ਅਤੇ ਕਮਜ਼ੋਰੀਆਂ ਨੂੰ ਸੱਚਮੁੱਚ ਸਮਝਣ ਦਾ ਮੌਕਾ ਹੁੰਦਾ ਹੈ, ਪਰ ਕੰਮ-ਕਾਜ ਦੀ ਦੌੜ ਵਿਚ ਅਸੀਂ ਕਦੇ ਇਹਨਾਂ ਗੱਲਾਂ ਵੱਲ ਧਿਆਨ ਹੀ ਨਹੀਂ ਦਿੰਦੇ । ਜਿੱਥੇ ਕਿ ਬਿਨਾਂ ਕਿਸੇ ਨਿਰਣੇ ਦੇ ਹਰੇਕ ਖੇਤਰ ਵਿੱਚ ਉਹਨਾਂ ਦੇ ਵਿਕਾਸ ਲਈ ਬਰਾਬਰ ਸਹਾਇਤਾ ਪ੍ਰਦਾਨ ਕਰਦੇ ਹੋਏ, ਉਨ੍ਹਾਂ ਲਈ ਤੁਹਾਡਾ ਪਿਆਰ ਅਟੁੱਟ ਅਤੇ ਬੇਸ਼ਰਤ ਹੋਣਾ ਚਾਹੀਦਾ ਹੈ । ਵਿਦਿਅਕ, ਐਥਲੈਟਿਕ, ਵਿਗਿਆਨਕ, ਗਣਿਤਿਕ, ਕਲਾਤਮਿਕ ਅਤੇ ਹੋਰ ਬਹੁਤ ਕੁਝ, ਜਿਸ ਬਾਰੇ ਤੁਸੀਂ ਉਹਨਾਂ ਨਾਲ ਸਾਂਝ ਪਾ ਸਕਦੇ ਹੋ ।

ਸੱਚਮੁੱਚ! ਇਹ ਧਿਆਨ ਵਿੱਚ ਰੱਖਣਾ ਮਹੱਤਵਪੂਰਨ ਹੈ ਕਿ ਬੱਚੇ ਦੇ ਆਲੇ-ਦੁਆਲੇ ਦੇ ਮਾਹੌਲ ਦਾ ਉਹਨਾਂ 'ਤੇ ਬਹੁਤ ਪ੍ਰਭਾਵ ਹੁੰਦਾ ਹੈ। ਜੇ ਵਾਤਾਵਰਣ ਪਾਲਣ-ਪੋਸ਼ਣ, ਸਹਾਇਕ ਅਤੇ ਹਮਦਰਦ ਹੈ, ਤਾਂ ਉਹ ਇੱਕ ਸਵੈ-ਭਰੋਸੇਮੰਦ ਅਤੇ ਦਇਆਵਾਨ, ਕਾਮਯਾਬ ਸਫ਼ਲ ਵਿਅਕਤੀ ਬਣ ਸਕਦੇ ਹਨ ।

ਇਸ ਤੋਂ ਇਲਾਵਾ ਤੁਹਾਡੇ ਬੱਚਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਉਣਾ ਮਹੱਤਵਪੂਰਨ ਹੈ, ਉਹਨਾਂ ਨੂੰ ਸਮਾਜ ਦੇ ਨਕਾਰਾਤਮਕ ਪ੍ਰਭਾਵਾਂ ਤੋਂ ਬਚਾਉਣਾ ਜਦੋਂ ਤੱਕ ਉਹਨਾਂ ਵਿੱਚ ਉਹਨਾਂ ਦਾ ਸਾਹਮਣਾ ਕਰਨ ਲਈ ਲਚਕੀਲਾਪਣ ਪੈਦਾ ਨਹੀਂ ਹੁੰਦਾ ਹੈ। ਉਨ੍ਹਾਂ ਨੂੰ ਨਸ਼ਿਆਂ ਅਤੇ ਧੱਕੇਸ਼ਾਹੀ ਦੇ ਮਾੜੇ ਪ੍ਰਭਾਵਾਂ ਤੋਂ ਮੁਕਤ, ਪਾਲਣ-ਪੋਸ਼ਣ ਵਾਲਾ ਬਚਪਨ ਪ੍ਰਦਾਨ ਕਰਨਾ ਮਹੱਤਵਪੂਰਨ ਹੈ। ਇਸ ਨਾਲ ਉਹ ਸਾਫ਼-ਸੁਥਰੇ ਅਤੇ ਸਿਹਤਮੰਦ ਵਾਤਾਵਰਨ ਵਿੱਚ ਵਿਕਸਤ ਹੋ ਸਕਣਗੇ, ਜਿੱਥੇ ਉਨ੍ਹਾਂ ਦੇ ਵਿਲੱਖਣ ਗੁਣਾਂ ਦੀ ਆਲੋਚਨਾ ਕਰਨ ਦੀ ਬਜਾਏ ਜਸ਼ਨ ਮਨਾਏ ਜਾਂਦੇ ਹਨ। ਆਪਣੇ ਬੱਚਿਆਂ ਲਈ ਇੱਕ ਸਕਾਰਾਤਮਕ ਮਿਸਾਲ ਕਾਇਮ ਕਰਨ ਲਈ ਆਪਣੇ ਘਰ ਵਿੱਚ ਸ਼ਰਾਬ, ਡਰੱਗ ਜਾਂ ਕਿਸੇ ਵੀ ਨਸ਼ੇ ਤੋਂ ਦੂਰ ਰਹਿਣਾ ਮਹੱਤਵਪੂਰਨ ਹੈ। ਜਦੋਂ ਉਹ ਢੁਕਵੀਂ ਉਮਰ 'ਤੇ ਪਹੁੰਚ ਜਾਂਦੇ ਹਨ, ਤਾਂ ਉਨ੍ਹਾਂ ਕੋਲ ਸ਼ਰਾਬ ਪੀਣ ਦਾ ਵਿਕਲਪ ਹੁੰਦਾ ਹੈ ਜੇਕਰ ਉਹ ਚਾਹੁਣ ਤਾਂ ।

ਹਾਲਾਂਕਿ ਉਹਨਾਂ ਲਈ ਪ੍ਰਭਾਵ ਅਧੀਨ ਗੱਡੀ ਚਲਾਉਣ ਦੇ ਗੰਭੀਰ ਪ੍ਰਭਾਵਾਂ ਨੂੰ ਸਮਝਣਾ ਮਹੱਤਵਪੂਰਨ ਹੈ। ਉਹਨਾਂ ਨੂੰ ਸ਼ਰਾਬ ਤੇ ਡਰੱਗ ਦੇ ਸੇਵਨ ਕਾਰਨ ਹੋਏ ਕਾਰ ਹਾਦਸਿਆਂ ਦੀਆਂ ਤਸਵੀਰਾਂ ਦਿਖਾਉਣਾ ਸੰਭਾਵੀ ਖ਼ਤਰਿਆਂ ਨੂੰ ਦਰਸਾਉਣ ਵਿੱਚ ਮਦਦ ਕਰ ਸਕਦਾ ਹੈ । ਆਪਣੇ ਬੱਚਿਆਂ ਨੂੰ ਜ਼ਿੰਮੇਵਾਰ ਬਾਲਗ ਬਣਾਉਣ ਦੇ ਇਰਾਦੇ ਨਾਲ ਪਾਲੋ। ਸਮਰਪਣ ਅਤੇ ਪ੍ਰਮਾਤਮਾ ਦੀ ਕਿਰਪਾ ਨਾਲ ਤੁਹਾਡੇ ਬੱਚੇ ਵੱਡੇ ਹੋ ਕੇ ਪੂਰੇ ਕਰੀਅਰ ਬਣਾਉਣਗੇ, ਜਿਸ ਬਾਰੇ ਉਹ ਭਾਵੁਕ ਹਨ ।

ਸੱਚਮੁੱਚ! ਤੁਹਾਡੇ ਬੱਚੇ ਦੇ ਵਿਕਾਸ ਲਈ ਇੱਕ ਆਦਰਸ਼ ਪਰਵਾਰਕ ਮਾਹੌਲ ਬਹੁਤ ਜ਼ਰੂਰੀ ਹੈ। ਭਾਵਨਾਤਮਕ ਤੰਦਰੁਸਤੀ ਅਤੇ ਕਦਰਾਂ-ਕੀਮਤਾਂ ਅਤੇ ਅਨੁਸ਼ਾਸਨ ਪੈਦਾ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਪਰਵਾਰਕ ਇਕਾਈ ਤੁਹਾਡੇ ਬੱਚੇ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ ।

ਮੇਰੇ ਤਜਰਬੇ ਦੇ ਆਧਾਰ 'ਤੇ, ਮੈਂ ਦੇਖਿਆ ਹੈ ਕਿ ਬੱਚਿਆਂ ਨੂੰ ਅਕਸਰ ਆਪਣੇ ਘਰਾਂ ਦੇ ਅੰਦਰ ਆਪਣੇ-ਆਪ ਦੀ ਭਾਵਨਾ ਲੱਭਣ ਵਿੱਚ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ । ਨਤੀਜੇ ਵਜੋਂ ਉਹ ਸਕੂਲ ਦੇ ਮਾਹੌਲ ਜਾਂ ਦੂਜਿਆਂ ਦੇ ਘਰਾਂ ਵਿੱਚ ਆਰਾਮ ਅਤੇ ਸੁਰੱਖਿਆ ਦੀ ਭਾਵਨਾ ਦੀ ਭਾਲ ਕਰਦੇ ਹਨ । ਕਿਉਂ? ਕੁਝ ਪਰਵਾਰਾਂ ਨੂੰ ਹਿੰਸਾ ਦੀਆਂ ਘਟਨਾਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਦੋਂ ਕਿ ਦੂਸਰੇ ਅਪਮਾਨਜਨਕ ਭਾਸ਼ਾ, ਲੜਾਈ-ਝਗੜੇ, ਗਾਲੀ-ਗਲੋਚ ਵਾਲੇ ਮਹੌਲ ਵਿਚ ਵੱਡੇ ਹੋਣ ਤਾਂ ਉਹਨਾਂ ਦਾ ਨੇਚਰ ਗਵਾਇਆਂ ਵੀ ਚਿੜਚਿੜਾ ਹੋ ਜਾਂਦਾ ਹੈ। ਇਸ ਤੋਂ ਇਲਾਵਾ ਕੁਝ ਪਰਵਾਰਾਂ ਨੂੰ ਮਾਨਸਿਕ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜੋ ਦੂਜਿਆਂ ਨਾਲ ਸਿਹਤਮੰਦ ਰਿਸ਼ਤੇ ਬਣਾਉਣ ਦੀ ਉਨ੍ਹਾਂ ਦੀ ਯੋਗਤਾ ਨੂੰ ਪ੍ਰਭਾਵਤ ਕਰਦੇ ਹਨ ।

ਤੁਹਾਡੇ ਪਰਵਾਰ ਦੇ ਅੰਦਰ ਇੱਕ ਪਾਲਣ-ਪੋਸ਼ਣ ਵਾਲਾ ਮਾਹੌਲ ਵਿਕਸਿਤ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ, ਮੈਂ ਕੁਝ ਸਭ ਤੋਂ ਮਹੱਤਵਪੂਰਨ ਕਾਰਕਾਂ ਦੀ ਇੱਕ ਸੂਚੀ ਤਿਆਰ ਕੀਤੀ ਹੈ, ਜਿਨ੍ਹਾਂ ਨੂੰ ਤੁਸੀਂ ਧਿਆਨ ਵਿੱਚ ਰੱਖਣਾ ਚਾਹੋਗੇ :

ਜਿਵੇਂ ਕਿ ਖੁੱਲ੍ਹੀ ਗੱਲਬਾਤ ਨੂੰ ਉਤਸ਼ਾਹਿਤ ਕਰਨ ਵਾਲੇ ਮਾਹੌਲ ਨੂੰ ਉਤਸ਼ਾਹਿਤ ਕਰਨ ਦੁਆਰਾ ਤੁਹਾਡੇ ਪਰਵਾਰ ਵਿੱਚ ਵਿਸ਼ਵਾਸ ਅਤੇ ਸਮਝ ਸਥਾਪਤ ਕਰਨਾ ਸੰਭਵ ਹੈ। ਜਦੋਂ ਬੱਚਿਆਂ ਨੂੰ ਨਿਰਣਾ ਕੀਤੇ ਜਾਣ ਦੇ ਡਰ ਤੋਂ ਬਿਨਾਂ ਆਪਣੇ ਵਿਚਾਰਾਂ, ਭਾਵਨਾਵਾਂ ਅਤੇ ਚਿੰਤਾਵਾਂ ਨੂੰ ਸੰਚਾਰ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ, ਤਾਂ ਉਹਨਾਂ ਨੂੰ ਆਪਣੀਆਂ ਮੁਸ਼ਕਲਾਂ ਸਾਂਝਿਆਂ ਕਰਨ ਵਿਚ ਕਾਫ਼ੀ ਸੁਰੱਖਿਅਤ ਮਹਿਸੂਸ ਹੁੰਦੀ ਹੈ ਤੇ ਉਹ ਬੇਝਿਜਕ ਮਾਂ-ਬਾਪ ਨਾਲ ਸਭ ਕੁਝ ਸਾਂਝਿਆਂ ਕਰਦੇ ਹਨ ।

ਬੱਚਿਆਂ ਦੀਆਂ ਪ੍ਰਾਪਤੀਆਂ ਅਤੇ ਯਤਨਾਂ ਨੂੰ ਸਵੀਕਾਰ ਕਰਨਾ ਅਤੇ ਪ੍ਰਸ਼ੰਸਾ ਕਰਨਾ ਉਹਨਾਂ ਦੇ ਸਵੈ-ਮਾਣ ਅਤੇ ਮਨੋਬੱਲ ਨੂੰ ਵਧਾਉਂਦਾ ਹੈ। ਸਕਾਰਾਤਮਕ ਪੁਸ਼ਟੀ ਲੋੜੀਂਦੇ ਵਿਵਹਾਰ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਤੁਹਾਡੇ ਨੌਜਵਾਨ ਨੂੰ ਕਦਰ ਅਤੇ ਸਤਿਕਾਰ ਮਹਿਸੂਸ ਕਰਦੇ ਹੋਏ ਮਹਾਨਤਾ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਦੀ ਹੈ ।

ਸਪੱਸ਼ਟ ਸੀਮਾਵਾਂ ਅਤੇ ਉਮੀਦਾਂ ਬੱਚਿਆਂ ਨੂੰ ਉਚਿੱਤ ਵਿਵਹਾਰ ਨੂੰ ਸਮਝਣ ਅਤੇ ਸੁਰੱਖਿਆ ਦੀ ਭਾਵਨਾ ਪ੍ਰਦਾਨ ਕਰਨ ਵਿੱਚ ਸਹਾਇਤਾ ਕਰਦੀਆਂ ਹਨ । ਪਿਆਰੀਆਂ ਯਾਦਾਂ ਨੂੰ ਬਣਾਉਣਾ ਅਤੇ ਪਰਵਾਰਕ ਸੰਬੰਧਾਂ ਨੂੰ ਡੂੰਘਾ ਕਰਨਾ ਅਰਥਪੂਰਨ ਪਰਵਾਰਕ ਸਮੇਂ ਦੇ ਨਤੀਜੇ ਹਨ। ਭੋਜਨ, ਸਾਹਸ ਅਤੇ ਖੇਡ ਸ਼ਾਮਾਂ ਲਈ ਇੱਕ ਪਰਵਾਰ ਦੇ ਰੂਪ ਵਿੱਚ ਇਕੱਠੇ ਹੋਣਾ ਸਾਰਿਆਂ ਨੂੰ ਇੱਕ-ਦੂਜੇ ਦੇ ਨੇੜੇ ਲਿਆਉਂਦਾ ਹੈ । ਪਰਵਾਰਕ ਸਮਾਂ ਤੁਹਾਡੇ ਬੱਚੇ ਨੂੰ ਦਰਸਾਉਂਦਾ ਹੈ ਕਿ ਤੁਸੀਂ ਉਹਨਾਂ ਦੀ ਕਿੰਨੀ ਕਦਰ ਕਰਦੇ ਹੋ ਅਤੇ ਉਹਨਾਂ ਨੂੰ ਇੱਕ ਪਰਵਾਰਕ ਮੈਂਬਰ ਵਜੋਂ ਮੰਨਦੇ ਹੋ ।

ਉਹ ਗਤੀਵਿਧੀਆਂ ਜੋ ਬੰਧਨ ਨੂੰ ਉਤਸ਼ਾਹਿਤ ਕਰਦੀਆਂ ਹਨ, ਜਿਵੇਂ ਕਿ ਇਕੱਠੇ ਪੜ੍ਹਨਾ, ਖੇਡਾਂ ਖੇਡਣਾ, ਇਕੱਠੇ ਖਾਣਾ, ਪਕਾਉਣਾ, ਜਾਂ ਸਿਰਫ਼ ਚਰਚਾ ਕਰਨਾ, ਤੁਹਾਡੇ ਰਿਸ਼ਤੇ ਨੂੰ ਮਜ਼ਬੂਤ ਕਰਨ ਦੇ ਸਾਰੇ ਵਧੀਆ ਤਰੀਕੇ ਹਨ । ਦਿਖਾਓ ਕਿ ਤੁਸੀਂ ਉਹਨਾਂ ਦੇ ਸ਼ੌਕ ਅਤੇ ਰੁਚੀਆਂ ਵਿੱਚ ਦਿਲਚਸਪੀ ਰੱਖਦੇ ਹੋ ਅਤੇ ਉਹਨਾਂ ਨੂੰ ਉਹਨਾਂ ਦੇ ਜੀਵਨ ਵਿੱਚ ਇੱਕ ਸਰਗਰਮ ਭੂਮਿਕਾ ਨਿਭਾਉਣ ਲਈ ਉਤਸ਼ਾਹਿਤ ਕਰੋ ।

ਬੱਚਿਆਂ ਨੂੰ ਚੋਣ ਕਰਨ ਅਤੇ ਉਹਨਾਂ ਦੀ ਉਮਰ ਦੇ ਅਨੁਕੂਲ ਕਾਰਜ ਕਰਨ ਲਈ ਉਤਸ਼ਾਹਿਤ ਕਰਨਾ ਉਹਨਾਂ ਨੂੰ ਸੁਤੰਤਰਤਾ ਅਤੇ ਸਵੈ-ਵਿਸ਼ਵਾਸ ਵਿਕਸਿਤ ਕਰਨ ਵਿੱਚ ਮਦਦ ਕਰਦਾ ਹੈ। ਆਪਣੇ ਬੱਚੇ ਨੂੰ ਦਿਸ਼ਾ ਪ੍ਰਦਾਨ ਕਰਦੇ ਹੋਏ ਉਹਨਾਂ ਦੀਆਂ ਗਲਤੀਆਂ ਤੋਂ ਸਿੱਖਣ ਦੇ ਕਿ ਲਚਕੀਲੇਪਨ ਅਤੇ ਸਮੱਸਿਆ ਹੱਲ ਕਰਨ ਦੇ ਹੁਨਰ ਵਿਕਸਿਤ ਕਰਨ ਵਿੱਚ ਮਦਦ ਕਰੋ ।

ਲਗਾਤਾਰ ਦਿਆਲਤਾ, ਹਮਦਰਦੀ ਅਤੇ ਆਦਰ ਦਿਖਾ ਕੇ ਇੱਕ ਚੰਗੀ ਮਿਸਾਲ ਕਾਇਮ ਕਰੋ। ਉਹ ਵਿਵਹਾਰ ਦਿਖਾਓ ਜੋ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਰੀਸ ਕਰਨ। ਆਪਣੇ ਕੰਮਾਂ ਅਤੇ ਸ਼ਬਦਾਂ ਵਿੱਚ ਇਹਨਾਂ ਕੀਮਤਾਂ ਨੂੰ ਲਗਾਤਾਰ ਪ੍ਰਦਰਸ਼ਿਤ ਕਰਕੇ ਈਮਾਨਦਾਰੀ, ਜ਼ਿੰਮੇਵਾਰੀ ਅਤੇ ਹਮਦਰਦੀ ਦੀ ਮਹੱਤਤਾ 'ਤੇ ਜ਼ੋਰ ਦਿਓ ।

ਆਪਣੇ ਬੱਚੇ ਨੂੰ ਉਹਨਾਂ ਦੀਆਂ ਭਾਵਨਾਵਾਂ ਦੀ ਸਮਝ ਵਿਕਸਿਤ ਕਰਨ ਅਤੇ ਉਹਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੰਭਾਲਣ ਲਈ ਉਤਸ਼ਾਹਿਤ ਕਰੋ। ਦੂਜਿਆਂ ਦੀਆਂ ਭਾਵਨਾਵਾਂ ਪ੍ਰਤੀ ਹਮਦਰਦੀ ਅਤੇ ਸਮਝ ਦੇ ਵਿਕਾਸ ਨੂੰ ਉਤਸ਼ਾਹਿਤ ਕਰੋ, ਕਿਉਂਕਿ ਇਹ ਸਕਾਰਾਤਮਕ ਅਤੇ ਅਰਥਪੂਰਨ ਸੰਬੰਧ ਪੈਦਾ ਕਰਨ ਲਈ ਜ਼ਰੂਰੀ ਜੀਵਨ ਹੁਨਰ ਹਨ।

ਅੰਤ ਵਿੱਚ ਇਹ ਧਿਆਨ ਵਿੱਚ ਰੱਖੋ ਕਿ ਬੱਚੇ ਨਿਰੀਖਣ ਦੁਆਰਾ ਸਿੱਖਦੇ ਹਨ, ਇਸ ਲਈ ਤੁਹਾਡੇ ਲਈ ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਬੱਚੇ ਵਿੱਚ ਉਹ ਵਿਵਹਾਰ ਅਤੇ ਕਦਰਾਂ-ਕੀਮਤਾਂ ਦਾ ਪ੍ਰਦਰਸ਼ਨ ਕਰੋ, ਜੋ ਤੁਸੀਂ ਆਪਣੇ ਬੱਚੇ ਵਿੱਚ ਪੈਦਾ ਕਰਨਾ ਚਾਹੁੰਦੇ ਹੋ। ਆਪਣੇ ਬੱਚੇ ਲਈ ਇੱਕ ਸਕਾਰਾਤਮਕ ਰੋਲ ਮਾਡਲ ਸਥਾਪਤ ਕਰਨ ਲਈ ਦੂਜਿਆਂ ਪ੍ਰਤੀ ਦਇਆ, ਇਮਾਨਦਾਰੀ ਅਤੇ ਵਿਚਾਰ ਦਿਖਾਓ ।

ਪਾਲਣ-ਪੋਸ਼ਣ ਇੱਕ ਬਹੁਤ ਹੀ ਚੁਣੌਤੀਪੂਰਨ ਕੋਸ਼ਿਸ਼ ਹੈ! ਤੁਹਾਡੀ ਘਰੇਲੂ ਸਿਹਤਮੰਦ ਜੀਵਨਸ਼ੈਲੀ, ਸਾਰੇ ਉਤਰਾਅ-ਚੜ੍ਹਾਅ ਦੇ ਦੌਰਾਨ, ਤੁਹਾਡੇ ਬੱਚੇ ਦੀ ਭਵਿੱਖ ਦੀ ਸਫਲਤਾ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ ਅਤੇ ਇਹ ਅਸਲ ਵਿੱਚ ਪ੍ਰਭਾਵਸ਼ਾਲੀ ਸੰਚਾਰ ਨਾਲ ਸ਼ੁਰੂ ਹੁੰਦਾ ਹੈ, ਫੋਨਾਂ ਤੇ ਟੈਕਸਟਿੰਗ ਨੂੰ ਪਾਸੇ ਰੱਖ ਕੇ ਉਹਨਾਂ ਨਾਲ ਜਾਤੀ ਮੇਲ-ਮਿਲਾਪ ਨੂੰ ਤਰਜੀਹ ਦਿਓ।

***# ਸੰਪਰਕ : 647-829-9397***

# ਵਿਦੇਸ਼ਾਂ 'ਚ ਇਕੱਲਾਪਣ ਤੇ ਡਿਪਰੈਸ਼ਨ ਹਾਰਟ ਅਟੈਕ ਦੀ ਵਜ੍ਹਾ



ਅਜੀਤ ਖੰਨਾ

ਸੰਨ 1947 'ਚ ਅਜ਼ਾਦੀ ਦੇ ਨਾਲ ਹੀ ਪੰਜਾਬੀਆਂ ਨੇ ਪਰਵਾਸ ਕਰਨਾ ਸ਼ੁਰੂ ਕਰ ਦਿੱਤਾ ਸੀ, ਭਾਵੇਂ ਕਿ ਉਨ੍ਹਾਂ ਸਮਿਆਂ 'ਚ ਸਟੱਡੀ ਵੀਜ਼ੇ ਦੀ ਸਹੂਲਤ ਵਾਲਾ ਰਾਹ ਹਾਲੇ ਸ਼ਾਇਦ ਨਹੀਂ ਸੀ, ਸਗੋਂ ਪੁੱਠੇ-ਸਿੱਧੇ ਢੰਗ ਨਾਲ ਜੁਗਾੜ ਲਾ ਕੇ ਵਿਦੇਸ਼ਾਂ ਦੀ ਧਰਤੀ 'ਤੇ ਪੈਰ ਰਖਿਆ ਜਾਂਦਾ ਸੀ। ਉਨ੍ਹਾਂ ਸਮਿਆਂ 'ਚ ਪੈਸੇ ਤੇ ਜਾਣਕਾਰੀ ਦੀ ਘਾਟ ਕਰਕੇ ਪਰਵਾਸ ਬਹੁਤ ਹੌਲੀ ਤੇ ਥੋੜ੍ਹਾ ਸੀ, ਪਰ ਹੁਣ ਪਰਵਾਸ ਦੀ ਰਫਤਾਰ ਤੇਜ਼ ਹੋ ਚੁੱਕੀ ਹੈ। ਸਾਲ 2023 ਦੀ ਇਕ ਰਿਪੋਰਟ ਮੁਤਾਬਕ 2019 'ਚ ਭਾਰਤ ਦੇ ਇਕ ਮਿਲੀਅਨ ਵਿਦਿਆਰਥੀ ਪੜ੍ਹਾਈ ਲਈ ਵਿਦੇਸ਼ਾਂ 'ਚ ਹਨ, ਜੋ ਇਕ ਅੰਦਾਜ਼ੇ ਮੁਤਾਬਕ 2025 ਤੱਕ ਡੇਢ ਤੋਂ ਦੋ ਮਿਲੀਅਨ ਗਿਣਤੀ ਹੋ ਜਾਵੇਗੀ।

ਅੰਕੜਿਆਂ ਅਨੁਸਾਰ ਯੂ ਐੱਸ ਏ, ਕੈਨੇਡਾ, ਯੂਨਾਇਟਿਡ ਕਿੰਗਡਮ ਅਤੇ ਆਸਟਰੇਲੀਆ ਭਾਰਤੀਆਂ ਦੀ ਪਹਿਲੀ ਪਸੰਦ ਹੈ। ਸਾਲ 2023 ਤੱਕ ਇਨ੍ਹਾਂ ਚਾਰੇ ਦੇਸ਼ਾਂ 'ਚ ਲੱਗਭੱਗ 8,50,000 ਭਾਰਤੀਆਂ ਦੀ ਰਜਿਸਟਰੇਸ਼ਨ ਸੀ। ਆਈ ਆਰ ਸੀ ਸੀ ਦੇ ਡਾਟਾ ਮੁਤਾਬਕ ਸਾਲ 20019 'ਚ 218540, ਸਾਲ 2020 'ਚ 179, 510, ਸਾਲ 2021 'ਚ 216, 515 , ਸਾਲ 2022 'ਚ 319130 ਅਤੇ 2023 'ਚ 4, 27085 ਵਿਦਿਆਰਥੀਆਂ ਨੂੰ ਕੈਨੇਡਾ ਵੱਲੋਂ ਵੀਜ਼ਾ ਗਰਾਂਟ ਕੀਤਾ ਗਿਆ, ਜਦ ਕਿ ਕੈਨੇਡਾ ਅੰਬੈਸੀ ਵੱਲੋਂ 2023 'ਚ ਕੁੱਲ 1040985 ਇੰਟਰਨੈਸ਼ਨਲ ਸਟੂਡੈਂਟ ਨੂੰ ਸਟੱਡੀ ਪਰਮਿਟ ਈਸ਼ੂ ਕੀਤਾ ਗਿਆ, ਜੋ 2022 ਦੇ ਮੁਕਾਬਲੇ ਔਸਤ 29 ਪ੍ਰਤੀਸ਼ਤ ਜ਼ਿਆਦਾ ਸੀ। ਤਾਜ਼ਾ ਅੰਕੜਿਆਂ ਮੁਤਾਬਕ ਸਾਲ 2022 'ਚ 2,25,865 ਵਿਦਿਆਰਥੀਆਂ ਦਾ ਕੈਨੇਡਾ ਦਾ ਸਟੱਡੀ ਵੀਜ਼ਾ ਲੱਗਾ, ਜਦ 548875 ਵਿਦਿਆਰਥੀ ਬਾਕੀ 184 ਦੇਸ਼ਾਂ 'ਚ ਗਏ। ਵਿਦਿਆਰਥੀਆਂ ਵੱਲੋਂ ਵਿਦੇਸ਼ਾਂ ਵੱਲ ਮੋੜਾ ਕੱਟਦੇ ਹੋਏ ਉਚੇਰੀ ਸਿੱਖਿਆ ਲਈ ਜਾਣ ਦੇ ਦੋ ਪ੍ਰਮੁੱਖ ਕਾਰਨ ਹਨ, ਇਨ੍ਹਾਂ 'ਚੋਂ ਪਹਿਲਾਂ ਦੇਸ਼ 'ਚ ਰੁਜ਼ਗਾਰ ਨਾ ਮਿਲਣ ਤੇ ਦੂਜਾ ਨਸ਼ੇ ਦੀ ਭਰਮਾਰ। ਸਰਕਾਰੀ ਅੰਕੜਿਆਂ ਮੁਤਾਬਕ ਇਕੱਲੇ ਕੈਨੇਡਾ 'ਚ ਹੀ ਦਸ ਲੱਖ ਤੋਂ ਵਧੇਰੇ ਪੰਜਾਬੀ ਰਹਿੰਦੇ ਹਨ, ਇਹ ਗਿਣਤੀ ਤੇਜ਼ੀ ਨਾਲ ਵਧਦੀ ਜਾ ਰਹੀ ਹੈ, ਹਰ ਵਰ੍ਹੇ ਦੋ ਲੱਖ ਦੇ ਕਰੀਬ ਵਿਦਿਆਰਥੀ ਸਟੱਡੀ ਵੀਜ਼ੇ 'ਤੇ ਕੈਨੇਡਾ ਪਰਵਾਸ ਕਰਦੇ ਸਨ, ਭਾਵੇਂ ਕਿ ਇਹ ਰਫਤਾਰ ਵੀਜ਼ਾ ਨਿਯਮਾਂ 'ਚ ਤਬਦੀਲੀ ਕਾਰਨ ਹੁਣ ਕਾਫੀ ਘਟ ਗਈ ਹੈ ਤੇ ਆਉਣ ਵਾਲੇ ਦਿਨਾਂ 'ਚ ਹੋਰ ਘਟ ਸਕਦੀ ਹੈ, ਇਸ ਦਾ ਨਤੀਜਾ ਆਈਲੈਟਸ ਸੈਂਟਰਾਂ 'ਚ ਕੋਚਿੰਗ ਲੈਣ ਵਾਲੇ ਮੁੰਡੇ-ਕੁੜੀਆਂ ਦੀ ਗਿਣਤੀ 'ਚ ਕਮੀ ਵੇਖਣ ਨੂੰ ਮਿਲਣ ਤੋਂ ਮਿਲਦਾ ਹੈ, ਪਰ ਸਾਡੇ ਲੇਖ ਦਾ ਵਿਸ਼ਾ ਇਹ ਨਹੀਂ, ਇਸ ਲਈ ਇਸ 'ਤੇ ਮੁੜ ਕਿਸੇ ਦਿਨ ਚਰਚਾ ਕਰਾਂਗੇ, ਪਰ ਸਾਡਾ ਵਿਸ਼ਾ ਹੈ ਕਿ ਸਟੱਡੀ ਵੀਜ਼ੇ 'ਤੇ ਜਾਣ ਵਾਲੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਿਦੇਸ਼ ਜਾਣ ਤੋਂ ਪਹਿਲਾਂ ਸਾਰੇ ਪੱਖਾਂ ਨੂੰ ਵਿਚਾਰ ਲੈਣ ਮਗਰੋਂ ਹੀ ਵਿਦੇਸ਼ ਭੇਜਣਾ ਚਾਹੀਦਾ ਹੈ, ਨਾ ਕਿ ਰੁਜ਼ਗਾਰ ਦੀ ਘਾਟ ਜਾਂ ਨਸ਼ੇ ਦੇ ਮੱਦੇਨਜ਼ਰ ਬਿਨਾਂ ਕੁਝ ਸੋਚੇ-ਸਮਝੇ ਇਕਦਮ ਵਿਦੇਸ਼ ਜਾਣ ਦਾ ਪ੍ਰੋਗਰਾਮ ਬਣਾ ਕੇ ਭੇਜਣਾ ਚਾਹੀਦਾ ਹੈ।

ਵਿਦੇਸ਼ਾਂ ਤੇ ਖਾਸ ਕਰਕੇ ਕੈਨੇਡਾ ਤੋਂ ਭਾਰਤੀਆਂ ਤੇ ਖਾਸਕਰ ਪੰਜਾਬੀਆਂ ਦੀਆਂ ਨਿੱਤ ਦਿਹਾੜੇ ਆ ਰਹੀਆਂ ਮੌਤ ਦੀਆਂ ਮੰਦਭਾਗੀ ਘਟਨਾਵਾਂ ਨੇ ਸਾਨੂੰ ਚਿੰਤਾ 'ਚ ਪਾਉਂਦਿਆਂ ਸੋਚਣ ਲਈ ਮਜਬੂਰ ਕਰ ਦਿੱਤਾ ਹੈ, ਹਾਲਾਂਕਿ ਕੈਨੇਡਾ 'ਚ ਪੰਜਾਬੀਆਂ ਦੀਆਂ ਮੌਤਾਂ ਇਸ ਲਈ ਵੀ ਜ਼ਿਆਦਾ ਸੁਰਖੀਆਂ 'ਚ ਆ ਰਹੀਆਂ ਹਨ, ਕਿਉਂਕਿ ਇਕ ਤਾਂ ਕੈਨੇਡਾ 'ਚ ਪੰਜਾਬੀਆਂ ਦੀ ਗਿਣਤੀ ਦੂਜੇ ਦੇਸ਼ਾਂ ਦੇ ਮੁਕਾਬਲੇ ਕਈ ਗੁਣਾ ਜ਼ਿਆਦਾ ਹੈ, ਦੂਸਰਾ ਸੋਸ਼ਲ ਮੀਡੀਆ ਸਦਕਾ ਵੀ ਅਜਿਹੀਆਂ ਮੰਦਭਾਗੀ ਘਟਨਾਵਾਂ ਦਾ ਜਲਦੀ ਪਤਾ ਚੱਲ ਜਾਂਦਾ ਹੈ।

ਇੱਥੇ ਕੈਨੇਡਾ 'ਚ ਹੋ ਰਹੀਆਂ ਮੌਤਾਂ 'ਚੋਂ ਅਸੀਂ ਸਿਰਫ ਦਿਲ ਦੇ ਦੌਰੇ ਨਾਲ ਹੋ ਰਹੀਆਂ ਮੌਤਾਂ ਨੂੰ ਲੈ ਕੇ ਹੀ ਜ਼ਿਕਰ ਕਰਾਂਗੇ, ਉਹੀ ਸਾਨੂੰ ਜ਼ਿਆਦਾ ਸੋਚਣ ਲਈ ਮਜਬੂਰ ਕਰ ਰਹੀਆਂ ਹਨ, ਕਿਉਂਕਿ ਹਰ ਦੂਜੇ-ਚੌਥੇ ਦਿਨ ਹਾਰਟ ਅਟੈਕ ਨਾਲ ਮੌਤ ਦੀ ਖਬਰ ਸੁਣਨ-ਪੜ੍ਹਨ ਨੂੰ ਮਿਲ ਰਹੀ ਹੈ। ਸਭ ਤੋਂ ਸਿਤਮਜ਼ਰੀਫੀ ਇਹ ਹੈ ਕਿ ਮਰਨ ਵਾਲਿਆਂ 'ਚ ਜ਼ਿਆਦਾਤਰ 20 ਤੋਂ 25 ਸਾਲ ਦੀ ਉਮਰ ਦੇ ਮੁੰਡੇ-ਕੁੜੀਆਂ ਹੁੰਦੇ ਹਨ, ਜੋ ਹੋਰ ਵੀ ਚਿੰਤਾ ਦਾ ਵਿਸ਼ਾ ਹੈ, ਇਨ੍ਹਾਂ ਮੌਤਾਂ ਦੇ ਪਿੱਛੇ ਦੀ ਵਜ੍ਹਾ ਤੇ ਉਸ ਪਿੱਛੇ ਲੁਕੇ ਕਾਰਨਾਂ ਨੂੰ ਜ਼ਰੂਰ ਜਾਚਣਾ ਪਵੇਗਾ, ਇਹੀ ਸਾਡੇ ਅੱਜ ਦੇ ਇਸ ਲੇਖ ਦਾ ਵਿਸ਼ਾ ਹੈ ਕਿਉਂਕਿ ਜਦੋਂ ਅਸੀਂ ਬਿਨਾਂ ਸੋਚੇ-ਸਮਝੇ ਤੇ ਆਰਥਿਕ ਸਥਿਤੀ ਦਾ ਲੇਖਾ-ਜੋਖਾ ਕੀਤੇ ਬਿਨਾਂ ਹੀ ਬੱਚੇ ਨੂੰ ਵਿਦੇਸ਼ ਭੇਜ ਦਿੰਦੇ ਹਾਂ ਜਾਂ ਹੋਰ ਕਾਰਨਾਂ ਨੂੰ ਨਹੀਂ ਵਿਚਾਰਦੇ, ਇਹੀ ਬਾਅਦ 'ਚ ਮੌਤ ਦਾ ਕਾਰਨ ਬਣਦੇ ਹਨ। ਮੌਤ ਦੀ ਸਭ ਤੋਂ ਮੁੱਖ ਵਜ੍ਹਾ ਜਾਂ ਕਾਰਨ ਇਹ ਹੈ ਕਿ ਬੱਚੇ ਦਾ ਡਿਪਰੈਸ਼ਨ 'ਚ ਚਲੇ ਜਾਣਾ, ਇਸ ਡਿਪਰੈਸ਼ਨ 'ਚ ਜਾਣ ਦਾ ਕਾਰਨ ਹੈ ਸਟੱਡੀ ਦਾ ਬੋਝ ਤੇ ਵਿਹਲੇ ਰਹਿਣਾ ਜਾਂ ਕੰਮ ਦਾ ਨਾ ਮਿਲਣਾ ਹੈ।

ਵਿਦੇਸ਼ 'ਚ ਕੰਮ ਨਾ ਮਿਲਣ ਕਾਰਨ ਬੱਚੇ ਇਕੱਲਾਪਣ ਮਹਿਸੂਸ ਕਰਦੇ ਹਨ ਤੇ ਡਿਪਰੈਸ਼ਨ 'ਚ ਚਲੇ ਜਾਂਦੇ ਹਨ, ਜੇਕਰ ਉਨ੍ਹਾਂ ਨੂੰ ਕੰਮ ਮਿਲੇ ਤੇ ਉਹ ਰੁਝੇ ਰਹਿਣ ਤਾਂ ਉਨ੍ਹਾਂ ਦਾ ਧਿਆਨ ਹੋਰ ਪਾਸੇ ਨਹੀਂ ਜਾਵੇਗਾ, ਉਹ ਹੋਰ ਕਾਸੇ ਬਾਰੇ ਸੋਚਣਗੇ ਹੀ ਨਹੀ, ਦੂਸਰਾ ਡਾਲਰ ਕਮਾਉਣ ਨਾਲ ਉਨ੍ਹਾਂ ਦੀ ਆਰਥਕ ਸਥਿਤੀ ਮਜ਼ਬੂਤ ਹੋਵੇਗੀ, ਇਸ ਨਾਲ ਉਨ੍ਹਾਂ ਨੂੰ ਹੌਸਲਾ ਮਿਲੇਗਾ, ਜਿਸ ਨਾਲ ਉਹ ਡਿਪਰੈਸ਼ਨ 'ਚ ਨਹੀਂ ਜਾਣਗੇ, ਜੇਕਰ ਬੱਚਾ ਰੁਝਿਆ ਰਹੇਗਾ ਤਾਂ ਉਹ ਕਦੇ ਡਿਪਰੈਸ਼ਨ 'ਚ ਨਹੀਂ ਜਾ ਸਕਦਾ, ਸੋ ਮਾਪਿਆਂ ਨੂੰ ਵਿਦੇਸ਼ ਭੇਜਣ ਤੋਂ ਪਹਿਲਾਂ ਜਿਸ ਦੇਸ਼ ਬੱਚਾ ਜਾ ਰਿਹਾ ਹੈ, ਉਥੋਂ ਦੀ ਭੂਗੋਲਿਕ ਤੇ ਆਰਥਕ ਸਥਿਤੀ ਬਾਰੇ ਪੂਰਾ ਗਿਆਨ ਹੋਣਾ ਲਾਜ਼ਮੀ ਹੈ, ਤਾਂ ਜੋ ਵਿਦੇਸ਼ ਜਾਣ ਵਾਲੇ ਵਿਦਿਆਰਥੀ ਤੇ ਉਸ ਦੇ ਮਾਪੇ ਮਾਨਸਿਕ ਤੌਰ 'ਤੇ ਹਰ ਪ੍ਰਸਥਿਤੀ ਲਈ ਪੂਰੀ ਤਰ੍ਹਾਂ ਤਿਆਰ ਹੋਣ, ਤਾਂ ਜੋ ਬੱਚਾ ਡਿਪਰੈਸ਼ਨ 'ਚ ਨਾ ਜਾਵੇ ਤੇ ਡਿਪਰੈਸ਼ਨ ਕਾਰਨ ਹਾਰਟ ਅਟੈਕ ਵਰਗੀ ਬਿਮਾਰੀ ਉਸ 'ਤੇ ਅਟੈਕ ਨਾ ਕਰ ਸਕੇ।

ਮਾਪਿਆਂ ਲਈ ਲਾਜ਼ਮੀ ਹੈ ਕਿ ਉੱਥੋਂ ਦੇ ਕਲਚਰ ਨੂੰ ਵੀ ਧਿਆਨ 'ਚ ਰੱਖਣਾ, ਉੱਥੇ ਕਮਰਸ਼ੀਲਤਾ ਸਮਾਜ 'ਤੇ ਭਾਰੂ ਹੈ, ਕਿਸੇ ਕੋਲ ਵਿਹਲ ਨਹੀਂ, ਜਿਸ ਕਰਕੇ ਕੋਈ ਵੀ ਰਿਸ਼ਤੇਦਾਰ ਜਾਂ ਯਾਰ-ਦੋਸਤ ਤੁਹਾਨੂੰ ਨਵੇਂ ਆਏ ਨੂੰ ਦੋ-ਚਾਰ ਦਿਨ ਜਾਂ ਹਫਤੇ ਤੋਂ ਜ਼ਿਆਦਾ ਸਮਾਂ ਆਪਣੇ ਕੋਲ ਨਹੀਂ ਰੱਖ ਸਕਦਾ, ਇਸ ਵਾਸਤੇ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਨੂੰ ਬਿਨਾਂ ਸੋਚੇ-ਸਮਝੇ ਵਿਦੇਸ਼ ਨਹੀਂ ਜਾਣਾ ਚਾਹੀਦਾ ਜਾਂ ਇਹ ਸੋਚ ਕੇ ਵਿਦੇਸ਼ ਨਹੀਂ ਜਾਣਾ ਚਾਹੀਦਾ ਕਿ ਉਥੇ ਮੇਰਾ ਫਲਾਣਾ ਰਿਸ਼ਤੇਦਾਰ ਜਾਂ ਯਾਰ-ਦੋਸਤ ਹੈ ਤੇ ਉਹ ਮੈਨੂੰ ਰੱਖ ਲਵੇਗਾ ਜਾਂ ਸਾਂਭ-ਲਵੇਗਾ ਤੇ ਕੰਮ 'ਤੇ ਲਵਾ ਦੇਵੇਗਾ, ਸਗੋਂ ਪੂਰੀ ਪਲਾਨਿੰਗ ਨਾਲ ਤੇ ਮਾਨਸਿਕ ਤੌਰ 'ਤੇ ਤਿਆਰ ਹੋ ਕੇ ਹੀ ਵਿਦੇਸ਼ ਜਾਣਾ ਚਾਹੀਦਾ ਹੈ, ਕਿਉਂਕਿ ਵਿਦੇਸ਼ ਕੋਈ ਕਿਸੇ ਦਾ ਨਹੀਂ, ਉਨਾਂ ਦੀ ਆਪਣੀ ਮਜਬੂਰੀ ਹੈ। ਮੇਰੇ ਧਿਆਨ 'ਚ ਬਹੁਤ ਸਾਰੇ ਅਜਿਹੇ ਕੇਸ ਹਨ, ਜੋ ਵਿਦੇਸ਼ ਤੋਂ ਵਾਪਸ ਆਏ ਹਨ, ਜਿਨ੍ਹਾਂ ਇਕ ਤਾਂ ਮੇਰਾ ਗੁਆਂਢੀ ਹੈ, ਉਨਾਂ ਦੀ ਛੋਟੀ ਜਿਹੀ ਦੁਕਾਨ ਹੈ, ਇਕ ਛੋਟਾ ਜਿਹਾ ਮਕਾਨ ਸੀ, ਜਿਸ ਨੂੰ ਵੇਚ ਕੇ ਮੁੰਡਾ ਸਟੱਡੀ ਵੀਜ਼ੇ 'ਤੇ ਇੰਗਲੈਂਡ ਭੇਜਿਆ ਸੀ, ਪਰ ਜਿਨ੍ਹਾਂ ਗੁਆਂਢੀਆਂ ਦੇ ਕੋਲ ਉਹ ਮਾਣ ਨਾਲ ਗਿਆ ਸੀ, ਉਸ ਨੇ ਦੋ ਦਿਨਾਂ ਮਗਰੋਂ ਘਰੋਂ ਜਾਣ ਲਈ ਕਹਿ ਦਿੱਤਾ, ਬਸ ਫਿਰ ਕੀ ਸੀ, ਮੁੰਡਾ ਡਿਪਰੈਸ਼ਨ 'ਚ ਜਾਣ ਨੂੰ ਤਿਆਰ ਹੋ ਗਿਆ ਤੇ ਉਸ ਨੂੰ ਜਲਦੀ-ਜਲਦੀ ਟਿਕਟ ਕਰਵਾ ਕੇ ਘਰਦਿਆਂ ਵੱਲੋਂ ਕੁਝ ਮਹੀਨਿਆਂ ਮਗਰੋਂ ਹੀ ਵਾਪਸ ਇੰਡੀਆ ਬੁਲਾਉਣਾ ਪੈ ਗਿਆ, ਜਿਸ ਨਾਲ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ, ਕਾਰਨ ਸਿਰਫ ਇਹ ਹੈ ਕਿ ਜਿਸ ਆਸ ਨਾਲ ਉਹ ਵਿਦੇਸ਼ ਗਏ ਸਨ, ਉਸ ਨੂੰ ਬੂਰ ਨਹੀਂ ਪਿਆ, ਬਲਕਿ ਨਿਰਾਸ਼ਤਾ ਹੱਥ ਲੱਗਣ ਸਦਕਾ ਮਜਬੂਰਨ ਵਾਪਸ ਪਰਤਨਾ ਪਿਆ, ਅਜਿਹੇ ਮੁੰਡੇ-ਕੁੜੀਆਂ ਪੈਸਾ ਵੀ ਉਜਾੜ ਬਹਿੰਦੇ ਹਨ ਤੇ ਭਵਿੱਖ ਵੀ ਜਾਂ ਫਿਰ ਜ਼ਿੰਦਗੀ ਤੋਂ ਹੱਥ ਧੋ ਬਹਿੰਦੇ ਹਨ।

ਸੋ ਵਿਦੇਸ਼ ਜਾਣ ਤੋਂ ਪਹਿਲਾਂ ਇਹ ਜ਼ਰੂਰ ਸੋਚ-ਵਿਚਾਰ ਲੈਣਾ ਚਾਹੀਦਾ ਹੈ ਕਿ ਜਿੱਥੇ ਤੁਸੀਂ ਜਾ ਰਹੇ ਹੋ, ਉਸ ਦੇਸ਼ 'ਚ ਕੰਮਕਾਰ ਹੈ, ਜਿਸ ਕੋਲ ਜਾ ਰਹੇ ਹੋ, ਅਗਰ ਉਹ ਤੁਹਾਨੂੰ ਨਹੀਂ ਸੰਭਾਲਦਾ ਤਾਂ ਤੁਸੀਂ ਇਕੱਲੇ ਨਾ ਪਵੋ ਤਾਂ ਜੋ ਡਿਪਰੈਸ਼ਨ ਨਾ ਹੋਵੇ, ਕੰਮ ਨਾ ਮਿਲਣ ਕਰਕੇ ਬਹੁਤੇ ਮਾਪੇ ਪੈਸੇ ਤਾਂ ਭੇਜ ਸਕਦੇ, ਪਰ ਇਕੱਲਾਪਣ ਦੂਰ ਨਹੀਂ ਕਰ ਸਕਦੇ ਹਨ, ਇਸ ਇਕੱਲਤਾ ਕਰਕੇ ਹੀ ਪਹਿਲਾਂ ਡਿਪਰੈਸ਼ਨ ਹੁੰਦਾ ਹੈ ਤੇ ਫਿਰ ਡਿਪਰੈਸ਼ਨ ਕਰਕੇ ਹਾਰਟ ਅਟੈਕ ਆ ਜਾਂਦਾ ਹੈ, ਜਿਸ ਨਾਲ ਨੌਜਵਾਨ ਮੌਤ ਦੇ ਮੂੰਹ 'ਚ ਜਾ ਡਿੱਗਦੇ ਹਨ। ਸੋ ਮਾਪਿਆਂ ਨੂੰ ਇਸ ਚੀਜ਼ ਨੂੰ ਬੜੀ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ, ਕਿਉਂਕਿ ਇਕ ਵਿਦਿਆਰਥੀ ਦੇ ਜਾਣ 'ਤੇ ਘੱਟੋ-ਘੱਟ 30-35 ਲੱਖ ਰੁਪਏ ਖਰਚ ਆਉਂਦਾ ਹੈ, ਸਾਨੂੰ ਭੇਡ-ਚਾਲ ਨਹੀਂ ਚੱਲਣੀ ਚਾਹੀਦੀ ਕਿ ਫਲਾਣੇ ਦਾ ਮੁੰਡਾ ਕੈਨੇਡਾ ਗਿਆ ਹੈ ਤੇ ਅਸੀਂ ਵੀ ਕੈਨੇਡਾ ਹੀ ਭੇਜਣਾ ਹੈ, ਨਹੀਂ ਤਾਂ ਧੀ-ਪੁੱਤ 'ਤੇ ਪੈਸੇ ਦੋਵੇਂ ਗਵਾ ਲਵੋਗੇ ।

***# ਸੰਪਰਕ : 85448-54669***

CMYK

# ਲੁਧਿਆਣਾ 'ਚ ਭਾਜਪਾ ਉਮੀਦਵਾਰ ਨੂੰ ਹਰਾਉਣ ਲਈ ਸੀ ਪੀ ਆਈ ਮੋਹਰੀ ਰੋਲ ਅਦਾ ਕਰੇਗੀ : ਆਗੂ

## ਸ਼ਹੀਦ ਸਾਥੀ ਗੁਰਮੇਲ ਹੂੰਜਣ ਦੀ ਬਰਸੀ ਮੌਕੇ ਪੰਧੇਰ ਖੇੜੀ 'ਚ ਹੋਵੇਗੀ ਕਾਨਫਰੰਸ



**ਲੁਧਿਆਣਾ (ਪੱਤਰ ਪ੍ਰੇਰਕ)**-ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਲੁਧਿਆਣਾ ਦੀ ਕਾਰਜਕਾਰਨੀ ਦੀ ਮੀਟਿੰਗ ਇੱਥੇ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਕਾਮਰੇਡ ਐੱਮ ਐੱਸ ਭਾਟੀਆ ਦੀ ਪ੍ਰਧਾਨਗੀ ਹੇਠ ਹੋਈ। ਸਭ ਤੋਂ ਪਹਿਲਾਂ ਵਿਛੜੇ ਹੋਏ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਨੂੰ ਸ਼ੁਰੂ ਕਰਦੇ ਹੋਏ ਜ਼ਿਲ੍ਹਾ ਸਕੱਤਰ ਸਾਥੀ ਡੀ ਪੀ ਮੌੜ ਨੇ ਪਿਛਲੇ ਸਮੇਂ ਦੌਰਾਨ ਕੀਤੇ ਗਏ ਕੰਮਾਂ ਦੀ ਰਿਪੋਰਟ ਪੇਸ਼ ਕੀਤੀ। ਕੌਮੀ ਪੱਧਰ 'ਤੇ ਦੇਸ਼ ਦੇ ਹਾਲਾਤ ਬਾਰੇ ਗੱਲਬਾਤ ਕਰਦੇ ਹੋਏ ਸਾਥੀ ਮੌੜ ਨੇ ਕਿਹਾ ਕਿ ਆਜ਼ਾਦੀ ਦੇ ਇੰਨੇ ਵਰ੍ਹਿਆਂ ਬਾਅਦ ਇੰਨੇ ਭਿਆਨਕ ਹਾਲਾਤ ਕਦੇ ਵੀ ਨਹੀਂ ਰਹੇ, ਜਿੰਨੇ ਪਿਛਲੇ 10 ਸਾਲਾਂ ਤੋਂ ਹੋਏ ਹਨ।ਸੱਤਾ 'ਤੇ ਕਾਬਜ਼ ਆਰ ਐੱਸ ਐੱਸ ਦੀ ਹੱਥਠੋਕਾ ਭਾਜਪਾ ਦੀ ਮੋਦੀ ਸਰਕਾਰ ਨੇ ਪਿਛਲੇ ਸਮੇਂ ਵਿੱਚ ਦੇਸ਼ ਦੀਆਂ ਸੰਵਿਧਾਨਕ ਸੰਸਥਾਵਾਂ ਨੂੰ ਤਬਾਹ ਕਰ ਦਿੱਤਾ ਹੈ।

ਦੇਸ਼ ਦੇ ਸੰਘੀ ਢਾਂਚੇ ਨੂੰ ਕਮਜ਼ੋਰ ਕਰਕੇ ਤਾਨਾਸ਼ਾਹੀ ਵੱਲ ਲਿਜਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਮੀਡੀਆ 'ਤੇ ਕਬਜ਼ਾ ਕਰ ਲਿਆ ਹੈ। ਘੱਟ ਗਿਣਤੀਆਂ, ਪਿਛੜੇ ਵਰਗਾਂ, ਆਦਿਵਾਸੀਆਂ ਤੇ ਔਰਤਾਂ ਲਈ ਡਰ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ।ਇਹ ਸਭ ਕੁਝ ਕਰਨ ਵਾਲਿਆਂ ਨੂੰ ਮੋਦੀ ਸਰਕਾਰ ਵੱਲੋਂ ਸਨਮਾਨਤ ਕੀਤਾ ਜਾ ਰਿਹਾ ਹੈ। ਬੁਲਾਰਿਆਂ ਨੇ ਕਿਹਾ ਕਿ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਲਈ ਸਾਡਾ ਫਰਜ਼ ਬਣਦਾ ਹੈ ਕਿ ਏਹੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਤਾਨਾਸ਼ਾਹੀ ਮੋਦੀ ਸਰਕਾਰ ਨੂੰ ਸੱਤਾ ਤੋਂ ਹਟਾ ਕੇ ਇੰਡੀਆ ਗੱਠਜੋੜ ਨੂੰ ਸੱਤਾ ਵਿੱਚ ਲਿਆਈਏ। ਲੁਧਿਆਣੇ ਵਿੱਚ ਅਸੀਂ ਪੂਰਾ ਜ਼ੋਰ ਲਾ ਕੇ ਭਾਜਪਾ ਦੇ ਉਮੀਦਵਾਰ ਨੂੰ ਹਰਾਉਣ ਵਿੱਚ ਮੋਹਰੀ ਰੋਲ ਅਦਾ ਕਰਾਂਗੇ। ਮੀਟਿੰਗ ਵਿੱਚ ਸ਼ਾਮਲ ਸਾਥੀਆਂ ਵਿੱਚ ਚਮਕੌਰ ਸਿੰਘ, ਰਮੇਸ਼ ਰਤਨ, ਭਗਵਾਨ ਸਿੰਘ ਸੋਮਲਖੇੜੀ, ਕੇਵਲ ਸਿੰਘ ਬਨਵੈਤ, ਡਾਕਟਰ ਗੁਲਜ਼ਾਰ ਪੰਧੇਰ, ਚਰਨ ਸਰਾਭਾ, ਨਿਰੰਜਨ ਸਿੰਘ, ਮਨਜੀਤ ਸਿੰਘ ਬੋਪਾਰਾਏ, ਕਾਮੇਸ਼ਵਰ ਯਾਦਵ, ਪ੍ਰਿੰਸੀਪਲ ਜਗਜੀਤ ਸਿੰਘ ਰਾਮਗੜ੍ਹ ਸਰਦਾਰਾਂ, ਕੁਲਵੰਤ ਸਿੰਘ ਪੰਧੇਰ ਖੇੜੀ ਤੇ ਬਲਬੀਰ ਸਿੰਘ ਮਾਨ ਹਾਜ਼ਰ ਸਨ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਅੱਤਵਾਦ ਦੌਰਾਨ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਤੇ ਆਪਸੀ ਭਾਈਚਾਰਾ ਬਣਾਈ ਰੱਖਣ ਲਈ ਸ਼ਹੀਦ ਹੋਏ ਸਾਥੀ ਗੁਰਮੇਲ ਹੂਜਣ ਦੀ ਬਰਸੀ, ਜੋ 14 ਮਈ ਨੂੰ ਹੈ, 'ਤੇ ਉਨ੍ਹਾਂ ਦੇ ਪਿੰਡ ਪੰਧੇਰ ਖੇੜੀ ਵਿਖੇ ਵਿਸ਼ਾਲ ਸਿਆਸੀ ਕਾਨਫਰੰਸ ਕਰਨ ਦਾ ਫੈਸਲਾ ਕੀਤਾ ਗਿਆ ਹੈ, ਜਿਸ ਵਿੱਚ ਸਾਰੇ ਜ਼ਿਲ੍ਹੇ 'ਚੋਂ ਪਾਰਟੀ ਦੇ ਸਾਥੀ ਵੱਡੀ ਗਿਣਤੀ 'ਚ ਪਹੁੰਚਣਗੇ।

# ਰਾਮਗੜ੍ਹੀਆ ਬਰਾਦਰੀ ਵਿਰੁੱਧ ਬੋਲੇ ਜਾਤੀ ਸੂਚਕ ਸ਼ਬਦ ਖਿਲਾਫ ਰੋਸ ਪ੍ਰਦਰਸ਼ਨ



ਮੰਤਰੀ ਲਾਲਜੀਤ ਸਿੰਘ ਭੁੱਲਰ ਖਿਲਾਫ ਰੋਸ ਮਾਰਚ ਕਰਦੇ ਹੋਏ ਵੱਖ-ਵੱਖ ਰਾਮਗੜ੍ਹੀਆ ਬਰਾਦਰੀ ਦੀਆਂ ਜਥੇਬੰਦੀਆਂ ਦੇ ਆਗੂ।

**ਕੋਟਕਪੂਰਾ (ਗਫਪਾਲ ਭੁੱਲਰ)**- ਮੰਤਰੀ ਲਾਲਜੀਤ ਭੁੱਲਰ ਵੱਲੋਂ ਵਰਤੀ ਗਈ ਰਾਮਗੜ੍ਹੀਆ ਬਿਰਾਦਰੀ ਵਿਰੁੱਧ ਬੋਲੀ ਗਈ ਜਾਤੀ ਸੂਚਕ ਸ਼ਬਦਾਵਲੀ ਦੇ ਵਿਰੁੱਧ ਪਹਿਲਾ ਕੋਟਕਪੂਰਾ ਦੇ ਨਗਰ ਕੌਂਸਲ ਦਫ਼ਤਰ ਦੇ ਸਾਹਮਣੇ ਬਣੇ ਪਾਰਕ 'ਚ ਰਾਮਗੜ੍ਹੀਆ ਬਿਰਾਦਰੀ ਨਾਲ ਸਬੰਧਤ ਵੱਖ-ਵੱਖ ਜਥੇਬੰਦੀਆਂ ਤੇ ਐਸੋਸੀਏਸ਼ਨ ਦੇ ਨੁਮਾਇੰਦੇ ਸ਼ਾਮਲ ਹੋ ਕੇ ਰੋਸ ਕੀਤਾ ਗਿਆ, ਫਿਰ ਸਥਾਨਕ ਲਾਈਟਾਂ ਵਾਲਾ ਚੌਂਕ ਵਿਖੇ ਵੱਡੀ ਗਿਣਤੀ 'ਚ ਲੋਕਾਂ ਨੇ ਲਾਲਜੀਤ ਸਿੰਘ ਭੁੱਲਰ ਖਿਲਾਫ ਰੋਸ ਪ੍ਰਦਰਸ਼ਨ ਕਰਦਿਆਂ ਨਾਅਰੇਬਾਜ਼ੀ ਕੀਤੀ।ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਭੁਪਿੰਦਰ ਸਿੰਘ ਸੱਗੂ, ਰਾਮਗੜ੍ਹੀਆ ਸਿੰਘ ਸਭਾ ਗੁਰਦੁਆਰਾ ਦੇ ਪ੍ਰਧਾਨ ਮਾਸਟਰ ਬਾਜ ਸਿੰਘ, ਰਾਮਗੜ੍ਹੀਆ ਵੈੱਲਫੇਅਰ ਐਸੋਸੀਏਸ਼ਨ ਕੋਟਕਪੂਰਾ ਦੇ ਪ੍ਰਧਾਨ ਸੁਖਰਾਜ ਸਿੰਘ ਚਾਨਾ, ਸੁੱਖਣੀ ਅਕਾਲੀਦਲ ਦੇ ਐਸਆਈ ਵੇਲਾਮਿਨ ਕੁਲਤਾਰ ਸਿੰਘ ਬਰਾੜ, ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਨਵਦੀਪ ਸਿੰਘ ਬੱਬੂ ਬਰਾੜ, ਬੇਹੜ ਸਿੰਘ ਘਾਰੂ, ਗੋਬਿੰਦ ਐਗਰੀਕਲਚਰ ਦੇ ਐੱਮ ਡੀ ਸੁਖਵਿੰਦਰ ਸਿੰਘ ਬੱਬੂ ਨੇ ਦੱਸਿਆ ਕਿ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਰਾਮਗੜ੍ਹੀਆਂ ਤੇ ਸੁਨਿਆਰਾ ਬਰਾਦਰੀ ਬਾਰੇ ਕੀਤੀ ਗਈ ਬਿਆਨਬਾਜ਼ੀ ਬਹੁਤ ਨਿੰਦਰਯੋਗ ਹੈ।ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਤੇ ਕੇਜਰੀਵਾਲ ਤੋਂ ਮੰਗ ਕੀਤੀ ਹੈ ਕਿ ਲਾਲਜੀਤ ਸਿੰਘ ਭੁੱਲਰ ਨੂੰ ਮੰਤਰੀ ਦੇ ਅਹੁਦੇ ਤੋਂ ਹਟਾਉਣ ਦੇ ਨਾਲ ਖਡੂਰ ਸਾਹਿਬ ਤੋਂ ਚੋਣ ਲੜ ਰਹੇ ਲਾਲਜੀਤ ਸਿੰਘ ਭੁੱਲਰ ਦੀ ਟਿੱਕਟ ਰੱਦ ਕੀਤੀ ਜਾਵੇ।ਉਨ੍ਹਾਂ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਾਡੀ ਮੰਗ ਨਾ ਪੂਰੀ ਕੀਤੀ ਗਈ ਤਾਂ ਇਹ ਸੰਘਰਸ਼ ਪੰਜਾਬ ਪੱਧਰ 'ਤੇ ਤਿੱਖਾ ਕੀਤਾ ਜਾਵੇਗਾ ਤਾਂ ਜੋ ਚੋਣਾਂ 'ਚ ਪੰਜਾਬ ਸਰਕਾਰ ਨੂੰ ਹਾਰ ਦਾ ਮੂੰਹ ਦੇਖਣਾ ਪਵੇ। ਇਸ ਮੌਕੇ ਸਕੱਤਰ ਪ੍ਰੋਫੈਸਰ ਹਰਬੰਸ ਸਿੰਘ ਪਦਮ, ਬਾਬਾ ਵਿਸ਼ਵਕਰਮਾ ਧਰਮਸ਼ਾਲਾ ਸਭਾ ਦੇ ਪ੍ਰਧਾਨ ਮਹਿੰਗਾ ਸਿੰਘ ਕਮਰਾਹ, ਰਾਮਗੜ੍ਹੀਆ ਅਕਾਲ ਜਥੇਬੰਦੀ ਦੇ ਪ੍ਰਧਾਨ ਸਵਰਨ ਸਿੰਘ ਵਿਰਦੀ, ਭਾਈ ਲਾਲੋ ਗੁਰਦੁਆਰਾ ਸੇਵਾ ਸੁਸਾਇਟੀ ਦੇ ਪ੍ਰਧਾਨ ਮਾ. ਕੁਲਵੰਤ ਸਿੰਘ ਚਾਨੀ, ਅਕਾਲੀ ਦਲ ਪੱਛੜਾ ਵਿੰਗ ਜਾਤੀ ਦੇ ਪ੍ਰਧਾਨ ਠੇਕੇਦਾਰ ਦਰਸ਼ਨ ਸਿੰਘ, ਕੌਂਸਲਰ ਗੁਰਮੁੱਖ ਸਿੰਘ ਭੁੱਲਰ, ਗੁਰਮੀਤ ਸਿੰਘ ਸੰਧੂ ਆਰੇਵਾਲਾ, ਕੁਲਦੀਪ ਸਿੰਘ ਨੰਨੀ, ਬਲਕਾਰ ਸਿੰਘ, ਭੁਪਿੰਦਰ ਸਿੰਘ ਸਾਬਕਾ ਐੱਮ ਸੀ, ਨਰਿੰਦਰ ਸਿੰਘ ਨਿੰਦਾ, ਸਾਬਕਾ ਐੱਮ ਸੀ ਤੋਂ ਇਲਾਵਾ ਵੱਖ-ਵੱਖ ਜਥੇਬੰਦੀਆਂ ਤੇ ਸੁਸਾਇਟੀਆਂ ਦੇ ਮੈਂਬਰਾਂ ਨੇ ਆਪਣੇ ਆਪਣੇ ਵਿਚਾਰ ਸਾਂਝੇ ਕਰਦਿਆਂ ਪੰਜਾਬ ਸਰਕਾਰ ਦੇ ਮੰਤਰੀ ਲਾਲਜੀਤ ਸਿੰਘ ਭੁੱਲਰ, ਜੋ ਕਿ ਖਡੂਰ ਸਾਹਿਬ ਤੋਂ ਸੰਸਦ ਦੀ ਸੀਟ ਲਈ ਉਮੀਦਵਾਰ ਹਨ, ਨੇ ਆਪਣੇ ਚੋਣ ਭਾਸ਼ਣ ਵਿੱਚ ਰਾਮਗੜ੍ਹੀਆ ਬਿਰਾਦਰੀ ਤੇ ਸੁਨਿਆਰਾ ਬਰਾਦਰੀ ਵਿਰੁੱਧ ਜਾਤੀ ਸੂਚਕ ਸ਼ਬਦ ਬੋਲਣ 'ਤੇ ਘੋਰ ਨਿੰਦਾ ਕੀਤੀ ਗਈ।

# ਹੰਸ ਰਾਜ ਹੰਸ ਦਾ ਨਿਹਾਲ ਸਿੰਘ ਵਾਲਾ, ਬਾਘਾ ਪੁਰਾਣਾ, ਭਿੰਡਰ ਕਲਾਂ 'ਚ ਤੂਫਾਨੀ ਦੌਰਾ



ਮੋਗਾ ਵਿਖੇ ਭਾਜਪਾ ਦੇ ਉਮੀਦਵਾਰ ਹੰਸ ਰਾਜ ਹੰਸ ਨੂੰ ਗੁਲਦਸਤਾ ਭੇਟ ਕਰਦੇ ਹੋਏ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਤੇ ਸ਼ਹਿਰ ਦੇ ਮੋਹਤਬਰ।

**ਮੋਗਾ (ਇਕਬਾਲ ਸਿੰਘ ਮਹਿਰਾ)**-ਭਾਜਪਾ ਦੇ ਲੋਕ ਸਭਾ ਹਲਕਾ ਫਰੀਦਕੋਟ ਉਮੀਦਵਾਰ ਅਤੇ ਮੈਂਬਰ ਪਾਰਲੀਮੈਂਟ ਹੰਸ ਰਾਜ ਹੰਸ ਨੇ ਅੱਜ ਮੋਗਾ ਜ਼ਿਲ੍ਹੇ ਦਾ ਤੂਫਾਨੀ ਦੌਰਾ ਕੀਤਾ ਤੇ ਆਪਣੇ ਦੌਰੇ ਦੌਰਾਨ ਨਿਹਾਲ ਸਿੰਘ ਵਾਲਾ, ਬਾਘਾ ਪੁਰਾਣਾ ਤੇ ਪਿੰਡ ਭਿੰਡਰ ਕਲਾਂ ਵਿਖੇ ਲੋਕਾਂ ਦੇ ਆਪਣੇ ਰੱਖੇ ਇਕੱਠ ਨੂੰ ਸੰਬੋਧਨ ਕੀਤਾ ਅਤੇ ਭਾਜਪਾ ਉਮੀਦਵਾਰ ਹੰਸ ਰਾਜ ਹੰਸ ਨੂੰ ਲੋਕਾਂ ਦਾ ਮੋਗਾ ਸ਼ਹਿਰ ਦੇ ਲੋਕਾਂ ਦਾ ਵੀ ਭਾਰੀ ਸਮਰਥਨ ਦੇਖਣ ਨੂੰ ਮਿਲਿਆ। ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ, ਨਿਹਾਲ ਸਿੰਘ ਵਾਲਾ ਜ਼ਿਲ੍ਹਾ ਜਨਰਲ ਸਕੱਤਰ ਤੇ ਸਾਬਕਾ ਐੱਸ.ਪੀ. ਮੁਖਤਿਆਰ ਸਿੰਘ, ਜਨਰਲ ਸਕੱਤਰ ਵਿੱਕੀ ਸਿਤਾਰਾ, ਜਨਰਲ ਸਕੱਤਰ ਰਾਹੁਲ ਗਰਗ, ਭਾਜਪਾ ਯੁਵਾ ਮੋਰਚਾ ਦੇ ਪ੍ਰਧਾਨ ਰਾਜਨ ਸੂਦ, ਮੰਡਲ ਪ੍ਰਧਾਨ ਬਾਘਾਪੁਰਾਣਾ ਦੀਪਕ ਤਲਵਾੜ, ਨਵਦੀਪ ਤਲਵਾੜ, ਦੀਪਕ ਸ਼ਰਮਾ, ਜਤਿਨ ਬਾਠਲਾ, ਗਗਨਦੀਪ ਲੂੰਬਾ, ਦਵਿੰਦਰ ਲੰਗੇਆਣਾ, ਬਿੱਟੀ ਕਟਾਰੀਆ, ਪ੍ਰਦੀਪ ਤਲਵਾੜ, ਸੂਰਜ ਸਿੰਘ, ਡਾ. ਮੋਹਿਤ ਮਹੇਸ਼ਵਰੀ, ਸੁਰਿੰਦਰਪਾਲ, ਪੰਕਜ ਗੁੰਬਰ, ਵਿਨੋਦ ਕੁਮਾਰ, ਮਮਤਾ ਸਿੰਗਲਾ, ਪੱਲਵੀ, ਸਵਰਨਜੀਤ ਕੌਰ, ਸੋਨੀਆ ਬਾਂਸਲ, ਰੇਣੂ ਤਲਵਾਰ, ਮੰਡਲ ਪ੍ਰਧਾਨ ਸ਼ਹਿਰੀ ਸੋਮਨਾਥ ਬਾਂਸਲ, ਸੋਨੀ ਬੱਟੀ ਮੰਡਲ ਪ੍ਰਧਾਨ ਦਿਹਾਤੀ, ਪਵਨ ਗੋਇਲ ਬੰਟੀ ਸੀਨੀਅਰ ਮੀਤ ਪ੍ਰਧਾਨ ਜ਼ਿਲ੍ਹਾ ਮੋਗਾ, ਬਲਜੀਤ ਸ਼ਰਮਾ, ਡਾ. ਰਾਮ ਕੁਮਾਰ, ਤਰਨਜੀਤ ਬੱਟੇ, ਰਾਜੂ ਸ਼ਾਂਤ, ਅਮਰਜੀਤ ਸੇਜਵਾਲ, ਜਗਦੀਸ਼ ਗਰਗ, ਬਲਵਿੰਦਰ ਬਾਂਸਲ, ਜਗਸੀਰ ਨੰਗਲ, ਮਨੀਸ਼ ਗਰਗ, ਚੇਤਨ ਗਰਗ, ਜਸਮੇਲ ਸਿੰਘ, ਨਿਰਮਲ ਸਿੰਘ, ਨਮਰਤਾ ਰਾਣੀ, ਰੁਲਦੂ ਰਾਮ, ਜਗਸੀਰ ਸਰਪੰਚ ਲੁਹਾਰਾ ਆਦਿ ਹਾਜ਼ਰ ਸਨ। ਸੰਸਦ ਮੈਂਬਰ ਹੰਸਰਾਜ ਹੰਸ ਨੇ ਕਿਹਾ ਕਿ ਜਿਸ ਤਰ੍ਹਾਂ ਭਾਜਪਾ ਨੂੰ ਸ਼ਹਿਰਾਂ ਦੇ ਨਾਲ-ਨਾਲ ਪਿੰਡਾਂ 'ਚ ਵੀ ਭਾਰੀ ਸਮਰਥਨ ਮਿਲ ਰਿਹਾ ਹੈ, ਉਸ ਤੋਂ ਸਪੱਸ਼ਟ ਹੈ ਕਿ ਲੋਕ ਹੁਣ ਪੰਜਾਬ 'ਚ ਭਾਜਪਾ ਦੀ ਸਰਕਾਰ ਲਿਆਉਣਾ ਚਾਹੁੰਦੇ ਹਨ।

## ਕਾਤਰਾਂ

### ਟਰਾਂਸਫ਼ਾਰਮਰ 'ਚੋਂ ਤੇਲ ਚੋਰੀ ਕਰਦਾ ਰੰਗੇ ਹੱਥੀਂ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ ਸ਼ਹਿਰ ਵਿੱਚ ਲੋਕਾਂ ਨੇ ਇੱਕ ਚੋਰ ਨੂੰ ਚੋਰੀ ਕਰਦੇ ਰੰਗੇ ਹੱਥੀਂ ਕਾਬੂ ਕੀਤਾ।ਫੜੇ ਗਏ ਚੋਰ ਨੂੰ ਬਿਜਲੀ ਦੇ ਖੰਭੇ ਨਾਲ ਬੰਨ੍ਹ ਕੇ ਪੁਲਸ ਨੂੰ ਸੂਚਿਤ ਕੀਤਾ ਗਿਆ। ਇਸ ਤੋਂ ਪਹਿਲਾਂ ਕਿ ਫੜੇ ਗਏ ਚੋਰ ਦੀ ਕੁੱਟਮਾਰ ਕਰਕੇ ਲੋਕ ਆਪਣਾ ਗੁੱਸਾ ਕੱਢਦੇ, ਪੁਲਸ ਮੌਕੇ 'ਤੇ ਪਹੁੰਚ ਗਈ ਤੇ ਦੋਸ਼ੀ ਨੂੰ ਆਪਣੇ ਨਾਲ ਲੈ ਗਈ। ਫੜਿਆ ਗਿਆ ਚੋਰ ਜੱਸਾ ਜੋ ਕਿ ਫ਼ਿਰੋਜ਼ਪੁਰ ਸ਼ਹਿਰ ਦੀ ਬਸਤੀ ਭੱਟੀਆਂ ਵਾਲਾ ਦਾ ਰਹਿਣ ਵਾਲਾ ਹੈ, ਪਿਛਲੇ ਲੰਮੇ ਸਮੇਂ ਤੋਂ ਲੋਕਾਂ ਦੇ ਘਰਾਂ ਵਿੱਚੋਂ ਮੋਬਾਈਲ ਫ਼ੋਨ, ਬਿਜਲੀ ਦੀਆਂ ਤਾਰਾਂ ਤੇ ਟਰਾਂਸਫ਼ਾਰਮਰਾਂ ਵਿੱਚੋਂ ਤੇਲ ਚੋਰੀ ਕਰਨ ਵਿੱਚ ਸ਼ਾਮਲ ਸੀ।

### ਭਲਕੇ ਬਿਜਲੀ ਬੰਦ ਰਹੇਗੀ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪਾਵਰਕਾਮ ਸ਼ਹਿਰੀ ਉੱਪ-ਮੰਡਲ ਧੂਰੀ ਦੇ ਐੱਸ.ਡੀ.ਓ. ਗੁਰਦੀਪਇੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 66 ਕੇ. ਵੀ. ਗਰਿੱਡ ਧੂਰੀ ਤੋਂ ਚੱਲਦੇ ਐੱਮ. ਕੇ. ਰੋਡ ਫੀਡਰ ਤੇ ਮਾਰਕਫੈੱਡ ਫੀਡਰ ਦੀ ਮੁਰੰਮਤ ਕਾਰਨ 21 ਅਪ੍ਰੈਲ ਨੂੰ ਸਵੇਰੇ 10:00 ਵਜੇ ਤੋਂ ਸ਼ਾਮ 4 ਵਜੇ ਤੱਕ ਲਾਈਟ ਬੰਦ ਰਹੇਗੀ, ਜਿਸ ਨਾਲ ਜਨਤਾ ਨਗਰ, ਸੰਗਤਪੁਰਾ ਮੁਹੱਲਾ, ਗੁਰਦੇਵ ਨਗਰ, ਤਾਰਾ ਕਾਲੋਨੀ, ਦੌਲਤਪੁਰ ਰੋਡ, ਜੀਟੀਬੀ ਨਗਰ, ਕੈਂਬ੍ਰਿਜ ਸਕੂਲ, ਦੇਸ਼ ਭਗਤ ਕਾਲਜ ਤੇ ਗੋਲਡਨ ਐਵੀਨਿਊ ਦੀ ਸਪਲਾਈ ਬੰਦ ਰਹੇਗੀ।

### 150 ਗ੍ਰਾਮ ਹੈਰੋਇਨ ਤੇ ਮੋਟਰਸਾਈਕਲ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੀਆਈਏ ਸਟਾਫ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ 150 ਗ੍ਰਾਮ ਹੈਰੋਇਨ ਤੇ ਇੱਕ ਮੋਟਰਸਾਈਕਲ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਥਾਣਾ ਕੁੱਲਗੜ੍ਹੀ ਵਿਖੇ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸੀਆਈਏ ਸਟਾਫ ਫਿਰੋਜ਼ਪੁਰ ਦੇ ਸਬ ਇੰਸਪੈਕਟਰ ਸੁਖਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਫਿਰੋਜ਼ਪੁਰ ਸਾਦਿਕ ਰੋਡ 'ਤੇ ਟੀ ਪੁਆਇੰਟ ਲਿੰਕ ਰੋਡ ਫੱਤੂਵਾਲਾ ਨਜ਼ਦੀਕ ਪੁੱਜੀ ਤਾਂ ਇੱਕ ਨੌਜਵਾਨ ਅਬੈ ਉਰਫ ਅਬੀ ਪੁੱਤਰ ਰਾਜ ਕੁਮਾਰ ਵਾਸੀ ਪਿੰਡ ਬੁੱਕਨ ਖਾਂ ਵਾਲਾ ਮੋਟਰਸਾਈਕਲ ਸਪਲੈਂਡਰ ਨੰਬਰ ਪੀ ਬੀ 05 ਏ ਆਰ 8552 'ਤੇ ਆਉਂਦਾ ਵਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਿਆ ਤੇ ਇਕ ਦਮ ਮੋਟਰਸਾਈਕਲ ਪਿੱਛੇ ਮੋੜ ਕੇ ਭੱਜਣ ਲੱਗਾ, ਜਿਸ ਨੂੰ ਪੁਲਸ ਪਾਰਟੀ ਵੱਲੋਂ ਸ਼ੱਕ ਦੀ ਬਿਨਾਅ 'ਤੇ ਕਾਬੂ ਕਰਕੇ ਤਲਾਸ਼ੀ ਲਈ ਤਾਂ ਇਸ ਕੋਲੋਂ 150 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਗਊਧਾਮ ਹਸਪਤਾਲ ਟਰੱਸਟ ਦੀ ਸਰਬਸੰਮਤੀ ਨਾਲ ਚੋਣ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਮਾਨਵਤਾ ਤੇ ਬੇਜ਼ੁਬਾਨ ਪਸ਼ੂ-ਪੰਛੀਆਂ ਦੀ ਸੇਵਾ ਨੂੰ ਸਮਰਪਤ ਗਊਧਾਮ ਹਸਪਤਾਲ ਟਰੱਸਟ ਤੇ ਸਟੈਪ ਆਨ ਸੁਸਾਇਟੀ ਧੂਰੀ ਦੀ ਹੋਈ ਚੋਣ ਮੀਟਿੰਗ ਵਿੱਚ ਗਊਧਾਮ ਹਸਪਤਾਲ ਧੂਰੀ ਦੇ ਰਜਨੀਸ਼ ਗਰਗ ਵਿੱਕੀ ਨੂੰ ਚੇਅਰਮੈਨ, ਰੰਮੀ ਢੰਡ ਨੂੰ ਪ੍ਰਧਾਨ, ਹਰਿੰਦਰ ਸ਼ਰਮਾ ਨੂੰ ਸੈਕਟਰੀ, ਰਿੰਕੂ ਬਾਂਸਲ ਕੈਸ਼ੀਅਰ ਤੇ ਅਮਨਪ੍ਰੀਤ ਬਾਵਾ ਨੂੰ ਸਰਬਸੰਮਤੀ ਨਾਲ ਪ੍ਰੈੱਸ ਸੈਕਟਰੀ ਚੁਣਿਆ ਗਿਆ, ਜਦਕਿ ਸਟੈਪ ਆਨ ਸੁਸਾਇਟੀ ਦੇ ਅਹੁਦੇਦਾਰਾਂ ਦੀ ਸਰਬਸੰਮਤੀ ਨਾਲ ਕੀਤੀ ਗਈ ਚੋਣ ਵਿੱਚ ਜੌਲੀ ਗਰਗ (ਸੈਂਟੀ) ਨੂੰ ਪ੍ਰਧਾਨ ਤੇ ਈਸ਼ ਗਰਗ ਨੂੰ ਖਜ਼ਾਨਚੀ ਚੁਣਿਆ ਗਿਆ।ਉਪਰੰਤ ਸੰਸਥਾ ਵੱਲੋਂ ਰਾਮ ਨੌਵੀਂ ਦੇ ਦਿਹਾੜੇ 'ਤੇ ਮੁਫਤ ਤੁਲਸੀ ਦੇ ਪੌਦੇ ਵੀ ਵੰਡੇ ਗਏ।

# ਰਾਈਸ ਮਿਲਰਾਂ ਨੇ ਝੋਨੇ ਦੇ ਪੀ ਆਰ-126 ਬੀਜ ਦੀ ਬਿਜਾਈ ਨਾ ਕਰਵਾਉਣ ਦੀ ਕੀਤੀ ਮੰਗ

## ਚਾਵਲ ਦੇ ਭੰਡਾਰਨ ਲਈ ਥਾਂ ਨਾ ਹੋਣ ਨੂੰ ਲੈ ਕੇ ਵੀ ਜਤਾਈ ਨਰਾਜ਼ਗੀ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਧੂਰੀ ਰਾਇਸ ਮਿਲਰਜ਼ ਐਸੋਸੀਏਸ਼ਨ ਦੇ ਆਗੂਆਂ ਨੇ ਐੱਫ.ਸੀ.ਆਈ. ਦੇ ਸਥਾਨਕ ਗੁਦਾਮਾਂ 'ਚ ਉਨ੍ਹਾਂ ਵੱਲੋਂ ਮਿਲਿੰਗ ਕੀਤੇ ਗਏ ਚਾਵਲ ਦੇ ਭੰਡਾਰਨ ਲਈ ਜਗ੍ਹਾ ਨਾ ਹੋਣ ਨੂੰ ਲੈ ਕੇ ਆਪਣੀ ਨਰਾਜ਼ਗੀ ਜ਼ਾਹਰ ਕੀਤੀ ਹੈ।ਇਸ ਸਬੰਧੀ ਐਸੋਸੀਏਸ਼ਨ ਦੇ ਆਗੂ ਰਾਜੇਸ਼ ਸਿੰਗਲਾ ਸ਼ੰਟੀ, ਸੁਰੇਸ਼ ਜਿੰਦਲ, ਰੋਮੀ ਸਿੰਗਲਾ, ਵਿਜੈ ਬਾਂਸਲ, ਰਾਕੇਸ਼ ਚੌਧਰੀ ਆਦਿ ਨੇ ਕਿਹਾ ਕਿ ਝੋਨੇ ਦੀ ਮਿਲਿੰਗ 'ਚ ਦੇਰੀ ਹੋਣ ਦੇ ਚੱਲਦਿਆਂ ਸ਼ੈਲਰ ਇੰਡਸਟਰੀ ਪਹਿਲਾਂ ਤੋਂ ਹੀ ਭਾਰੀ ਨੁਕਸਾਨ ਝੱਲ ਰਹੀ ਹੈ ਤੇ ਹੁਣ ਸਰਕਾਰ ਕੋਲ ਉਨ੍ਹਾਂ ਵੱਲੋਂ ਮਿਲਿੰਗ ਕੀਤੇ ਗਏ ਝੋਨੇ ਦਾ ਚਾਵਲ ਲਗਵਾਉਣ ਲਈ ਗੋਦਾਮਾਂ 'ਚ ਸਪੇਸ ਨਹੀ ਹੈ।ਉਨ੍ਹਾਂ ਦੱਸਿਆ ਕਿ ਹਾਲੇ ਧੂਰੀ ਸੈਂਟਰ ਦੀਆਂ ਕਰੀਬ 1 ਹਜ਼ਾਰ ਚਾਵਲਾਂ ਦੀਆਂ ਗੱਡੀਆਂ ਗੋਦਾਮਾਂ 'ਚ ਲੱਗਣੀਆਂ ਬਕਾਇਆ ਹਨ, ਜਿਸ ਦੇ ਲਈ ਫਿਲਹਾਲ ਕੋਈ ਸਪੇਸ ਨਹੀਂ ਹੈ।ਉਨ੍ਹਾ ਕਿਹਾ ਕਿ ਗਰਮੀ ਦਿਨੋਂ ਦਿਨ ਵਧ ਰਹੀ ਹੈ ਤੇ ਜੇਕਰ ਕੰਮ ਲੇਟ ਹੁੰਦਾ ਹੈ, ਤਾਂ ਲੇਬਰ ਸਮੇਤ ਹੋਰ ਮੁਸ਼ਕਲਾਂ ਦਾ ਸਾਹਮਣਾ ਵੀ ਇਸ ਇੰਡਸਟਰੀ ਨੂੰ ਕਰਨਾ ਪੈਣਾ ਹੈ।ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਗੋਦਾਮਾਂ 'ਚ ਪਹਿਲਾਂ ਤੋਂ ਸਟੋਰ ਕੀਤਾ ਗਿਆ ਚਾਵਲ ਸਪੈਸ਼ਲਾਂ (ਵਿਸ਼ੇਸ਼ ਟਰੇਨਾਂ) ਰਾਹੀਂ ਹੋਰਨਾਂ ਸੂਬਿਆਂ 'ਚ ਭੇਜਿਆ ਜਾਵੇ, ਤਾਂ ਜੋ ਬਕਾਇਆ ਰਹਿੰਦੀਆਂ ਚੌਲਾਂ ਦੀਆਂ ਗੱਡੀਆਂ ਨੂੰ ਸਪੈਸ਼ਲਾਂ ਰਾਹੀਂ ਖਾਲੀ ਹੋਈ ਸਪੇਸ 'ਤੇ ਲਗਵਾਇਆ ਜਾ ਸਕੇ।ਇਸ ਮੌਕੇ ਐਸੋਸੀਏਸ਼ਨ ਦੇ ਆਗੂ ਰਾਜੇਸ਼ ਸਿੰਗਲਾ ਸ਼ੰਟੀ ਨੇ ਸਰਕਾਰ ਤੋਂ ਇਸ ਵਾਰ ਝੋਨੇ ਦੇ ਪੀ ਆਰ-126 ਕਿਸਮ ਦੀ ਬਿਜਾਈ ਨਾ ਕਰਵਾਉਣ ਦੀ ਮੰਗ ਕਰਦਿਆਂ ਕਿਹਾ ਕਿ ਇਸ ਝੋਨੇ 'ਚੋਂ ਚਾਵਲ ਦਾ ਨਿਕਾਲ ਕਾਫੀ ਘੱਟ ਨਿਕਲਦਾ ਹੈ, ਜਿਸ ਕਾਰਨ ਮਿਲਰਾਂ ਨੂੰ ਭਾਰੀ ਨੁਕਸਾਨ ਸਹਿਣਾ ਪੈ ਰਿਹਾ ਹੈ।ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਇਸ ਵਾਰ ਇਸ ਕਿਸਮ ਦੇ ਬੀਜ ਦੀ ਬਿਜਾਈ ਨਾ ਕਰਵਾਈ ਜਾਵੇ।ਉਨ੍ਹਾਂ ਅਜਿਹਾ ਨਾ ਹੋਣ ਦੀ ਸੂਰਤ 'ਚ ਉਕਤ ਕਿਸਮ ਦੇ ਝੋਨੇ ਦੀ ਖਰੀਦ ਦਾ ਬਾਈਕਾਟ ਕਰਨ ਦਾ ਐਲਾਣ ਵੀ ਕੀਤਾ।

# ਪਹਿਰੇਦਾਰ ਨੂੰ ਜਾਤੀ ਖਿਲਾਫ ਗਾਲ੍ਹਾਂ ਕੱਢਣ 'ਤੇ ਤਿੰਨ ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਘੱਲ ਖੁਰਦ ਅਧੀਨ ਆਉਂਦੇ ਪਿੰਡ ਸੋਢੀ ਨਗਰ ਵਿਖੇ ਇਕ ਪਹਿਰੇਦਾਰ ਨੂੰ ਜਾਤੀ ਖਿਲਾਫ ਗਾਲ੍ਹਾਂ ਕੱਢਣ ਤੇ ਜੁੱਤੀ ਲਾਹ ਕੇ ਮਾਰਨ ਦੇ ਦੋਸ਼ ਵਿੱਚ ਪੁਲਸ ਨੇ ਇਕ ਔਰਤ ਸਮੇਤ ਦੋ ਅਣਪਛਾਤੇ ਵਿਅਕਤੀਆਂ ਖਿਲਾਫ 325, 506 ਆਈ ਪੀ ਸੀ ਤਹਿਤ 3-ਐੱਸ ਸੀ/ਐੱਸ ਟੀ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਕਰਨੈਲ ਸਿੰਘ ਪੁੱਤਰ ਫਕੀਰ ਵਾਸੀ ਸੋਢੀ ਨਗਰ ਨੇ ਦੱਸਿਆ ਕਿ ਉਹ ਜੋ ਵਾਲਮੀਕ ਜਾਤੀ ਨਾਲ ਸਬੰਧ ਰੱਖਦਾ ਹੈ ਤੇ ਬਤੌਰ ਪਹਿਰੇਦਾਰ ਦੀ ਨੌਕਰੀ ਅਜੈਬੀਰ ਸਿੰਘ ਦੇ ਘਰ ਪਿੰਡ ਸੋਢੀ ਨਗਰ ਵਿਖੇ ਕਰਦਾ ਹੈ। ਅਜੈਬੀਰ ਸਿੰਘ ਦਾ ਆਪਣੀ ਪਤਨੀ ਭਾਰਤੀ ਕੌਰ ਪੁੱਤਰੀ ਗੁਰਦਰਸ਼ਨ ਸਿੰਘ ਵਾਸੀ ਮਕਾਨ ਨੰਬਰ 524 ਸੈਕਟਰ 10 ਚੰਡੀਗੜ੍ਹ ਨਾਲ ਤਲਾਕ ਹੋ ਚੁੱਕਾ ਹੈ, ਜਿਸ 'ਤੇ ਉਸ ਨੂੰ ਹਦਾਇਤ ਮਿਲੀ ਸੀ ਭਾਰਤੀ ਕੌਰ ਨੂੰ ਘਰ ਅੰਦਰ ਦਾਖਲ ਨਹੀਂ ਹੋਣ ਦੇਣਾ। ਮਿਤੀ 18 ਅਕਤੂਬਰ 2023 ਨੂੰ ਕਰੀਬ 11 ਵਜੇ ਉਹ ਆਪਣੀ ਡਿਊਟੀ 'ਤੇ ਤੈਨਾਤ ਸੀ ਤਾਂ ਭਾਰਤੀ ਕੌਰ ਜੋ ਅਜੈਬੀਰ ਸਿੰਘ ਦੇ ਗੇਟ 'ਤੇ ਆਈ ਤੇ ਉਸ ਵੱਲੋਂ ਰੋਕਣ 'ਤੇ ਉਸ ਨੇ ਉਸ ਨੂੰ ਜਾਤੀ ਖਿਲਾਫ ਗਾਲ੍ਹਾਂ ਕੱਢੀਆਂ ਤੇ ਜੁੱਤੀ ਲਾਹ ਕੇ ਮਾਰੀ ਅਤੇ ਧਮਕੀਆਂ ਦਿੱਤੀਆਂ। ਇਸ ਮਾਮਲੇ ਦੀ ਜਾਂਚ ਕਰ ਰਹੇ ਉੱਪ-ਕਪਤਾਨ ਪੁਲਸ ਦਿਹਾਤੀ ਰਾਜੇਸ਼ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਬਾਅਦ ਪੜਤਾਲ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਲੁਧਿਆਣਾ ਲੋਕ ਸਭਾ ਹਲਕੇ ਤੋਂ ਮਜ਼ਬੂਤ ਦਾਅਵੇਦਾਰ ਹਨ ਕਮਲਜੀਤ ਸਿੰਘ ਬਰਾੜ



**ਜਗਰਾਉਂ (ਨਛੱਤਰ ਸੰਧੂ)**-ਪੂਰੇ ਦੇਸ ਵਿੱਚ ਲੋਕ ਸਭਾ ਦੀਆਂ ਇਲੈਕਸ਼ਨਾਂ ਨੂੰ ਲੈ ਕੇ ਤਿਆਰੀਆਂ ਚੱਲ ਰਹੀਆਂ ਨੇ। ਲੁਧਿਆਣਾ ਜ਼ਿਲ੍ਹੇ ਦੀ ਗੱਲ ਕਰੀਏ ਤਾਂ ਇੱਥੋਂ ਦੋ ਵਾਰ ਸੰਸਦ ਰਹਿ ਚੁੱਕੇ ਰਵਨੀਤ ਸਿੰਘ ਬਿੱਟੂ ਭਾਜਪਾ ਵਿੱਚ ਸ਼ਾਮਲ ਹੋ ਚੁੱਕੇ ਹਨ ਤੇ ਇੱਥੋਂ ਕੇਂਦਰੀ ਮੰਤਰੀ ਰਹੇ ਮੁਨੀਸ਼ ਤਿਵਾੜੀ ਨੇ ਲੁਧਿਆਣਾ ਲੋਕ ਸਭਾ ਤੋਂ ਇਲੈਕਸ਼ਨ ਲੜਨ ਦੀ ਇੱਛਾ ਪ੍ਰਗਟਾਈ ਸੀ। ਉਨ੍ਹਾਂ ਨੂੰ ਹਾਈਕਮਾਂਡ ਨੇ ਚੰਡੀਗੜ੍ਹ ਭੇਜ ਦਿੱਤਾ। ਲੁਧਿਆਣਾ ਲੋਕ ਸਭਾ ਤੋਂ ਬੈਂਸ ਭਰਾਵਾਂ ਨੂੰ ਕਾਂਗਰਸ ਵਿੱਚ ਸ਼ਾਮਲ ਕਰਕੇ ਇਲੈਕਸ਼ਨ ਲੜਾਉਣ ਲਈ ਕੁਝ ਲੀਡਰਾਂ ਵੱਲੋਂ ਹਾਈਕਮਾਂਡ 'ਤੇ ਜ਼ੋਰ ਵੀ ਪਾਇਆ ਗਿਆ, ਪਰ ਗੱਲ ਸਿਰੇ ਨਾ ਚੜ੍ਹ ਸਕੀ। ਪਾਰਟੀ ਹਾਈਕਮਾਂਡ ਰਵਨੀਤ ਸਿੰਘ ਬਿੱਟੂ ਦੇ ਮੁਕਾਬਲੇ ਇੱਕ ਬੇਦਾਗ਼ ਸਿੱਖ ਚਿਹਰੇ ਦੀ ਤਲਾਸ਼ ਵਿੱਚ ਹੈ। ਪਿਛਲੇ ਕੁੱਝ ਦਿਨਾਂ ਤੋਂ ਕਾਂਗਰਸ ਹਾਈਕਮਾਂਡ ਸਾਬਕਾ ਮੰਤਰੀ ਦਰਸ਼ਨ ਸਿੰਘ ਬਰਾੜ ਦੇ ਸਪੁੱਤਰ ਕਮਲਜੀਤ ਸਿੰਘ ਬਰਾੜ ਦੇ ਨਾਂਅ 'ਤੇ ਵਿਚਾਰ ਕਰ ਰਹੀ ਹੈ। ਇਸਦਾ ਕਾਰਨ ਇਹ ਹੈ ਕਿ ਦਰਸ਼ਨ ਸਿੰਘ ਬਰਾੜ ਲੁਧਿਆਣਾ ਲੋਕ ਸਭਾ ਦੇ ਹਲਕੇ ਜਗਰਾਉਂ ਤੋਂ ਕਾਂਗਰਸ ਦੀ ਸਰਕਾਰ ਸਮੇਂ ਮੰਤਰੀ ਰਹੇ ਹਨ ਤੇ ਉਨ੍ਹਾਂ ਦਾ ਲੁਧਿਆਣਾ ਲੋਕ ਸਭਾ ਹਲਕੇ ਵਿੱਚ ਵੱਡਾ ਵੋਟ ਬੈਂਕ ਵੀ ਹੈ।

ਕਮਲਜੀਤ ਸਿੰਘ ਬਰਾੜ ਆਪਣੀ ਸਰਕਾਰ ਹੁੰਦਿਆਂ ਹੋਇਆਂ ਕੈਪਟਨ ਅਮਰਿੰਦਰ ਸਿੰਘ ਦੀ ਹਾਜ਼ਰੀ ਵਿੱਚ ਸਟੇਜਾਂ ਤੋਂ ਝੋਲੀ ਅੱਡ ਕੇ ਗੁਰੂ ਸਾਹਿਬ ਜੀ ਦੀ ਹੋਈ ਬੇਅਦਬੀ ਦਾ ਇਨਸਾਫ਼ ਮੰਗਦੇ ਰਹੇ। ਬਰਗਾੜੀ ਮੋਰਚੇ ਵਿੱਚ ਵੀ ਵੱਡੀ ਗਿਣਤੀ ਆਪਣੇ ਸਾਥੀਆਂ ਸਮੇਤ ਬੈਠੇ ਰਹੇ। ਜਦੋਂ ਕਿਸਾਨੀ ਸੰਘਰਸ਼ ਚੱਲਿਆ ਜਿੱਥੇ ਸਾਰੀਆ ਪਾਰਟੀਆਂ ਦੇ ਲੀਡਰ ਏਸ ਮੁੱਦੇ ਉੱਤੇ ਰਾਜਨੀਤੀ ਕਰਦੇ ਰਹੇ, ਉੱਥੇ ਬਰਾੜ ਆਪਣੇ ਸਾਥੀਆਂ ਨਾਲ ਦਿੱਲੀ ਕਿਸਾਨ ਮੋਰਚੇ ਵਿੱਚ ਲਗਪਗ ਛੇ ਮਹੀਨੇ ਟਰਾਲੀਆਂ ਵਿੱਚ ਬੈਠਾ ਰਿਹਾ। ਕਮਲਜੀਤ ਸਿੰਘ ਬਰਾੜ ਹਮੇਸ਼ਾ ਪੰਥ ਵਾਲੇ ਪਾਸੇ ਖੜਦੇ ਨਜ਼ਰ ਆਏ, ਜਿਸ ਕਰਕੇ ਦੂਜੀਆਂ ਪਾਰਟੀਆਂ ਦੇ ਵਰਕਰ ਵੀ ਕਮਲਜੀਤ ਸਿੰਘ ਬਰਾੜ ਨੂੰ ਪਿਆਰ ਕਰਦੇ ਹਨ।

# ਕਿਸਾਨਾਂ ਦੇ ਵਿਰੋਧ ਕਾਰਨ ਭਾਜਪਾ ਉਮੀਦਵਾਰ ਨੂੰ ਸਾਬਕਾ ਕੌਂਸਲਰ ਦੇ ਘਰ ਸ਼ਰਨ ਲੈਣੀ ਪਈ



ਅਕਾਲੀ ਦਲ (ਬ) ਦੇ ਨੇਤਾ ਦੇ ਘਰ ਅੰਦਰ ਉਨ੍ਹਾਂ ਦੇ ਪੁੱਤਰ ਨਾਲ ਗੱਲਬਾਤ ਕਰਦੀ ਹੋਈ ਭਾਜਪਾ ਉਮੀਦਵਾਰ।

**ਬੁਢਲਾਡਾ (ਅਸ਼ੋਕ ਲਾਕੜਾ)**-ਸ਼ਹਿਰ ਅੰਦਰ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਦੇ ਦਫ਼ਤਰ ਮੀਟਿੰਗ ਦੌਰਾਨ ਪਹੁੰਚੀ ਲੋਕ ਸਭਾ ਹਲਕਾ ਬਠਿੰਡਾ ਭਾਜਪਾ ਦੀ ਉਮੀਦਵਾਰ ਪਰਮਪਾਲ ਕੌਰ ਮਲੂਕਾ ਦਾ ਕਿਸਾਨਾਂ ਨੇ ਭਾਰੀ ਵਿਰੋਧ ਕੀਤਾ। ਪੁਲਸ ਨੇ ਭਾਜਪਾ ਨੇਤਾ ਦੇ ਦਫ਼ਤਰ ਨੂੰ ਜਾਣ ਵਾਲੇ ਰਾਸਤਿਆਂ 'ਚ ਬੇਰੀਗੇਟ ਲਗਾ ਕੇ ਕਿਸਾਨਾਂ ਨੂੰ ਰੋਕ ਦਿੱਤਾ ਗਿਆ ਸੀ। ਮੀਟਿੰਗ ਖਤਮ ਕਰਨ ਉਪਰੰਤ ਪੁਲਸ ਨੇ ਤੰਗ ਗਲੀਆਂ ਰਾਹੀਂ ਭਾਜਪਾ ਉਮੀਦਵਾਰ ਨੂੰ ਉਨ੍ਹਾਂ ਦੀ ਗੱਡੀ ਤੱਕ ਪੁਚਾਉਣ ਦੀ ਕੋਸ਼ਿਸ਼ ਕੀਤੀ ਤਾਂ ਇਸ ਦੌਰਾਨ ਗੱਡੀ ਦਾ ਇੰਤਜ਼ਾਰ ਕਰਨ ਲਈ ਉਮੀਦਵਾਰ ਪਰਮਪਾਲ ਕੌਰ ਨੂੰ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸਾਬਕਾ ਕੌਂਸਲਰ ਗੁਰਵਿੰਦਰ ਸਿੰਘ ਸੋਨੂੰ ਦੇ ਘਰ ਮਜਬੂਰਨ ਦਾਖਲ ਹੋ ਕੇ ਸ਼ਰਨ ਲੈਣੀ ਪਈ। ਜਿਸ ਮੌਕੇ ਘਰ ਅੰਦਰ ਸਾਬਕਾ ਕੌਂਸਲਰ ਦੀ ਪਤਨੀ ਬਲਜੀਤ ਕੌਰ ਤੇ ਪੁੱਤਰ ਸਰਬਜੀਤ ਸਿੰਘ ਹਾਜਰ ਸਨ। ਉਨ੍ਹਾਂ ਨਾਲ ਐਸ.ਪੀ. ਤੋਂ ਇਲਾਵਾ ਵੱਡੀ ਗਿਣਤੀ ਪੁਲਸ ਹਾਜ਼ਰ ਸੀ ਤੇ ਅਕਾਲੀ ਦਲ ਦੇ ਸਾਬਕਾ ਕੌਂਸਲਰ ਦੇ ਘਰ ਗੱਡੀ ਦਾ ਇੰਤਜ਼ਾਰ ਕਰਨਾ ਪਿਆ। ਅੰਤ ਪੁਲਸ ਨੇ ਗੱਡੀ ਨੂੰ ਸੁਰੱਖਿਅਤ ਸ਼ਹਿਰ ਤੋਂ ਬਾਹਰ ਭੇਜ ਦਿੱਤਾ।

# ਆਲਮਵਾਲਾ ਕਤਲ ਦੇ 2 ਦੋਸ਼ੀਆਂ ਨੂੰ ਕੀਤਾ ਗ੍ਰਿਫ਼ਤਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਮੈਂ, ਕਾਲਾ ਸਿੰਘ ਪੁੱਤਰ ਮੁਖਤਾਰ ਸਿੰਘ ਵਾਸੀ ਗੁਮਟਾਲਾ ਕਾਲੋਨੀ, ਲੋਹਾਰਕਾ ਰੋਡ, ਨੇੜੇ ਬਾਬੇ ਦੀ ਦੁਕਾਨ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸਾਹਿਲ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਮੈਂ ਅਤੇ ਮੇਰਾ ਪਰਿਵਾਰ ਇਸ ਦੇ ਕਿਸੇ ਵੀ ਲੈਣ-ਦੇਣ ਦੇ ਜ਼ਿੰਮੇਵਾਰ ਨਹੀਂ ਹੋਵਾਂਗੇ।

ਮੈਂ, ਬਲਵਿੰਦਰ ਸਿੰਘ ਪੁੱਤਰ ਸਰੂਪ ਸਿੰਘ ਵਾਸੀ ਪਿੰਡ ਦੇ ਡਾਕਖਾਨਾ ਚੱਕ ਸਿੰਘਾ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਅਤੇ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਮੈਂ ਅਤੇ ਮੇਰਾ ਪਰਿਵਾਰ ਇਸ ਦੇ ਕਿਸੇ ਵੀ ਲੈਣ-ਦੇਣ ਦੇ ਜ਼ਿੰਮੇਵਾਰ ਨਹੀਂ ਹੋਵਾਂਗੇ।

ਮੈਂ, ਤਰਸੇਮ ਸਿੰਘ ਪੁੱਤਰ ਹਜ਼ਾਰਾ ਸਿੰਘ ਵਾਸੀ ਭਗਤਾਂ ਵਾਲਾ ਰੋਡ, ਇਸ਼ਟ ਕਲਾਂ, ਇਸ਼ਟ ਕਲਾਂ, ਅੰਮ੍ਰਿਤਸਰ ਸਿਟੀ ਕਲਾਂ, ਪੰਜਾਬ-143009 ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪਰਮਜਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖ਼ੁਦ ਜ਼ਿੰਮੇਵਾਰ ਹੋਵੇਗਾ।

ਮੈਂ, ਗੀਤਾ ਦੇਵੀ ਪਤਨੀ ਪ੍ਰੇਮ ਨਾਥ, ਵਾਸੀ ਪਿੰਡ/ਡਾਕਖਾਨਾ ਸੰਗਲ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਵਿਨੋਦ ਕੁਮਾਰ, ਜੋ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਾਰਨ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਇਸ ਨਾਲ ਲੈਣ -ਦੇਣ ਕਰਨ ਵਾਲਾ ਖ਼ੁਦ ਜ਼ਿੰਮੇਵਾਰ ਹੋਵੇਗਾ।

ਮੈਂ, ਮਾਨ ਸਿੰਘ ਪੁੱਤਰ ਅਮਰ ਸਿੰਘ ਵਾਸੀ ਪਿੰਡ ਚੱਕ ਟਾਂਡਾ, ਡਾਕਖਾਨਾ ਧਾਰੀਵਾਲ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਮਨਦੀਪ ਸਿੰਘ ਅਤੇ ਉਸਦੀ ਪਤਨੀ ਮਨਦੀਪ ਕੌਰ ਜੋ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖ਼ੁਦ ਜ਼ਿੰਮੇਵਾਰ ਹੋਵੇਗਾ।

## ਆਮ ਸੂਚਨਾ

ਮੈਂ, ਜਸਪਾਲ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਪੱਤੜ ਖੁਰਦ ਡਾਕਖਾਨਾ ਪੱਤੜ ਕਲਾਂ ਜਲੰਧਰ ਦਾ ਹਾਂ। ਮੈਨੂੰ ਇਸ ਪ੍ਰਾਪਰਟੀ ਜਿਸ ਦਾ ਖ਼ਸਰਾ ਨੰ: 308, ਖਾਤਾ ਨੰ: 114/117 ਜਮ੍ਹਾਂਬੰਦੀ 2003, 2004 ਬਲਵਿੰਦਰ ਸਿੰਘ ਪੁੱਤਰ ਪ੍ਰੀਤਮ ਸਿੰਘ ਪਿੰਡ ਅਲੀ ਚੱਕ ਡਾਕਖਾਨਾ ਬਸਤੀ ਗੁਜ਼ਾਂ ਜ਼ਿਲ੍ਹਾ ਜਲੰਧਰ ਨੇ ਪਾਵਰ ਆਫ ਅਟਾਰਨੀ ਦਿੱਤੀ ਹੈ। ਜੇ ਇਸ ਪ੍ਰਾਪਰਟੀ ਬਾਰੇ ਕਿਸੇ ਨੂੰ ਕੋਈ ਹੁਣ ਪਾਣੀ ਦਾ ਅਤੇ ਬਿਜਲੀ ਦਾ ਕੁਨੈਕਸ਼ਨ ਲੈਣਾ ਹੈ। ਜਿਸ ਕਿਸੇ ਨੂੰ ਇਸ 'ਤੇ ਇਤਰਾਜ਼ ਹੋਵੇ, ਉਹ ਮੇਰੇ ਨਾਲ ਇਸ ਮੋਬਾਈਲ ਨੰ: 94644-40897 'ਤੇ ਸੰਪਰਕ ਕਰੇ।

## Lost and Found

ਮੈਂ, ਜਸਵਿੰਦਰ ਕੌਰ ਪਤਨੀ ਰਣਜੀਤ ਸਿੰਘ ਵਾਸੀ ਮਕਾਨ ਨੰ: 372, ਗਲੀ ਨੰ: 8, ਸੈਂਟਰਲ ਟਾਊਨ ਜਲੰਧਰ, ਸਾਡੇ ਘਰਾਂ ਦਾ ਰਜਿਸਟਰੀ ਨੰ: 826 ਮਿਤੀ 21/04/2016 ਨੂੰ ਗੁੰਮ ਹੋ ਗਈ, ਜੋ ਕਿ ਪਿੰਡ ਦੁਸਾਂਝ, ਤਹਿਸੀਲ ਜਲੰਧਰ ਦੀ ਹੈ। ਕਿਸੇ ਨੂੰ ਮਿਲੇ ਤਾਂ ਇਸ ਨੰ: ਨਾਲ ਸੰਪਰਕ ਕਰੇ :- 98155-80004. (9843)

# ਐੱਫ ਸੀ ਆਈ ਗੋਦਾਮ ਅੱਗੇ ਸ਼ੈਲਰ ਮਾਲਕਾਂ ਵੱਲੋਂ ਮੰਗਾਂ ਨੂੰ ਲੈ ਕੇ ਧਰਨਾ



**ਮੂਨਕ (ਰਾਜਪਾਲ ਸਿੰਗਲਾ)**-ਇਲਾਕੇ ਦੇ ਸ਼ੈਲਰ ਮਾਲਕਾਂ ਵੱਲੋਂ ਆਪਣੀ ਹੱਕੀ ਮੰਗਾਂ ਨੂੰ ਲੈ ਕੇ ਨਜ਼ਦੀਕੀ ਪੈਂਦੇ ਪਿੰਡ ਚੂਲੜ ਦੇ ਐੱਫ ਸੀ ਆਈ ਗੁਦਾਮ ਦੇ ਗੇਟ ਅੱਗੇ ਸ਼ੈਲਰ ਮਾਲਕਾਂ ਨੇ ਪੱਕੇ ਤੌਰ 'ਤੇ ਧਰਨਾ ਲਗਾ ਦਿੱਤਾ ਹੈ। ਇਸ ਮੌਕੇ ਧਰਨਾਕਾਰੀਆਂ ਵੱਲੋਂ ਖਰੀਦ ਏਜੰਸੀ ਐੱਫ ਸੀ ਆਈ ਤੇ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਧਰਨੇ 'ਤੇ ਬੈਠੇ ਮੂਨਕ ਰਾਇਸ ਮਿਲਰ ਐਸੋਸੀਏਸ਼ਨ ਦੇ ਆਗੂ ਰਿਕੂ ਗੋਇਲ ਤੇ ਜੈਪਾਲ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇੱਥੇ ਜੋ ਐੱਫ ਸੀ ਆਈ ਦੇ ਗੁਦਾਮ ਹਨ, ਉਨ੍ਹਾਂ ਵਿੱਚ ਪਹਿਲਾਂ ਤੋਂ ਹੀ ਜਗ੍ਹਾ ਬਹੁਤ ਘੱਟ ਹੈ। ਜਿੱਥੇ ਮੂਨਕ ਤੇ ਨਾਲ ਲੱਗਦੇ ਸੈਲਰਾਂ ਦਾ ਚਾਵਲ ਵੀ ਸਟੋਰ ਹੋਣ ਤੋਂ ਰਹਿ ਜਾਂਦਾ ਹੈ। ਇਸ ਵਾਰ ਖਰੀਦ ਏਜੰਸੀਆਂ ਤੇ ਸਰਕਾਰ ਦੀ ਸਹਿਮਤੀ ਦੇ ਨਾਲ ਬਾਹਰਲੇ ਜ਼ਿਲ੍ਹਾ ਪਟਿਆਲਾ ਦਾ ਚਾਵਲ ਵੀ ਇਸ ਗੁਦਾਮ ਵਿੱਚ ਸਟੋਰ ਹੋਣ ਲੱਗ ਪਿਆ ਹੈ। ਜੇਕਰ ਇਹ ਚਾਵਲ ਇਸੇ ਤਰ੍ਹਾਂ ਸਟੋਰ ਹੁੰਦਾ ਰਿਹਾ ਤਾਂ ਇਲਾਕੇ ਦੀ ਸ਼ੈਲਰ ਦੇ ਮਾਲਕਾਂ ਨੂੰ ਆਪਣਾ ਚਾਵਲ ਸਟੋਰ ਕਰਨ ਲਈ ਬਾਹਰ ਧੱਕੇ ਖਾਣੇ ਪੈਣਗੇ। ਇਸ ਸਮੱਸਿਆ ਨੂੰ ਲੈ ਕੇ ਮੂਨਕ ਰਾਈਸ ਮਿਲ ਐਸੋਸੀਏਸ਼ਨ ਦੇ ਸਾਰੇ ਮਾਲਕਾਂ ਵੱਲੋਂ ਅਣਮਿੱਥੇ ਸਮੇਂ ਲਈ ਗੁਦਾਮ ਦਾ ਗੇਟ ਬੰਦ ਕਰਕੇ ਧਰਨਾ ਲਗਾ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਕਿਹਾ ਕਿ ਬਾਹਰਲੇ ਸ਼ੈਲਰ ਮਾਲਕਾਂ ਵੱਲੋਂ ਥਾਣੇ ਵਿੱਚੋਂ ਫੋਨ ਕਰਵਾ ਕੇ ਚੁੱਕਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਇਹ ਉਨ੍ਹਾਂ ਦਾ ਭਰਮ ਹੈ, ਜ਼ਰੂਰਤ ਪਈ ਤਾਂ ਸੰਘਰਸ਼ ਨੂੰ ਤੇਜ਼ ਕੀਤਾ ਜਾਵੇਗਾ ਤੇ ਬਾਹਰ ਲੰਘ ਰਹੇ ਹਾਈਵੇ ਨੂੰ ਵੀ ਜਾਮ ਕਰਨਾ ਪੈ ਸਕਦਾ ਹੈ, ਪਰ ਧੱਕਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਜਦੋਂ ਇਸ ਸਬੰਧੀ ਡੀਪੂ ਮੈਨੇਜਰ ਮੁਕੇਸ਼ ਕੌਸ਼ਿਕ ਨਾਲ ਫੋਨ 'ਤੇ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਗੁਦਾਮ ਵਿੱਚ ਜਗ੍ਹਾ ਦੀ ਕਮੀ ਜ਼ਰੂਰ ਹੈ, ਪਰ ਪਟਿਆਲਾ ਦਾ ਚਾਵਲ ਓ ਕੱਟਣ ਦੇ ਨਾਲ ਸਟੋਰ ਕਰਨ ਤੋਂ ਵੀ ਨਹੀਂ ਰੋਕਿਆ ਜਾ ਸਕਦਾ, ਇਸ ਦੇ ਹੱਲ ਲਈ ਅੱਜ ਡੀ ਐੱਫ ਐੱਸ ਸੀ ਸੰਗਰੂਰ ਨਾਲ ਜੀ ਓ ਦੀ ਮੀਟਿੰਗ ਹੋਣ ਜਾ ਰਹੀ ਹੈ, ਉਮੀਦ ਹੈ ਕਿ ਜਲਦੀ ਹੱਲ ਕਰ ਲਿਆ ਜਾਵੇਗਾ।

# ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਸੂਬਾਈ ਜਥੇਬੰਦਕ ਚੋਣ ਮੁਕੰਮਲ

## ਸੁਖਵਿੰਦਰ ਸਿੰਘ ਚਾਹਲ ਪ੍ਰਧਾਨ, ਗੁਰਬਿੰਦਰ ਸਿੰਘ ਸਸਕੌਰ ਸਕੱਤਰ ਤੇ ਬਲਵਿੰਦਰ ਸਿੰਘ ਭੁੱਟੋ ਜਥੇਬੰਦਕ ਸਕੱਤਰ ਚੁਣੇ



**ਜ਼ੀਰਾ (ਨਰਿੰਦਰ ਅਨੇਜਾ)**

ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ 17ਵੀਂ ਜਨਰਲ ਕੌਂਸਲ ਦੀ ਸੂਬਾਈ ਚੋਣ ਜਥੇਬੰਦੀ ਦੇ ਸੰਵਿਧਾਨ ਮੁਤਾਬਕ ਲੁਧਿਆਣਾ ਵਿਖੇ ਮੁਕੰਮਲ ਹੋਈ। ਸੂਬਾਈ ਜਥੇਬੰਦਕ ਚੋਣ ਵਿੱਚ ਸਾਰੇ ਜ਼ਿਲ੍ਹਿਆਂ ਦੇ ਸੰਵਿਧਾਨ ਮੁਤਾਬਕ ਚੁਣੇ ਹੋਏ ਪ੍ਰਧਾਨਾਂ ਤੇ ਹੋਰ ਸਰਗਰਮ ਆਗੂਆਂ ਨੇ ਹਿੱਸਾ ਲਿਆ। ਚੋਣ ਅਜਲਾਸ ਦੀ ਪ੍ਰਧਾਨਗੀ ਸੁਖਵਿੰਦਰ ਸਿੰਘ ਚਾਹਲ, ਗੁਰਬਿੰਦਰ ਸਿੰਘ ਸਸਕੌਰ, ਬੱਗਾ ਸਿੰਘ, ਪ੍ਰਸ਼ਪਿੰਦਰ ਹਰਪਾਲਪੁਰ, ਮੰਗਲ ਸਿੰਘ ਟਾਂਡਾ ਪ੍ਰਿੰਸੀਪਲ ਅਮਨਦੀਪ ਸ਼ਰਮਾ ਦੇ ਅਧਾਰਤ ਪ੍ਰਧਾਨਗੀ ਮੰਡਲ ਨੇ ਕੀਤੀ। ਇਸ ਸਮੇਂ ਕਾਰਵਾਈ ਦੌਰਾਨ ਸਾਰੇ ਜ਼ਿਲ੍ਹਿਆਂ ਦੇ ਜ਼ਿਲ੍ਹਾ ਪ੍ਰਧਾਨਾਂ ਨੇ ਜਥੇਬੰਦਕ ਅਵਸਥਾ 'ਤੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ। ਇਸ ਦੌਰਾਨ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਪੁਰਾਣੀ ਐਗਜ਼ੈਕਟਿਵ ਕਮੇਟੀ ਨੂੰ ਭੰਗ ਕਰਨ ਦਾ ਐਲਾਨ ਕੀਤਾ ਗਿਆ ਤੇ ਜਥੇਬੰਦੀ ਦੇ ਸੰਵਿਧਾਨ ਮੁਤਾਬਕ ਨਵੀਂ ਸੂਬਾਈ ਐਗਜ਼ੈਕਟਿਵ ਕਮੇਟੀ ਦਾ ਪੈਨਲ ਪ.ਸ.ਸ.ਫ. ਦੇ ਸਕੱਤਰ ਤੀਰਥ ਸਿੰਘ ਬਾਸੀ ਵੱਲੋਂ ਪੇਸ਼ ਕੀਤਾ ਗਿਆ, ਜਿਸ ਵਿੱਚ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਕੁਲਦੀਪ ਸਿੰਘ ਪੁਰੋਵਾਲ ਤੇ ਗੁਰਪ੍ਰੀਤ ਸਿੰਘ ਅਮੀਵਾਲ ਸੀਨੀਅਰ ਮੀਤ ਪ੍ਰਧਾਨ, ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਬਲਵਿੰਦਰ ਸਿੰਘ ਭੁੱਟੋ ਜਥੇਬੰਦਕ ਸਕੱਤਰ, ਜਸਵਿੰਦਰ ਸਮਾਣਾ ਸਹਾਇਕ ਜਥੇਬੰਦਕ ਸਕੱਤਰ, ਕੈਸ਼ੀਅਰ ਪ੍ਰਿੰਸੀਪਲ ਅਮਨਦੀਪ ਸ਼ਰਮਾ, ਪ੍ਰੈਸ ਸਕੱਤਰ ਕਰਨੈਲ ਫਿਲੌਰ, ਗੁਰਦੀਪ ਸਿੰਘ ਬਾਜਵਾ ਤੇ ਮਨੋਹਰ ਲਾਲ ਸ਼ਰਮਾ ਮੀਤ ਪ੍ਰਧਾਨ, ਦੇਵੀ ਦਿਆਲ ਤੇ ਹਰਿੰਦਰ ਮੱਲੀਆਂ ਜੁਆਇੰਟ ਸਕੱਤਰ, ਦਿਲਦਾਰ ਭੰਡਾਲ਼ ਤੇ ਗਣੇਸ਼ ਭਗਤ ਸਹਾਇਕ ਪ੍ਰੈੱਸ ਸਕੱਤਰ ਸਰਬਸੰਮਤੀ ਨਾਲ ਚੁਣੇ ਗਏ। ਸਾਰੇ ਚੁਣੇ ਹੋਏ ਜ਼ਿਲ੍ਹਾ ਪ੍ਰਧਾਨ ਤੇ ਜ਼ਿਲ੍ਹਾ ਸਕੱਤਰ ਸੰਵਿਧਾਨ ਮੁਤਾਬਕ ਸੂਬਾ ਕਮੇਟੀ ਦੇ ਮੈਂਬਰ ਹੋਣਗੇ। ਇਸ ਸਮੇਂ ਜਥੇਬੰਦੀ ਦੇ ਤੀਸਰੀ ਵਾਰ ਚੁਣੇ ਗਏ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ ਨੇ ਕਿਹਾ ਕਿ ਜਥੇਬੰਦੀ ਵੱਲੋਂ ਸਤੰਬਰ ਮਹੀਨੇ ਵਿੱਚ ਸੂਬਾਈ ਜਨਰਲ ਕੌਂਸਲ ਦਾ ਅਜਲਾਸ ਰੋਪੜ ਵਿਖੇ ਕੀਤਾ ਜਾਵੇਗਾ ਤੇ ਮਈ ਮਹੀਨੇ ਵਿੱਚ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀਆਂ ਜ਼ਿਲ੍ਹਾ ਮੀਟਿੰਗਾਂ ਕਰਕੇ ਚੋਣਾਂ ਤੋਂ ਬਾਅਦ ਸੂਬਾਈ ਮੁਸ਼ਕਲਾਂ ਦੇ ਹੱਲ ਲਈ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਮਿਲਿਆ ਜਾਵੇਗਾ। ਇਸ ਸਮੇਂ ਸੁੱਚਾ ਸਿੰਘ ਟਰਪਈ, ਹਰਿੰਦਰ ਮੱਲੀਆਂ, ਬਲਦੇਵ ਸਿੰਘ ਬੁੱਟਰ, ਸਰਬਜੀਤ ਸਿੰਘ ਬਰਾੜ, ਪਰਮਜੀਤ ਸਿੰਘ ਸ਼ੋਰੇਵਾਲਾ, ਰਾਜੀਵ ਹਾਂਡਾ ਫਿਰੋਜ਼ਪੁਰ, ਕੁਲਦੀਪ ਪੁਰੋਵਾਲ, ਕਪੂਰਥਲਾ ਤੋਂ ਸੁਚੇਤ ਸਿੰਘ ਬੱਧਣ, ਜਗਜੀਤ ਸਿੰਘ ਮਾਨ, ਨੂਰ ਮੁਹੰਮਦ, ਨਰਿੰਦਰ ਸਿੰਘ ਮਾਖਾ, ਜੰਗ ਪਾਲ ਸਿੰਘ ਬਾਜਕ, ਮਨੋਹਰ ਲਾਲ ਸ਼ਰਮਾ ਤੇ ਜਸਵਿੰਦਰ ਸਿੰਘ ਸਮਾਣਾ, ਰਵਿੰਦਰ ਸਿੰਘ ਪੱਪੀ ਸਿੱਧੂ, ਦਿਦਾਰ ਸਿੰਘ ਪਟਿਆਲਾ, ਰਸ਼ਪਾਲ ਸਿੰਘ, ਸੁਖਜਿੰਦਰ ਸਿੰਘ, ਕੁਲਦੀਪ ਸਿੰਘ ਮੋਗਾ, ਅਮਨਦੀਪ ਫਾਜ਼ਿਲਕਾ ਆਦਿ ਹਾਜ਼ਰ ਸਨ।

# ਨਰਿੰਦਰ ਸ਼ਰਮਾ ਦੀ ਸਮਾਣਾ ਵਰਕਰ ਮੀਟਿੰਗ ਨੇ ਧਾਰਿਆ ਰੈਲੀ ਦਾ ਰੂਪ



**ਸਮਾਣਾ (ਇਕਬਾਲ ਸਿੰਘ ਢੱਲ, ਗੁਰਪਿਆਰ ਸਿੰਘ ਢੱਲ)**-ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਅਕਾਲੀ ਵਰਕਰਾਂ ਵਿੱਚ ਉਤਸ਼ਾਹ ਭਰਨ ਲਈ ਕੀਤੀਆਂ ਜਾ ਰਹੀਆਂ ਮੀਟਿੰਗਾਂ ਦੇ ਸਿਲਸਿਲੇ ਤਹਿਤ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਵੱਲੋਂ ਸਮਾਣਾ ਦੇ ਸਮਾਰਟ ਪੈਲੇਸ ਵਿਖੇ ਇੱਕ ਵਰਕਰ ਮਿਲਣੀ ਕੀਤੀ ਗਈ, ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪਟਿਆਲਾ ਲੋਕ ਸਭਾ ਹਲਕੇ ਦੇ ਉਮੀਦਵਾਰ ਸ੍ਰੀ ਐੱਨ ਕੇ ਸ਼ਰਮਾ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪਣੇ ਕਾਰਜਕਾਲ ਦੌਰਾਨ ਕਰਵਾਏ ਰਿਕਾਰਡ ਤੋੜ ਵਿਕਾਸ ਦੇ ਬਲਬੂਤੇ ਲੋਕ ਸਭਾ ਚੋਣਾਂ 2024 ਜਿੱਤਣਗੇ। ਉਨ੍ਹਾਂ ਕਿਹਾ ਕਿ ਉਹ ਦਿਨ ਰਾਤ ਇੱਕ ਕਰਕੇ ਆਪਣੇ ਲੋਕਾਂ ਤੇ ਪਾਰਟੀ ਵਰਕਰਾਂ ਦੀ ਸੇਵਾ ਵਿੱਚ ਤੱਤਪਰ ਰਹਿੰਦੇ ਹਨ ਤੇ ਅੱਗੋਂ ਵੀ ਲਗਾਤਾਰ ਉਨ੍ਹਾਂ ਦੀ ਸੇਵਾ ਲਈ ਤੱਤਪਰ ਰਹਿਣਗੇ ਅਤੇ ਅੱਜ ਉਹ ਪਾਰਟੀ ਵਰਕਰਾਂ ਨਾਲ ਮਿਲਣੀ ਕਰਨ ਲਈ ਆਏ ਹਨ, ਪਰ ਪਾਰਟੀ ਵਰਕਰਾਂ 'ਚ ਭਾਰੀ ਉਤਸ਼ਾਹ ਦੇ ਚਲਦਿਆਂ ਇਸ ਮੀਟਿੰਗ ਨੇ ਰੈਲੀ ਦਾ ਰੂਪ ਧਾਰਨ ਕਰ ਲਿਆ ਹੈ। ਇਸ ਪਿਆਰ ਲਈ ਉਹ ਸਮਾਣਾ ਹਲਕੇ ਦੇ ਸਮੁੱਚੇ ਲੀਡਰਾਂ ਤੇ ਅਕਾਲੀ ਦਲ ਵਰਕਰਾਂ ਦਾ ਧੰਨਵਾਦ ਕਰਦੇ ਹਨ। ਇਸ ਮੌਕੇ ਸ੍. ਰੱਖੜਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਲੋਕ ਸਭਾ ਹਲਕਾ ਪਟਿਆਲਾ ਲਈ ਬੜਾ ਨੇਕ, ਸੂਝਵਾਨ ਤੇ ਇਮਾਨਦਾਰ ਉਮੀਦਵਾਰ ਸ੍ਰੀ ਐੱਨ ਕੇ ਸ਼ਰਮਾ ਨੂੰ ਚੁਣਿਆ ਹੈ, ਜਿਨ੍ਹਾਂ ਦੀ ਛਵੀ ਬਿਲਕੁਲ ਸਾਫ ਸੁਥਰੀ ਹੈ ਤੇ ਉਹ ਨਿਧੜਕ ਅਤੇ ਮਿਹਨਤੀ ਆਗੂ ਹਨ। ਸ੍. ਰੱਖੜਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੁਪਰੀਮੋ ਸ੍. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਪੰਜਾਬ ਨੇ ਬਹੁਤ ਤਰੱਕੀ ਕੀਤੀ ਹੈ ਤੇ ਬਹੁਤ ਸਾਰੀਆਂ ਲੋਕ ਭਲਾਈ ਸਕੀਮਾਂ ਚਲਾਈਆਂ ਸਨ ਅਤੇ ਅੱਜ ਵੀ ਸ੍. ਬਾਦਲ ਵੱਲੋਂ ਚਲਾਈਆਂ ਗਈਆਂ ਲੋਕ ਭਲਾਈ ਸਕੀਮਾਂ ਚਾਲੂ ਹਨ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਰਾਜਲਾ ਤੇ ਸ਼ਹਿਰੀ ਪ੍ਰਧਾਨ ਮਨਜਿੰਦਰ ਸਿੰਘ ਰਾਣਾ ਸੇਖੋਂ ਨੇ ਦੱਸਿਆ ਕਿ ਸ੍ਰੀ ਐੱਨ ਕੇ ਸ਼ਰਮਾ ਨੂੰ ਉਨ੍ਹਾਂ ਦੇ ਇਲਾਕੇ ਦੇ ਲੋਕ ਬੜੇ ਫਰਕ ਨਾਲ ਜਿਤਾਉਂਦੇ ਆ ਰਹੇ ਹਨ ਤੇ ਹੁਣ ਅਸੀਂ ਵੀ ਉਨ੍ਹਾਂ ਨੂੰ ਬੜੇ ਵੱਡੇ ਫਰਕ ਨਾਲ ਜਿਤਾ ਕੇ ਲੋਕ ਸਭਾ ਵਿੱਚ ਭੇਜਾਂਗੇ। ਇਸ ਮੌਕੇ ਗੁਰਪ੍ਰੀਤ ਸਿੰਘ ਲੰਗ, ਬਲਦੇਵ ਸਿੰਘ ਰਾਜਲਾ, ਰਘੁਵੀਰ ਸਿੰਘ ਕਲਿਆਣ, ਜਗਰੂਪ ਸਿੰਘ ਫਤਿਹਪੁਰ, ਨਛੱਤਰ ਸਿੰਘ ਭਾਨਰੀ, ਮਲਕੀਤ ਸਿੰਘ ਚੀਮਾ ਧਰਮੇੜੀ ਸਮੇਤ ਵੱਡੀ ਗਿਣਤੀ 'ਚ ਆਗੂ ਤੇ ਵਰਕਰ ਮੌਜੂਦ ਰਹੇ।

# ਕਿਸਾਨਾਂ ਵੱਲੋਂ ਹੰਸ ਰਾਜ ਹੰਸ ਦਾ ਧਰਮਕੋਟ 'ਚ ਡਟ ਕੇ ਵਿਰੋਧ

## ਵਿਰੋਧ ਤੋਂ ਡਰਦਾ ਹੰਸ ਰਾਜ ਨਹੀਂ ਪਹੁੰਚਿਆ ਦਿੱਤੇ ਸਥਾਨ 'ਤੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਆਪਣੇ ਚੋਣ ਪ੍ਰਚਾਰ ਲਈ ਬੀਜੇਪੀ ਵੱਲੋਂ ਲੋਕ ਸਭਾ ਹਲਕਾ ਫਰੀਦਕੋਟ ਤੋਂ ਉਮੀਦਵਾਰ ਹੰਸ ਰਾਜ ਹੰਸ ਮੋਗਾ ਜ਼ਿਲ੍ਹੇ ਦੇ ਹਲਕਾ ਧਰਮਕੋਟ ਵਿੱਚ ਪਹੁੰਚ ਰਹੇ ਸਨ, ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਿਸਾਨਾਂ ਵੱਲੋਂ ਬੀਜੇਪੀ ਦੇ ਉਮੀਦ ਵਾਰ ਦਾ ਡੱਟਵਾਂ ਵਿਰੋਧ ਕੀਤਾ ਗਿਆ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਪੰਜਾਬ ਤੋਤੇਵਾਲ ਦੇ ਸੂਬਾ ਪ੍ਰਧਾਨ ਸੁੱਖ ਗਿੱਲ ਮੋਗਾ, ਕੱਲ ਹਿੰਦ ਕਿਸਾਨ ਸਭਾ ਤੋਂ ਸੂਰਤ ਸਿੰਘ ਕਾਮਰੇਡ, ਕਿਰਤੀ ਕਿਸਾਨ ਯੂਨੀਅਨ ਤੋਂ ਕੁਲਜੀਤ ਸਿੰਘ ਪੰਡੋਰੀ ਸਾਥੀਆਂ ਸਮੇਤ ਪਹੁੰਚੇ। ਕਿਸਾਨ ਆਗੂ ਸੁੱਖ ਗਿੱਲ ਮੋਗਾ ਨੇ ਬੋਲਦਿਆਂ ਕਿਹਾ ਕਿ ਅੱਜ ਹੰਸ ਰਾਜ ਹੰਸ ਧਰਮਕੋਟ ਸੂਦਾਂ ਵਾਲੇ ਚੌਕ ਵਿੱਚ ਦਿੱਤੇ ਹੋਏ ਸਥਾਨ 'ਤੇ ਕਿਸਾਨਾਂ ਦੇ ਵਿਰੋਧ ਕਾਰਨ ਨਹੀਂ ਪਹੁੰਚੇ ਤੇ ਧਰਮਕੋਟ ਤੋਂ ਸਿੱਧੇ ਇੰਦਗੜ੍ਹ ਝਿੜੀ ਤੇ ਕਿਸ਼ਨਪੁਰੇ ਵੱਲ ਨਿਕਲ ਗਏ। ਕਿਸਾਨ ਆਗੂ ਨੇ ਕਿਹਾ ਕਿ ਅੱਜ ਹੰਸ ਰਾਜ ਹੰਸ ਸਾਡੇ ਸਵਾਲਾਂ ਦੇ ਜਵਾਬ ਦੇਣ ਤੋਂ ਭੱਜ ਗਏ ਹਨ, ਉਹ ਜਦ ਜਦ ਵੀ ਮੋਗਾ ਜ਼ਿਲ੍ਹੇ ਦੇ ਕਿਸੇ ਵੀ ਪਿੰਡ ਪਹੁੰਚਣਗੇ, ਅਸੀਂ ਉਨ੍ਹਾਂ ਤੋਂ ਸਵਾਲ ਵੀ ਪੁੱਛਾਂਗੇ ਤੇ ਡਟਵਾਂ ਵਿਰੋਧ ਵੀ ਕਰਾਂਗੇ। ਇਸ ਮੌਕੇ ਕੇਵਲ ਸਿੰਘ ਖਹਿਰਾ ਜ਼ਿਲ੍ਹਾ ਪ੍ਰਧਾਨ ਜਲੰਧਰ, ਪਰਮਜੀਤ ਸਿੰਘ ਗਦਾਈਕੇ ਜ਼ਿਲ੍ਹਾ ਪ੍ਰਧਾਨ ਤਰਨਤਾਰਨ, ਸੁਖਦੇਵ ਸਿੰਘ ਕਬੀਰਪੁਰ ਜ਼ਿਲ੍ਹਾ ਪ੍ਰਧਾਨ ਕਪੂਰਥਲਾ, ਲਖਵਿੰਦਰ ਸਿੰਘ ਕਰਮੂੰਵਾਲਾ ਜ਼ਿਲ੍ਹਾ ਪ੍ਰਧਾਨ ਫਿਰੋਜ਼ਪੁਰ, ਫਤਿਹ ਸਿੰਘ ਭਿੰਡਰ ਮੀਤ ਪ੍ਰਧਾਨ ਪੰਜਾਬ, ਅਮਰੀਕ ਸਿੰਘ ਕਬੀਰਪੁਰ ਕੋਰ ਕਮੇਟੀ ਮੈਂਬਰ ਪੰਜਾਬ, ਦਵਿੰਦਰ ਸਿੰਘ ਸ਼ਹਿਰੀ ਪ੍ਰਧਾਨ ਕੋਟ ਈਸੇ ਖਾਂ, ਜਸਵੰਤ ਸਿੰਘ ਲੋਹਗੜ੍ਹ ਮੀਤ ਪ੍ਰਧਾਨ ਜਲੰਧਰ, ਸਾਬ ਸਿੰਘ ਦਾਨੇਵਾਲਾ ਬਲਾਕ ਪ੍ਰਧਾਨ, ਮਨਦੀਪ ਸਿੰਘ ਮੰਨਾ ਬਲਾਕ ਪ੍ਰਧਾਨ, ਦਲਜੀਤ ਸਿੰਘ ਸਰਪੰਚ ਦਾਨੇਵਾਲ, ਗੁਰਜੀਤ ਸਿੰਘ ਕੜਾਹੇਵਾਲਾ ਯੂਥ ਆਗੂ, ਜੋਧ ਸਿੰਘ ਕੋਟ ਈਸੇ ਖਾਂ, ਮਹਿਲ ਸਿੰਘ ਕੋਟ ਈਸੇ ਖਾਂ, ਨਿਸ਼ਾਨ ਦਾਨੇਵਾਲਾ, ਪਰਿਤਪਾਲ ਘਲੋਟੀ ਆਦਿ ਹਾਜ਼ਰ ਸਨ।

# ਦੁਕਾਨਦਾਰਾਂ ਵੱਲੋਂ ਨਗਰ ਕੌਂਸਲ ਖਿਲਾਫ ਪ੍ਰਦਰਸ਼ਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ੍ਰੀ ਮੁਕਤਸਰ ਸਾਹਿਬ ਦੀ ਪੁਰਾਣੀ ਦਾਣਾ ਮੰਡੀ ਦੇ ਦੁਕਾਨਦਾਰਾਂ ਨੇ ਸ਼ੁੱਕਰਵਾਰ ਟਿੱਬੀ ਸਾਹਿਬ ਗਊਸ਼ਾਲਾ ਕਮੇਟੀ ਦੇ ਪ੍ਰਧਾਨ ਅੰਮ੍ਰਿਤ ਲਾਲ ਖੁਰਾਣਾ ਦੀ ਅਗਵਾਈ ਹੇਠ ਮੰਡੀ 'ਚ ਬਣੇ ਡੰਪ ਕੋਲ ਰੋਸ ਪ੍ਰਦਰਸ਼ਨ ਕੀਤਾ।ਇਸ ਮੌਕੇ ਪ੍ਰਧਾਨ ਅੰਮ੍ਰਿਤ ਲਾਲ ਖੁਰਾਣਾ ਤੇ ਹੋਰ ਦੁਕਾਨਦਾਰਾਂ ਨੇ ਕਿਹਾ ਕਿ ਮੰਡੀ 'ਚ ਨਗਰ ਕੌਂਸਲ ਦਾ ਡੰਪ ਬਣਿਆ ਹੋਇਆ ਹੈ, ਜਦਕਿ ਡੰਪ ਦੇ ਨਾਲ ਹੀ ਬਾਬਾ ਖੇਤਰਪਾਲ ਮੰਦਰ, ਗੈਸ ਏਜੰਸੀ, ਸੁਵਿਧਾ ਸੈਂਟਰ, ਗਊਸ਼ਾਲਾ ਤੇ ਅਨੇਕਾਂ ਦੁਕਾਨਾਂ 'ਤੇ ਰਿਹਾਇਸ਼ ਹੈ।ਪਹਿਲਾਂ ਤਾਂ ਇਹ ਡੰਪ ਹੀ ਇਥੇ ਗਲਤ ਬਣਿਆ ਹੋਇਆ ਹੈ, ਉਪਰੋਂ ਦੀ ਨਗਰ ਕੌਂਸਲ ਦੇ ਕਰਮਚਾਰੀ ਡੰਪ 'ਚ ਕੂੜੇ ਦੇ ਢੇਰਾਂ ਨੂੰ ਅਕਸਰ ਹੀ ਅੱਗ ਲਾ ਦਿੰਦੇ ਨੇ, ਜਿਸ ਕਰਕੇ ਧੂਆਂ ਹੋਣ ਕਰਕੇ ਬਿਲਕੁਲ ਦਿਖਾਈ ਨਹੀਂ ਦਿੰਦਾ ਅਤੇ ਹਾਦਸੇ ਵਾਪਰਦੇ ਰਹਿੰਦੇ ਨੇ, ਉਥੇ ਹੀ ਦੁਕਾਨਾਂ ਤੇ ਘਰਾਂ 'ਚ ਰਹਿਣਾ ਵੀ ਔਖਾ ਹੋ ਜਾਂਦਾ ਹੈ।ਦੁਕਾਨਦਾਰ ਅਨੇਕਾਂ ਵਾਰ ਨਗਰ ਕੌਂਸਲ ਅਧਿਕਾਰੀਆਂ ਨੂੰ ਇਸ ਸਬੰਧੀ ਸੂਚਿਤ ਕਰਾ ਚੁੱਕੇ ਨੇ, ਪਰ ਕੋਈ ਸੁਣਵਾਈ ਨਹੀਂ ਹੋਈ, ਜਿਸ ਦੇ ਰੋਸ ਵਜੋਂ ਉਨ੍ਹਾਂ ਨੂੰ ਪ੍ਰਦਰਸ਼ਨ ਲਈ ਮਜਬੂਰ ਹੋਣਾ ਪਿਆ।ਉਨ੍ਹਾਂ ਕਿਹਾ ਕਿ ਇਹ ਡੰਪ ਇਸ ਰਿਹਾਇਸ਼ੀ ਖੇਤਰ 'ਚੋਂ ਹਟਾਇਆ ਜਾਣਾ ਚਾਹੀਦਾ ਹੈ।ਇਸ ਮੌਕੇ ਸਤਪਾਲ ਮੁਜਰਾਲ, ਰਾਕੇਸ਼ ਕੁਮਾਰ, ਬਲਰਾਜ ਅਹੂਜਾ, ਮਿੱਠਣ ਲਾਲ, ਲਕਸ਼ਮਣ ਦਾਸ, ਸਾਜਨ ਵਾਟਸ, ਪਵਨ ਵਾਟਸ, ਪਵਨ ਦਾਬੜਾ ਸਮੇਤ ਹੋਰ ਦੁਕਾਨਦਾਰ ਮੌਜੂਦ ਸਨ।

# ਅਕਾਲੀ ਦਲ ਨੇ ਹਮੇਸ਼ਾ ਪੰਜਾਬ ਦੇ ਹੱਕਾਂ ਦੀ ਲੜਾਈ ਲੜੀ : ਐੱਨ ਕੇ ਸ਼ਰਮਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬੀਆਂ ਤੇ ਪੰਜਾਬ ਲਈ ਲੋਕ ਹਿਤੈਸ਼ੀ ਫੈਸਲੇ ਲੈਂਦਿਆਂ ਹਮੇਸ਼ਾ ਪੰਜਾਬ ਦੇ ਹੱਕਾਂ ਦੀ ਲੜਾਈ ਲੜੀ ਹੈ ਤੇ ਲੜਦਾ ਰਹੇਗਾ, ਜਦੋਂ ਕਿ 'ਆਪ' ਤੇ ਕੇਂਦਰ ਵਿਚਲੀ ਭਾਜਪਾ ਸਰਕਾਰ ਕਿਸਾਨਾਂ ਦੀ ਵੱਡੀ ਦੁਸ਼ਮਣ ਸਾਬਿਤ ਹੋਈ ਹੈ। ਇਹ ਪ੍ਰਗਟਾਵਾ ਲੋਕ ਸਭਾ ਹਲਕਾ ਪਟਿਆਲਾ ਤੋਂ ਅਕਾਲੀ ਦਲ ਦੇ ਉਮੀਦਵਾਰ ਐੱਨ ਕੇ ਸ਼ਰਮਾ ਨੇ ਹਲਕਾ ਇੰਚਾਰਜ ਕਬੀਰ ਦਾਸ ਦੀ ਰਹਿਨੁਮਾਈ ਹੇਠ ਕਾਲੇਕਾ ਹਵੇਲੀ ਵਿੱਚ ਪਾਰਟੀ ਅਹੁਦੇਦਾਰਾਂ ਤੇ ਵਰਕਰਾਂ ਨਾਲ ਪਲੇਠੀ ਮੀਟਿੰਗ ਕਰਕੇ ਉਨ੍ਹਾਂ ਨੂੰ ਚੋਣ ਪ੍ਰਚਾਰ ਲਈ ਜੁੱਟ ਜਾਣ ਦੀ ਅਪੀਲ ਕਰਦਿਆਂ ਕੀਤਾ।

ਅਕਾਲੀ ਉਮੀਦਵਾਰ ਸ਼ਰਮਾ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਪਣੇ ਆਪ ਨੂੰ ਕਿਸਾਨ ਹਿਤੈਸ਼ੀ ਅਖਵਾਉਣ ਵਾਲੀ 'ਆਪ' ਸਰਕਾਰ ਨੇ ਪਿਛਲੇ ਸਾਲ ਘੱਗਰ ਦਰਿਆ 'ਚ ਆਏ ਹੜ੍ਹਾਂ ਤੇ ਗੜ੍ਹੇਮਾਰੀ ਨਾਲ ਬਰਬਾਦ ਹੋਈਆਂ ਫਸਲਾਂ ਦਾ ਅੱਜ ਤੱਕ ਕਿਸਾਨਾਂ ਨੂੰ ਮੁਆਵਜ਼ਾ ਨਹੀਂ ਦਿੱਤਾ। ਮੰਡੀਆਂ ਵਿੱਚ ਕਣਕ ਦੀ ਖਰੀਦ ਤੇ ਲਿਫਟਿੰਗ ਦੇ ਯੋਗ ਪ੍ਰਬੰਧ ਨਾ ਹੋਣ ਕਾਰਨ ਕਿਸਾਨਾਂ ਨੂੰ ਮੰਡੀਆਂ ਵਿੱਚ ਰੋਲਣਾ ਪੈ ਰਿਹਾ ਹੈ। ਉਨ੍ਹਾ ਕਿਹਾ ਕਿ ਦੋ ਵਾਰ ਮੁੱਖ ਮੰਤਰੀ ਰਹੇ ਕੈਪਟਨ ਅਮਰਿੰਦਰ ਸਿੰਘ ਤੇ ਚਾਰ ਵਾਰ ਸੰਸਦ ਰਹੀ ਪ੍ਰਨੀਤ ਕੌਰ ਨੇ ਹਲਕੇ ਦੇ ਵਿਕਾਸ ਲਈ ਨਾ ਕੋਈ ਵੱਡਾ ਪ੍ਰੋਜੈਕਟ, ਨਾ ਹੀ ਹਲਕਾ ਸ਼ੁਤਰਾਣਾ ਨੂੰ ਉੱਚ ਤੇ ਤਕਨੀਕੀ ਵਿੱਦਿਆ ਅਤੇ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਕੋਈ ਉਪਰਾਲੇ ਕੀਤੇ ਹਨ। ਹਲਕਾ ਇੰਚਾਰਜ ਕਬੀਰ ਦਾਸ ਤੇ ਅਕਾਲੀ ਦਲ ਦੇ ਪੀਏਸੀ ਦੇ ਮੈਂਬਰ ਜਗਮੀਤ ਸਿੰਘ ਹਰਿਆਉ ਨੇ ਕਿਹਾ ਕਿ ਪਾਰਟੀ ਵਰਕਰ ਘਰ ਘਰ ਜਾ ਕੇ ਲੋਕਾਂ ਨੂੰ ਅਕਾਲੀ ਸਰਕਾਰ ਸਮੇਂ ਦਿੱਤੀਆਂ ਸਹੂਲਤਾਂ ਤੋਂ ਜਾਣੂ ਕਰਵਾ ਕੇ ਪਾਰਟੀ ਲਈ ਵੋਟਾਂ ਦੀ ਮੰਗ ਕਰ ਰਹੇ ਹਨ। ਉਨ੍ਹਾਂ ਪਾਰਟੀ ਉਮੀਦਵਾਰ ਨੂੰ ਵੱਡੀ ਲੀਡ ਲੈ ਕੇ ਦੇਣ ਦਾ ਭਰੋਸਾ ਦਿਵਾਇਆ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਦੀਪ ਸਿੰਘ ਖਾਂਗ, ਗੁਰਬਚਨ ਸਿੰਘ ਮੌਲਵੀਵਾਲਾ, ਮਹਿੰਦਰ ਸਿੰਘ ਲਾਲਵਾ, ਜੋਗਾ ਸਿੰਘ ਸਿੱਧੂ, ਲਖਵਿੰਦਰ ਸਿੰਘ ਮੌਲਵੀਵਾਲਾ, ਜੋਗਿੰਦਰ ਸਿੰਘ ਬਾਵਾ, ਸੁਰਜੀਤ ਸਿੰਘ ਮਾਹਲ, ਗੋਬਿੰਦ ਸਿੰਘ ਵਿਰਦੀ, ਸਰਬਜੀਤ ਸਿੰਘ ਕਕਰਾਲਾ, ਅਜੈਬ ਸਿੰਘ ਮੱਲ੍ਹੀ ਆਦਿ ਹਾਜ਼ਰ ਸਨ।

# ਜੇ ਕੇ ਐੱਸ ਪਬਲਿਕ ਸਕੂਲ 'ਚ ਨੈਤਿਕ ਕਦਰਾਂ-ਕੀਮਤਾਂ ਸੰਬੰਧੀ ਸੈਮੀਨਾਰ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਜੇ ਕੇ ਐੱਸ ਪਬਲਿਕ ਸਕੂਲ ਗੁਰੂ ਹਰਸਹਾਏ ਵਿਖੇ ਨੈਤਿਕ ਕਦਰਾਂ-ਕੀਮਤਾਂ ਬਾਰੇ ਇੱਕ ਰੋਜ਼ਾ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਸ੍ਰੀ ਸਹਿਜ ਪਾਠ ਸੇਵਾ ਸੰਮਤੀ ਵੱਲੋਂ ਮੁੱਖ ਮਹਿਮਾਨ ਸ੍. ਰਤਨ ਸਿੰਘ ਮੋਗਾ ਵਾਲੇ ਤੇ ਗੁਰੂ ਹਰਸਹਾਏ ਤੋਂ ਸ੍. ਸੁਖਵੰਤ ਸਿੰਘ ਹਾਜ਼ਰ ਹੋਏ। ਇਸ ਦੌਰਾਨ ਉਨ੍ਹਾਂ ਨੈਤਿਕ ਕਦਰਾਂ-ਕੀਮਤਾਂ ਨੂੰ ਅੱਜ ਦੇ ਸਮੇਂ ਦੀ ਮੁੱਢਲੀ ਲੋੜ ਦਸਦਿਆਂ ਸਾਫ-ਸੁਥਰਾ ਤੇ ਨਿਯਮਾਂ ਭਰਿਆ ਜੀਵਨ ਬਤੀਤ ਕਰਨ ਲਈ ਕਈ ਗੁਣਾਂ ਨੂੰ ਅਪਣਾਉਣ ਲਈ ਪ੍ਰੇਰਿਆ। ਇਸ ਤੋਂ ਇਲਾਵਾ ਉਨ੍ਹਾਂ ਵਿਦਿਆਰਥੀਆਂ ਨੂੰ ਪੰਜ 'ਸ' ਸਹਿਜ ਪਾਠ, ਸਵੈ-ਅਧਿਐਨ, ਸਕਿਲਜ਼, ਸਕਾਲਰਸ਼ਿਪ, ਸ਼ੇਅਰਿੰਗ ਆਦਿ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਤੇ ਇਸ ਨਾਲ ਸਬੰਧਤ ਪੁਸਤਕਾਂ ਲਾਇਬ੍ਰੇਰੀ ਲਈ ਭੇਟ ਕੀਤੀਆਂ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਮੀਨੂੰ ਮੋਂਗਾ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਵਿਦਿਆਰਥੀਆਂ ਨੂੰ ਸੈਮੀਨਾਰ ਦੌਰਾਨ ਉਨ੍ਹਾਂ ਵੱਲੋਂ ਪੇਸ਼ ਕੀਤੇ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਪ੍ਰੇਰਿਤ ਕੀਤਾ। ਅੰਤ ਵਿੱਚ ਉਨ੍ਹਾਂ ਮਹਿਮਾਨਾਂ ਨੂੰ ਸ਼ੀਲਡ ਦੇ ਕੇ ਸਨਮਾਨਤ ਕੀਤਾ।

# 'ਬਾਬਾ ਸਾਹਿਬ ਤੁਝੇ ਸਲਾਮ' ਪ੍ਰੋਗਰਾਮ ਭਲਕੇ

**ਸੰਗਰੂਰ (ਪ੍ਰਵੀਨ ਸਿੰਘ)**-ਦੇਸ਼ ਦੀ ਪ੍ਰਸਿੱਧ ਸਰਗਰਮ ਸਮਾਜਿਕ ਜਥੇਬੰਦੀ ਭਾਰਤੀਯ ਅੰਬੇਡਕਰ ਮਿਸ਼ਨ (ਰਜਿ:) ਭਾਰਤ ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ 21 ਅਪ੍ਰੈਲ ਨੂੰ ਸੰਗਰੂਰ ਦੇ ਸਿੱਧੂ ਪੈਲੇਸ ਵਿੱਚ ਹੋ ਰਹੇ ਪ੍ਰੋਗਰਾਮ 'ਬਾਬਾ ਸਾਹਿਬ ਤੁਝੇ ਸਲਾਮ' ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਇਸ ਸਬੰਧੀ ਗੱਲਬਾਤ ਕਰਦਿਆਂ ਮਿਸ਼ਨ ਦੇ ਕੌਮੀ ਪ੍ਰਧਾਨ ਦਰਸ਼ਨ ਸਿੰਘ ਕਾਂਗੜਾ ਨੇ ਕਿਹਾ ਕਿ ਇਹ ਪ੍ਰੋਗਰਾਮ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮਿਸ਼ਨ ਦੇ ਮੁੱਖ ਸਰਪ੍ਰਸਤ ਸ੍ਰੀਮਤੀ ਪੂਨਮ ਕਾਂਗੜਾ ਦੀ ਅਗਵਾਈ ਹੇਠ ਤੇ ਪੰਜਾਬ ਦੇ ਪ੍ਰਸਿੱਧ ਸਮਾਜ ਸੇਵਿਕਾ ਪ੍ਰੀਤੀ ਮਹੰਤ ਦੇ ਅਸ਼ੀਰਵਾਦ ਸਦਕਾ ਕਰਵਾਇਆ ਜਾ ਰਿਹਾ ਹੈ। ਪ੍ਰੋਗਰਾਮ ਵਿੱਚ ਦੇਸ਼ ਦੀ ਪ੍ਰਸਿੱਧ ਬਾਲ ਗਾਇਕਾ ਕੁਮਾਰੀ ਰਾਸ਼ੀ ਸਲੀਮ ਸਣੇ ਹੋਰ ਵੀ ਕਲਾਕਾਰ ਬਾਬਾ ਸਾਹਿਬ ਦਾ ਗੁਣਗਾਨ ਕਰਨ ਲਈ ਪਹੁੰਚ ਰਹੇ ਹਨ। ਇਸ ਪ੍ਰੋਗਰਾਮ ਵਿੱਚ ਵੱਖ ਵੱਖ ਖੇਤਰਾਂ ਵਿੱਚ ਨਮਾਣਾ ਖੱਟਣ ਵਾਲੀਆਂ 51 ਸ਼ਖ਼ਸੀਅਤਾਂ ਦਾ ਡਾ. ਅੰਬੇਡਕਰ ਸਟੇਟ ਐਵਾਰਡ ਨਾਲ ਸਨਮਾਨ ਕੀਤਾ ਜਾਵੇਗਾ। ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਸਭਨਾਂ ਨੂੰ ਖੁੱਲ੍ਹਾ ਸੱਦਾ ਦਿੱਤਾ ਹੈ।ਇਸ ਮੌਕੇ ਉਨ੍ਹਾਂ ਨਾਲ ਹੋਰ ਵੀ ਆਗੂ ਹਾਜ਼ਰ ਸਨ।

# ਮ੍ਰਿਤਕ ਦੇਹ ਸੰਭਾਲ ਘਰ ਲਈ ਪੰਜ ਲੱਖ ਦਾ ਚੈੱਕ ਦਿੱਤਾ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**

ਪਿੰਡ ਬਡੂਵਾਲ ਦੇ ਸਮਾਜ ਸੇਵੀ ਸਵ: ਗੁਰਦੇਵ ਸਿੰਘ ਪੁਰੇਵਾਲ ਵੱਲੋਂ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਉਨ੍ਹਾਂ ਦੇ ਸਪੁੱਤਰ ਰਜਪਾਲ ਸਿੰਘ ਪੁਰੇਵਾਲ, ਪਵਿੱਤਰਪਾਲ ਸਿੰਘ ਪੁਰੇਵਾਲ ਵੱਲੋਂ ਆਪਣੀ ਮਾਤਾ ਦੀ ਪ੍ਰੇਰਣਾ ਸਦਕਾ ਸਮਾਜ ਸੇਵਾ ਦੇ ਕਾਰਜਾਂ ਨੂੰ ਹੋਰ ਵੀ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ। ਉਨ੍ਹਾਂ ਵੱਲੋਂ ਪਿੰਡ ਵਿੱਚ ਸਵ: ਗੁਰਦੇਵ ਸਿੰਘ ਪੁਰੇਵਾਲ ਕਲੱਬ ਦਾ ਨਿਰਮਾਣ ਕਰਾਇਆ ਗਿਆ ਹੈ ਤੇ ਇਹ ਕਲੱਬ ਪ੍ਰਧਾਨ ਸੰਤ ਭਾਗ ਸਿੰਘ ਦੀ ਅਗਵਾਈ ਵਿੱਚ ਸਮਾਜ ਸੇਵਾ ਲੋਕ ਸੇਵਾ ਦੇ ਕਾਰਜਾਂ ਨੂੰ ਲਗਾਤਾਰ ਨੇਪਰੇ ਚਾੜ੍ਹ ਰਿਹਾ ਹੈ, ਜਿੱਥੇ ਉਨ੍ਹਾਂ ਵੱਲੋਂ ਅੱਖਾਂ ਦੇ ਮੁਫਤ ਚੈੱਕ ਅਤੇ ਆਪਰੇਸ਼ਨ ਕੈਂਪਾਂ ਦਾ ਲਗਾਤਾਰ ਆਯੋਜਨ ਕੀਤਾ ਜਾਂਦਾ ਹੈ। ਗ਼ਰੀਬ ਤੇ ਲੋੜਵੰਦ ਪਰਵਾਰਾਂ ਨੂੰ ਆਰਥਿਕ ਸਹਾਇਤਾ ਦਿੱਤੀ ਜਾਂਦੀ ਹੈ ਤੇ ਗ਼ਰੀਬ ਪਰਵਾਰਾਂ ਦੀਆਂ ਲੜਕੀਆਂ ਦੇ ਵਿਆਹ ਤੇ ਵੀ ਆਰਥਿਕ ਸਹਾਇਤਾ ਦਿੱਤੀ ਜਾਂਦੀ ਹੈ, ਉਥੇ ਹੀ ਨੌਜਵਾਨ ਵਰਗ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਪ੍ਰੇਰਤ ਕਰਨ ਵਾਸਤੇ ਕਲੱਬ ਵੱਲੋਂ ਪਿੰਡ ਵਿੱਚ ਨੌਜਵਾਨਾਂ ਦੇ ਭਲਾਈ ਲਈ ਖੇਡ ਮੇਲਿਆਂ ਦਾ ਆਯੋਜਨ ਕੀਤਾ ਜਾਂਦਾ ਹੈ ਤੇ ਗਊਸ਼ਾਲਾਵਾਂ ਦੇ ਸਹਿਯੋਗ ਲਈ ਵੀ ਵੱਡੇ ਪੱਧਰ 'ਤੇ ਦਾਨ ਰਾਸ਼ੀ ਭੇਟ ਕੀਤੀ ਜਾਂਦੀ ਹੈ ਅਤੇ ਵੱਖ-ਵੱਖ ਗਊਸ਼ਾਲਾ ਨੂੰ ਤੂੜੀ ਫੀਡ ਦਾ ਦਾਨ ਕੀਤਾ ਜਾਂਦਾ ਹੈ।

ਹਲਕੇ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੀ ਅਗਵਾਈ ਵਿੱਚ ਬਣ ਰਹੇ ਮ੍ਰਿਤਕ ਦੇਹ ਸੰਭਾਲ ਕੇਂਦਰ, ਜੋ ਸਰਬੱਤ ਦਾ ਭਲਾ ਸੇਵਾ ਸੁਸਾਇਟੀ ਵੱਲੋਂ ਬਣਾਇਆ ਜਾ ਰਿਹਾ ਹੈ, ਜਿੱਥੇ ਇਸ ਸੰਸਥਾ ਨੂੰ ਵੱਡੇ ਪੱਧਰ ਤੇ ਇਲਾਕੇ ਦੀਆਂ ਸਮਾਜ ਸੇਵੀ ਸੰਸਥਾ ਵੱਲੋਂ ਸਹਿਯੋਗ ਕੀਤਾ ਜਾ ਰਿਹਾ ਹੈ, ਉੱਥੇ ਸਵ: ਗੁਰਦੇਵ ਸਿੰਘ ਪੁਰੇਵਾਲ ਦੀ ਯਾਦ ਵਿੱਚ ਉਨ੍ਹਾਂ ਦੇ ਸਪੁੱਤਰਾਂ ਵੱਲੋਂ ਇਸ ਕਲੱਬ ਰਾਹੀਂ 5 ਲੱਖ ਰੁਪਏ ਦੀ ਰਾਸ਼ੀ ਦਾ ਚੈੱਕ ਧਰਮਕੋਟ ਹਲਕੇ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੂੰ ਭੇਟ ਕੀਤਾ ਗਿਆ।

ਇਸ ਮੌਕੇ ਸੰਸਥਾ ਨੂੰ ਪੰਜ ਲੱਖ ਰੁਪਏ ਦੀ ਰਾਸ਼ੀ ਦਾ ਚੈੱਕ ਭੇਟ ਕਰਨ ਤੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਕਿਹਾ ਕਿ ਪੁਰੇਵਾਲ ਪਰਿਵਾਰ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਤੇ ਲੋਕ ਸੇਵਾ ਦੇ ਕਾਰਜ ਬਹੁਤ ਹੀ ਸ਼ਲਾਘਾਯੋਗ ਹਨ।

# ਡੀ ਏ ਵੀ ਪਬਲਿਕ ਸਕੂਲ ਕੱਕੜਵਾਲ 'ਚ ਵੋਟਾਂ ਦੀ ਮਹੱਤਤਾ ਲਈ ਲੈਕਚਰ




**ਧੂਰੀ (ਸੁਖਦੇਵ ਧੂਰੀ)**-ਡੀ.ਏ.ਵੀ. ਪਬਲਿਕ ਸਕੂਲ ਕੱਕੜਵਾਲ ਵਿਖੇ ਵਿੱਚ ਸਵੀਪ ਦੀ ਸਮੁੱਚੀ ਟੀਮ (107-ਧੂਰੀ-ਸੰਗਰੂਰ) ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਿਦਿਆਰਥੀਆਂ ਦੇ ਲੈਕਚਰ ਕਰਾਏ ਗਏ, ਜਿਸ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ।ਈ.ਐਲ.ਸੀ. ਕਲੱਬ ਦੇ ਸਾਰੇ ਮੈਂਬਰ ਵਿਦਿਆਰਥੀ ਇਸ ਵਿੱਚ ਹਾਜ਼ਰ ਰਹੇ।ਸਕੂਲ ਦੇ ਸਵੀਪ ਨੋਡਲ ਅਫ਼ਸਰ ਜਤਿੰਦਰ ਸ਼ਰਮਾ, ਜਿਨ੍ਹਾਂ ਦੇ ਨਾਲ ਅਨਿਲ ਕੁਮਾਰ ਤੇ ਹੋਰ ਅਧਿਆਪਕ ਵੀ ਮੌਕੇ 'ਤੇ ਹਾਜ਼ਰ ਸਨ।ਵਿਦਿਆਰਥੀਆਂ ਨੇ ਲੈਕਚਰ ਦੁਆਰਾ ਵੋਟਾਂ ਦੀ ਮਹੱਤਤਾ ਦੱਸਦੇ ਹੋਏ ਲੋਕਾਂ ਨੂੰ ਇਸ ਬਾਰੇ ਜਾਗਰੂਕ ਕਰਨ ਦੀ ਅਪੀਲ ਕੀਤੀ ਤੇ ਪੂਰਾ ਪ੍ਰੋਗਰਾਮ ਪ੍ਰਿੰਸੀਪਲ ਸੰਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੁਚੱਜੇ ਢੰਗ ਨਾਲ ਮੁਕੰਮਲ ਕੀਤਾ ਗਿਆ।

# ਵਰਿੰਦਰ ਢੋਸੀਵਾਲ ਨੇ ਕਾਕਾ ਬਰਾੜ ਦੇ ਹੱਕ 'ਚ ਭਖਾਈ ਚੋਣ ਮੁਹਿੰਮ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਆਮ ਆਦਮੀ ਪਾਰਟੀ ਵੱਲੋਂ ਲੋਕ ਸਭਾ ਹਲਕਾ ਫ਼ਿਰੋਜ਼ਪੁਰ ਤੋਂ ਜਗਦੀਪ ਸਿੰਘ ਕਾਕਾ ਬਰਾੜ ਨੂੰ ਟਿਕਟ ਦੇਣ ਉਪਰੰਤ 'ਆਪ' ਆਗੂਆਂ ਨੇ ਚੋਣ ਮੁਹਿੰਮ ਨੂੰ ਭਖਾਉਣਾ ਸ਼ੁਰੂ ਕਰ ਦਿੱਤਾ ਹੈ, ਜਿਸਦੇ ਚੱਲਦਿਆਂ ਪਾਰਟੀ ਦੇ ਸੂਬਾ ਸੰਯੁਕਤ ਸਕੱਤਰ ਵਰਿੰਦਰ ਢੋਸੀਵਾਲ, ਜੋ ਮੁਕਤਸਰ ਜ਼ਿਲ੍ਹੇ ਦੇ ਪਾਰਟੀ ਗਤੀਵਿਧੀ ਮੁਖੀ ਵੀ ਹਨ, ਨੇ ਇਥੇ ਬਲਾਕ ਆਗੂਆਂ ਨਾਲ ਬੈਠਕ ਕੀਤੀ।

ਉਨ੍ਹਾਂ ਗੁੰਬਰ ਪ੍ਰਧਾਨ, ਵਪਾਰ ਮੰਡਲ ਦੇ ਪ੍ਰਧਾਨ ਕੁਲਵਿੰਦਰ ਕੰਡਾ, ਬਲਾਕ ਪ੍ਰਧਾਨ ਸੁਮਨ ਕੁਮਾਰ, ਰਮੇਸ਼ ਬਾਂਸਲ ਕਾਕਾ, ਰਿੰਕੂ ਬਾਂਸਲ, ਜੈ ਚੰਦ ਭੰਡਾਰੀ, ਕ੍ਰਿਸ਼ਨ ਸੇਠੀ, ਦੀਪਕ ਅਰੋੜਾ, ਕਰਮਜੀਤ ਸਿੰਘ ਕਾਲਾ, ਸਤਪਾਲ ਸਿੰਘ ਅਤੇ ਦੀਪਕ ਕੁਮਾਰ ਹੋਰਾਂ ਦੇ ਨਾਲ ਹੋਰ ਬਹੁਤ ਸਾਰੇ ਵਰਕਰਾਂ ਨਾਲ ਬੈਠਕ ਕਰਕੇ ਕਾਕਾ ਬਰਾੜ ਦੇ ਹੱਕ ਵਿੱਚ ਵਾਰਡ ਵਾਰ ਬੈਠਕਾਂ ਕਰਕੇ ਲੋਕਾਂ ਨੂੰ ਪ੍ਰੇਰਤ ਕਰਨ ਦੀ ਅਪੀਲ ਕੀਤੀ। ਇਸ ਮੌਕੇ ਉਨ੍ਹਾਂ ਸਰਕਾਰ ਦੀਆਂ ਪ੍ਰਾਪਤੀਆਂ ਲੋਕਾਂ ਤੱਕ ਪੁਚਾਉਣ ਬਾਰੇ ਵੀ ਕਿਹਾ। ਇਸ ਮੌਕੇ ਵੱਡੀ ਗਿਣਤੀ 'ਚ ਵਰਕਰ ਤੇ ਆਮ ਲੋਕ ਵੀ ਮੌਜੂਦ ਸਨ।

# ਮਿੱਡ ਡੇ ਮੀਲ ਵਰਕਰਾਂ ਦਾ ਬੀਮਾ ਕਰਾਇਆ ਜਾਵੇ : ਗਰਗ

**ਲਹਿਰਾਗਾਗਾ (ਪਵਨ ਸ਼ਰਮਾ)**

ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਯੂਨਿਟ ਲਹਿਰਾਗਾਗਾ ਦੇ ਜਨਰਲ ਸਕੱਤਰ ਤੇ ਸੇਵਾਮੁਕਤ ਕਾਰਜ ਸਾਧਕ ਅਫਸਰ ਮਦਨ ਲਾਲ ਗਰਗ ਨੇ ਇੱਕ ਪ੍ਰੈੱਸ ਬਿਆਨ ਰਾਹੀਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪਿਛਲੇ ਦਿਨੀਂ ਮਾਛੀਵਾੜਾ ਵਿਖੇ ਮਿੱਡ ਡੇ ਮੀਲ ਤਿਆਰ ਕਰ ਰਹੀ ਵਰਕਰ ਨੂੰ ਅਚਾਨਕ ਸਿਲੰਡਰ ਨਾਲ ਅੱਗ ਲੱਗਣ ਕਰਕੇ ਝੁਲਸੀ ਗਈ ਸੀ, ਜਿਸ ਦੀ ਦੀ ਖਬਰ ਵੱਖ-ਵੱਖ ਚੈਨਲਾਂ ਤੇ ਅਖਬਾਰਾਂ ਵਿੱਚ ਵੀ ਪ੍ਰਕਾਸ਼ਤ ਹੋਈ ਸੀ। ਉਨ੍ਹਾਂ ਪੰਜਾਬ ਸਰਕਾਰ ਦੇ ਸਿੱਖਿਆ ਮੰਤਰੀ ਤੇ ਵਿਭਾਗ ਨੂੰ ਬੇਨਤੀ ਕੀਤੀ ਹੈ ਕਿ ਪੰਜਾਬ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੇ ਮਿੱਡ ਡੇ ਮੀਲ ਤਿਆਰ ਕਰਨ ਵਿੱਚ ਲੱਗੇ ਵਰਕਰਾਂ ਦਾ ਸਰਕਾਰ ਦੇ ਪੱਧਰ ਤੇ ਐਕਸੀਡੈਂਟਲ ਬੀਮਾ ਕਰਵਾਇਆ ਜਾਵੇ ਤਾਂ ਕਿਸੇ ਵੀ ਅਣਸੁਖਾਵੀਂ ਘਟਨਾ ਦੀ ਹਾਲਤ ਵਿੱਚ ਯੋਗ ਮੁਆਵਜ਼ਾ ਮਿਲ ਸਕੇ।

# ਡਾਕਟਰ ਬਲਬੀਰ ਸਿੰਘ ਦੇ ਹੱਕ 'ਚ ਚੋਣ ਮੀਟਿੰਗ

## ਕਿਸਾਨਾਂ 'ਤੇ ਅੱਤਿਆਚਾਰ ਦਾ ਖਮਿਆਜ਼ਾ ਭੁਗਤ ਰਹੀ ਭਾਜਪਾ : ਹਰਿਆਊ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਲੋਕ ਸਭਾ ਹਲਕਾ ਪਟਿਆਲਾ ਤੋਂ ਆਮ ਆਦਮੀ ਪਾਰਟੀ ਵੱਲੋਂ ਚੋਣ ਮੈਦਾਨ ਵਿੱਚ ਉਤਾਰੇ ਗਏ ਉਮੀਦਵਾਰ ਡਾਕਟਰ ਬਲਵੀਰ ਸਿੰਘ ਦੇ ਹੱਕ ਵਿੱਚ ਸਰਪੰਚ ਗੁਲਾਬ ਸਿੰਘ ਹਰਿਆਊ ਨੇ ਵੱਡੀ ਮੀਟਿੰਗ ਕਰਕੇ ਪਿੰਡ ਵਾਸੀਆਂ ਨੂੰ ਆਮ ਆਦਮੀ ਪਾਰਟੀ ਦੇ ਹੱਕ 'ਚ ਭੁਗਤਣ ਦੀ ਅਪੀਲ ਕੀਤੀ ਹੈ। ਇਸੇ ਦੌਰਾਨ ਵਾਸੀਆਂ ਨੇ 'ਆਪ' ਦੇ ਉਮੀਦਵਾਰ ਨੂੰ ਜਿਤਾਉਣ ਦਾ ਭਰੋਸਾ ਦਿਵਾਇਆ ਹੈ। 'ਆਪ' ਆਗੂ ਤੇ ਪਿੰਡ ਦੇ ਸਰਪੰਚ ਗੁਲਾਬ ਸਿੰਘ ਨੇ ਕਿਹਾ ਕਿ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਮਨਵਾਉਣ ਲਈ ਕਿਸਾਨ ਜਥੇਬੰਦੀਆਂ ਵੱਲੋਂ ਦਿੱਲੀ ਵੱਲ ਕੂਚ ਕਰਨ ਦੇ ਐਲਾਨ ਮਗਰੋਂ ਕੇਂਦਰ ਦੇ ਇਸ਼ਾਰਿਆਂ 'ਤੇ ਹਰਿਆਣਾ ਸਰਕਾਰ ਨੇ ਕਿਸਾਨਾਂ ਉੱਤੇ ਅਥਰੂ ਗੈਸ ਦੇ ਗੋਲੇ, ਗੋਲੀਆਂ ਤੇ ਪਾਣੀ ਦੀਆਂ ਬੁਛਾੜਾਂ ਕਰਕੇ ਜੋ ਅੱਤਿਆਚਾਰ ਕਿਸਾਨਾਂ ਉੱਤੇ ਕੀਤਾ ਹੈ, ਉਸ ਦੀ ਮਿਸਾਲ ਦੁਨੀਆ ਭਰ ਵਿੱਚੋਂ ਕਿਤੇ ਨਹੀਂ ਮਿਲਦੀ। ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਨੂੰ ਕਿਸਾਨਾਂ ਦੇ ਵਿਰੋਧ ਦਾ ਸਾਹਮਣਾ ਕਰਕੇ ਉਸ ਦਾ ਖਮਿਆਜਾ ਭੁਗਤਣਾ ਪੈ ਰਿਹਾ ਹੈ।

ਉਨ੍ਹਾ ਕਿਹਾ ਕਿ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਦਿਹਾਤੀ ਵਿਕਾਸ ਫੰਡ ਦੇ ਸਾਢੇ ਅੱਠ ਹਜ਼ਾਰ ਕਰੋੜ ਰੁਪਏ ਰੋਕ ਲੈਣ ਦੇ ਬਾਵਜੂਦ ਭਗਵੰਤ ਮਾਨ ਦੀ ਸਰਕਾਰ ਨੇ ਪੰਜਾਬ ਨੂੰ ਵਿਕਾਸ ਦੀਆਂ ਲੀਹਾਂ 'ਤੇ ਪਾ ਲਿਆ ਹੈ। ਪੰਜਾਹ ਹਜ਼ਾਰ ਨੌਜਵਾਨਾਂ ਨੂੰ ਨੌਕਰੀਆਂ ਤੇ ਮੁਫਤ ਬਿਜਲੀ ਵਰਗੀਆਂ ਸਹੂਲਤਾਂ ਜਾਰੀ ਹਨ। ਉਨ੍ਹਾ ਕਿਹਾ ਕਿ ਘੱਗਰ ਦੇ ਹੜ੍ਹ ਤੋਂ ਇਲਾਕੇ ਨੂੰ ਬਚਾਉਣ, ਚੈੱਕ ਡੈਮ ਬਣਾ ਕੇ ਹਰਿਆਣਾ ਦੇ ਦੂਸ਼ਿਤ ਪਾਣੀ ਨੂੰ ਰੋਕਣ ਤੇ ਪਾਣੀ ਨੂੰ ਸਾਫ ਕਰਕੇ ਖੇਤੀ ਬਾੜੀ ਲਈ ਵਰਤਣ ਸਬੰਧੀ ਰੋਡ ਮੈਪ ਤਿਆਰ ਕਰਨ ਦਾ ਭਰੋਸਾ ਪਹਿਲਾਂ ਹੀ ਡਾਕਟਰ ਬਲਵੀਰ ਸਿੰਘ ਦੇ ਚੁੱਕੇ ਹਨ।



ਸਰਕਾਰੀ ਸੀਨੀਅਰ ਗਰਲਜ਼ ਸਕੂਲ ਸੁਨਾਮ, ਊਧਮ ਸਿੰਘ ਵਾਲਾ ਦੀ ਵਿਦਿਆਰਥਣ ਬੇਅੰਤ ਕੌਰ ਪੁੱਤਰੀ ਪ੍ਰਕਾਸ਼ ਸਿੰਘ ਨੇ 632/650 ਅੰਕ ਪ੍ਰਾਪਤ ਕਰਕੇ ਮੈਰਿਟ ਸੂਚੀ ਵਿੱਚੋਂ 14ਵਾਂ ਰੈਂਕ ਪ੍ਰਾਪਤ ਕਰਕੇ ਸਕੂਲ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। **(ਫੋਟੋ ਤੇ ਵੇਰਵਾ-ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)**

# ਐੱਨ ਕੇ ਸ਼ਰਮਾ ਨੇ ਐਡਵੋਕੇਟ ਬੱਬਲੂ ਖੋਰਾ ਦੀ ਅਗਵਾਈ ਹੇਠ ਵਰਕਰਾਂ ਨਾਲ ਕੀਤੀ ਮਿਲਣੀ



**ਨਾਭਾ (ਵਰਿੰਦਰ ਵਰਮਾ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਟਿਆਲਾ ਲੋਕ ਸਭਾ ਸੀਟ 'ਤੇ ਸਾਬਕਾ ਵਿਧਾਇਕ ਐਨ ਕੇ ਸ਼ਰਮਾ ਨੂੰ ਉਮੀਦਵਾਰ ਐਲਾਨਿਆ ਗਿਆ।ਉਮੀਦਵਾਰ ਬਣਨ ਉਪਰੰਤ ਐਨ ਕੇ ਸ਼ਰਮਾ ਨੇ ਐਡਵੋਕੇਟ ਖੁਸ਼ਹਾਲ ਬਬਲੂ ਖੋਰਾ ਦੇ ਦਫ਼ਤਰ ਪਹੁੰਚ ਕੇ ਪਾਰਟੀ ਦੇ ਵਰਕਰਾਂ ਅਤੇ ਆਗੂਆਂ ਨਾਲ ਮਿਲਣੀ ਕੀਤੀ।ਉਨ੍ਹਾਂ ਕਿਹਾ ਕਿ ਇਹ ਚੋਣ ਪੰਜਾਬ ਦੀ ਅਣਖ ਦੀ ਲੜਾਈ ਹੈ। ਇੱਕ ਪਾਸੇ ਪੰਜਾਬ ਦੀ ਕਿਸਾਨੀ ਨੂੰ ਬਚਾਉਣ ਦੀ ਲੋੜ ਹੈ, ਉੱਥੇ ਪੰਜਾਬ ਦੇ ਵਪਾਰ ਨੂੰ ਕਾਰਪੋਰੇਟ ਘਰਾਣਿਆਂ ਤੋਂ ਬਚਾਉਣਾ ਵੀ ਸਾਡਾ ਮੁੱਖ ਮਨੋਰਥ ਹੈ।ਉਨ੍ਹਾਂ ਕਿਹਾ ਕਿ ਹਲਕਾ ਨਾਭਾ ਦੇ ਲੋਕ ਆਪ ਜੀ ਨੂੰ ਵੱਡੀ ਲੀਡ ਦਿਵਾ ਕੇ ਲੋਕ ਸਭਾ ਵਿੱਚ ਭੇਜਣਗੇ।ਸਨਮਾਨਤ ਹੋਣ ਉਪਰੰਤ ਐਨ ਕੇ ਸ਼ਰਮਾ ਨੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਵਿਧਾਨ ਸਭਾ ਚੋਣਾਂ 2022 ਵਿੱਚ ਲੋਕਾਂ ਨਾਲ ਵਾਅਦੇ ਕੀਤੇ ਗਏ ਸਨ, ਉਹ ਅੱਜ ਤੱਕ ਪੂਰੇ ਨਹੀਂ ਕੀਤੇ ਗਏ।

ਬੀਬੀਆਂ ਨੂੰ 1000 ਰੁਪਏ ਦੇਣ ਦਾ ਵਾਅਦਾ ਵੀ ਕੇਂਦਰ ਦੀ ਭਾਜਪਾ ਸਰਕਾਰ ਵਾਂਗ ਜੁਮਲਾ ਹੀ ਨਿਕਲਿਆ ਹੈ।ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਆਮ ਆਦਮੀ ਪਾਰਟੀ ਦੇ ਝੂਠੇ ਲਾਰਿਆਂ 'ਚ ਗੁੰਮਰਾਹ ਹੋਣ ਦੀ ਬਜਾਏ ਪੰਜਾਬ ਹਿਤੈਸ਼ੀ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿੱਚ ਅਵਾਜ਼ ਬੁਲੰਦ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਇਹ ਪਾਰਟੀ ਆਮ ਲੋਕਾਂ ਦੀ ਪਾਰਟੀ ਹੈ, ਜੇਕਰ ਇਹ ਆਮ ਲੋਕਾਂ ਦੀ ਪਾਰਟੀ ਹੁੰਦੀ ਤਾਂ ਲੋਕ ਸਭਾ ਚੋਣਾਂ ਵਿੱਚ ਮੰਤਰੀਆਂ-ਵਿਧਾਇਕਾਂ ਤੇ ਹੋਰਨਾਂ ਪਾਰਟੀਆਂ ਤੋਂ ਆਏ ਆਗੂਆਂ ਨੂੰ ਟਿਕਟਾਂ ਕਿਉਂ ਦਿੱਤੀਆਂ ਗਈਆਂ ਹਨ, ਆਮ ਲੋਕਾਂ ਨੂੰ ਉਮੀਦਵਾਰ ਕਿਉਂ ਨਹੀਂ ਬਣਾਇਆ ਗਿਆ ਤੇ ਨਾ ਹੀ ਪੰਜਾਬ ਦੀ ਕਿਸੇ ਵੀ ਲੋਕ ਸਭਾ ਸੀਟ ਤੋਂ ਕਿਸੇ ਵੀ ਬੀਬੀ ਨੂੰ ਟਿਕਟ ਦੇ ਕੇ ਉਮੀਦਵਾਰ ਬਣਾਇਆ ਹੈ।

ਉਨ੍ਹਾਂ ਕਿਹਾ ਕਿ ਹੁਣ ਕਾਂਗਰਸ, ਆਪ ਜਾਂ ਭਾਜਪਾ ਦੇ ਗੱਲਾਂ ਵਿੱਚ ਨਾ ਆਇਓ, ਸਗੋਂ ਤੁਹਾਡੀ ਆਪਣੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਵੋਟਾਂ ਦੇ ਕੇ ਜੇਤੂ ਬਣਾਓ।ਇਸ ਮੌਕੇ ਹਲਕਾ ਨਾਭਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸੀਨੀਅਰ ਕੌਂਸਲਰ ਬੱਬਲੂ ਖੋਰਾ ਨੇ ਉਮੀਦਵਾਰ ਐਨ ਕੇ ਸ਼ਰਮਾ ਤੇ ਸ਼ੁਤਰਾਣਾ ਤੋਂ ਹਲਕਾ ਇੰਚਾਰਜ ਬਾਬੂ ਕਬੀਰ ਦਾਸ ਨੂੰ ਸਰੋਪਾ ਪਾ ਕੇ ਸਨਮਾਨਤ ਕੀਤਾ ਅਤੇ ਕਿਹਾ ਕਿ ਉਮੀਦਵਾਰ ਐਨ ਕੇ ਸ਼ਰਮਾ ਨੂੰ ਹਲਕਾ ਨਾਭਾ ਵਿੱਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਤੇ ਵੱਡੀ ਲੀਡ ਨਾਲ ਜਿਤਉਣ ਦਾ ਭਰੋਸਾ ਦਿਵਾਇਆ।ਬੱਬਲੂ ਖੋਰਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹੀ ਇੱਕ ਅਜਿਹੀ ਪਾਰਟੀ ਹੈ, ਜਿਸ ਨੇ ਵੱਖ-ਵੱਖ ਮੋਰਚੇ ਲਾ ਕੇ ਪੰਜਾਬ ਲਈ ਲੜਾਈਆਂ ਲੜੀਆਂ ਤੇ ਸ਼ਹੀਦੀਆਂ ਦਿੱਤੀਆਂ ਹਨ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਵ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸ਼੍ਰੋਮਣੀ ਅਕਾਲੀ ਦਲ ਦੀ ਸੂਬਾ ਸਰਕਾਰ ਸਮੇਂ ਜਿੰਨਾ ਪੰਜਾਬ ਦਾ ਵਿਕਾਸ ਹੋਇਆ, ਉਹ ਨਾਂ ਤਾਂ ਕਾਂਗਰਸ ਸਰਕਾਰ ਸਮੇਂ ਹੋਇਆ ਤੇ ਨਾ ਮੌਜੂਦਾ ਆਪ ਸਰਕਾਰ ਕਰਾ ਸਕਦੀ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਬਦਲਾਅ ਦਾ ਹੋਕਾ ਦੇ ਕੇ ਸੱਤਾ 'ਚ ਆਈ ਸੀ। ਸੱਤਾ 'ਚ ਆਉਣ ਤੋਂ ਬਾਅਦ ਆਪ ਪਾਰਟੀ ਦੀ ਸਰਕਾਰ ਵੱਲੋਂ ਸੂਬੇ ਵਿੱਚ ਨਾਂ ਤਾਂ ਕੋਈ ਬਦਲਾਅ ਲਿਆਂਦਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਸਾਰੀਆਂ ਸੀਟਾਂ ਤੇ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਉਮੀਦਵਾਰ ਵੱਡੀ ਲੀਡ ਜਿੱਤ ਪ੍ਰਾਪਤ ਕਰਨਗੇ।

# ਮਲੂਕਾ ਦੇ ਸਾਥੀ 'ਆਪ' 'ਚ ਹੋਏ ਸ਼ਾਮਲ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਸ਼੍ਰੋਮਣੀ ਅਕਾਲੀ ਦਲ ਪਾਰਟੀ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ, ਜਦੋਂ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਨਜ਼ਦੀਕੀ ਤੇ ਸੀਨੀਅਰ ਅਕਾਲੀ ਆਗੂ ਵਿਨੋਦ ਕੁਮਾਰ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਵਿਧਾਇਕ ਬਲਕਾਰ ਸਿੰਘ ਸਿੱਧੂ ਦੀ ਅਗਵਾਈ ਹੇਠ ਸਾਥੀਆਂ ਸਮੇਤ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਏ।ਵਿਨੋਦ ਕੁਮਾਰ ਨੇ ਕਿਹਾ ਕਿ ਉਹ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਦੀ ਪ੍ਰੇਰਣਾ ਸਦਕਾ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਨੀਤੀਆਂ ਤੋਂ ਪ੍ਰਭਾਵਤ ਹੋ ਕੇ 'ਆਪ' ਵਿੱਚ ਸ਼ਾਮਲ ਹੋਏ ਹਨ।ਉਨ੍ਹਾਂ ਕਿਹਾ ਕਿ ਵਿਧਾਇਕ ਬਲਕਾਰ ਸਿੰਘ ਸਿੱਧੂ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਸ਼ਹਿਰ ਰਾਮਪੁਰਾ ਫੂਲ ਤੇ ਹਲਕੇ ਦੇ ਸਾਰੇ ਪਿੰਡਾਂ ਸ਼ਹਿਰਾਂ ਦਾ ਬਿਨਾਂ ਕਿਸੇ ਭੇਦਭਾਵ ਤੋਂ ਵਿਕਾਸ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਹਲਕੇ ਨੂੰ ਅਜਿਹਾ ਲੀਡਰ ਪਹਿਲੀ ਵਾਰ ਮਿਲਿਆ ਹੈ, ਜੋ ਅਕਾਲੀ-ਕਾਂਗਰਸੀ ਵੇਖੇ ਬਿਨਾਂ ਸਾਰੇ ਲੋਕਾਂ ਲਈ ਵਧੀਆ ਭਾਵਨਾ ਨਾਲ ਕੰਮ ਕਰ ਰਹੇ ਹਨ ਤੇ ਇਸੇ ਗੱਲ ਤੋਂ ਪ੍ਰਭਾਵਤ ਹੋ ਕੇ ਉਹ ਉਨ੍ਹਾਂ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਰਹੇ ਹਨ।ਇਸ ਮੌਕੇ ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਕਿਹਾ ਕਿ ਆਮ ਆਦਮੀ ਪਾਰਟੀ ਤੇ ਮੇਰੇ ਘਰ ਦੇ ਦਰਵਾਜ਼ੇ ਹਰ ਉਸ ਇਨਸਾਨ ਲਈ ਸਦਾ ਖੁੱਲ੍ਹੇ ਹਨ, ਜਿਸਦੀ ਨੀਅਤ ਲੋਕਾਂ ਤੇ ਪਾਰਟੀ ਪ੍ਰਤੀ ਸਾਫ਼ ਹੈ। ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਸਰਕਾਰ ਹਰ ਵਰਗ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਲੈ ਕੇ ਹੱਲ ਕਰ ਰਹੀ ਹੈ, ਜਿਸ ਤੋਂ ਪ੍ਰਭਾਵਤ ਹੋ ਕੇ ਵੱਡੀ ਗਿਣਤੀ ਵਿਚ ਪੰਜਾਬ ਦਾ ਭਲਾ ਸੋਚਣ ਵਾਲੇ ਲੋਕ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਰਹੇ ਹਨ।ਜ਼ਿਕਰਯੋਗ ਹੈ ਕਿ ਵਿਨੋਦ ਕੁਮਾਰ ਦੀ ਧਰਮਪਤਨੀ ਬਿੰਦੂ ਬਾਲਾ ਸ਼੍ਰੋਮਣੀ ਅਕਾਲੀ ਦਲ ਵੱਲੋਂ ਨਗਰ ਕੌਂਸਲ ਦੇ ਕੌਂਸਲਰ ਰਹਿ ਚੁੱਕੇ ਹਨ।

# ਅਕਾਲੀ ਦਲ ਨੇ ਬਿਕਰਮਜੀਤ ਸਿੰਘ ਖਾਲਸਾ ਦੇ ਹੱਕ 'ਚ ਚੋਣ ਮੁਹਿੰਮ ਕੀਤੀ ਤੇਜ਼



**ਸਮਰਾਲਾ (ਸੁਰਜੀਤ ਸਿੰਘ)** ਲੋਕ ਸਭਾ ਹਲਕਾ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਬਿਕਰਮਜੀਤ ਸਿੰਘ ਖਾਲਸਾ ਨੂੰ ਹਲਕੇ ਦੇ ਪਿੰਡਾਂ ਵਿੱਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਸਮਰਾਲਾ ਦੇ ਹਲਕਾ ਇੰਚਾਰਜ ਪਰਮਜੀਤ ਸਿੰਘ ਢਿੱਲੋਂ ਤੇ ਸੰਤਾ ਸਿੰਘ ਉਮੈਦਪੁਰੀ ਨੇ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਕੀਤੀਆਂ ਗਈਆਂ ਚੋਣ ਮੀਟਿੰਗਾਂ ਤੋਂ ਬਾਅਦ ਕੀਤਾ।ਉਨ੍ਹਾਂ ਕਿਹਾ ਕਿ ਇਹ ਚੋਣ ਪੰਜਾਬ ਦੀ ਅਣਖ ਦੀ ਲੜਾਈ ਹੈ। ਇੱਕ ਪਾਸੇ ਪੰਜਾਬ ਦੀ ਕਿਸਾਨੀ ਨੂੰ ਬਚਾਉਣ ਦੀ ਲੋੜ ਹੈ, ਉੱਥੇ ਪੰਜਾਬ ਦੇ ਵਪਾਰ ਨੂੰ ਕਾਰਪੋਰੇਟ ਘਰਾਣਿਆਂ ਤੋਂ ਬਚਾਉਣਾ ਵੀ ਸਾਡਾ ਮੁੱਖ ਮਨੋਰਥ ਹੈ।ਪਰਮਜੀਤ ਸਿੰਘ ਢਿੱਲੋਂ ਨੇ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ 'ਤੇ ਵਰਦਿਆਂ ਕਿਹਾ ਕਿ ਜੋ 'ਆਪ' ਵੱਲੋਂ ਵਿਧਾਨ ਸਭਾ ਚੋਣਾਂ 2022 ਵਿੱਚ ਲੋਕਾਂ ਨਾਲ ਵਾਅਦੇ ਕੀਤੇ ਗਏ ਸਨ, ਉਹ ਅੱਜ ਤੱਕ ਪੂਰੇ ਨਹੀਂ ਕੀਤੇ ਗਏ। ਬੀਬੀਆਂ ਨੂੰ 1000 ਰੁਪਏ ਦੇਣ ਦਾ ਵਾਅਦਾ ਵੀ ਕੇਂਦਰ ਦੀ ਭਾਜਪਾ ਸਰਕਾਰ ਵਾਂਗ ਜੁਮਲਾ ਹੀ ਨਿਕਲਿਆ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਆਮ ਆਦਮੀ ਪਾਰਟੀ ਦੇ ਝੂਠੇ ਲਾਰਿਆਂ 'ਚ ਗੁੰਮਰਾਹ ਹੋਣ ਦੀ ਬਜਾਏ ਪੰਜਾਬ ਹਿਤੈਸ਼ੀ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿੱਚ ਅਵਾਜ਼ ਬੁਲੰਦ ਕੀਤੀ ਜਾਵੇ।ਅਖੀਰ ਵਿੱਚ ਉਨ੍ਹਾਂ ਲੋਕ ਸਭਾ ਸ੍ਰੀ ਫ਼ਤਿਹਗੜ੍ਹ ਸਾਹਿਬ ਤੋਂ ਉਮੀਦਵਾਰ ਬਿਕਰਮਜੀਤ ਸਿੰਘ ਖਾਲਸਾ ਨੂੰ ਵੱਡੀ ਲੀਡ ਨਾਲ ਜਿਤਉਣ ਦਾ ਭਰੋਸਾ ਦਿਵਾਇਆ।ਜ਼ਿਕਰਯੋਗ ਹੈ ਕਿ ਹਲਕਾ ਇੰਚਾਰਜ ਪਰਮਜੀਤ ਸਿੰਘ ਢਿੱਲੋਂ ਤੇ ਸਾਬਕਾ ਚੇਅਰਮੈਨ ਸੰਤਾ ਸਿੰਘ ਉਮੈਦਪੁਰੀ ਦੀ ਅਗਵਾਈ ਹੇਠ ਪਿੰਡਾਂ ਬੌਂਦਲੀ, ਟੌਡਰਪੁਰ, ਹੇੜੀਆਂ, ਬਰ੍ਹਮਾਂ, ਕਕਰਾਲਾ ਕਲਾਂ, ਕੋਟਲਾ, ਮੱਲ ਮਾਜਰਾ, ਘਰਖਣਾਂ, ਬੌਂਦਲ ਤੇ ਸਮਰਾਲਾ 'ਚ ਚੋਣ ਮੀਟਿੰਗਾਂ ਕੀਤੀਆਂ।ਇਸ ਮੌਕੇ ਉਮੀਦਵਾਰ ਬਿਕਰਮਜੀਤ ਸਿੰਘ ਖਾਲਸਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹੀ ਇੱਕ ਅਜਿਹੀ ਪਾਰਟੀ ਹੈ, ਜਿਸ ਨੇ ਵੱਖ-ਵੱਖ ਮੋਰਚੇ ਲਾ ਕੇ ਪੰਜਾਬ ਲਈ ਲੜਾਈਆਂ ਲੜੀਆਂ ਤੇ ਸ਼ਹੀਦੀਆਂ ਦਿੱਤੀਆਂ ਹਨ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਵ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸ਼੍ਰੋਮਣੀ ਅਕਾਲੀ ਦਲ ਦੀ ਸੂਬਾ ਸਰਕਾਰ ਸਮੇਂ ਜਿੰਨਾ ਪੰਜਾਬ ਦਾ ਵਿਕਾਸ਼ ਹੋਇਆ, ਉਹ ਨਾਂ ਤਾਂ ਕਾਂਗਰਸ ਸਰਕਾਰ ਸਮੇਂ ਹੋਇਆ ਅਤੇ ਨਾ ਮੌਜੂਦਾ 'ਆਪ' ਸਰਕਾਰ ਕਰਾ ਸਕਦੀ ਹੈ।ਖਾਲਸਾ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਬਦਲਾਅ ਦਾ ਹੋਕਾ ਦੇ ਕੇ ਸੱਤਾ 'ਚ ਆਈ ਸੀ। ਸੱਤਾ 'ਚ ਆਉਣ ਤੋਂ ਬਾਅਦ 'ਆਪ' ਪਾਰਟੀ ਦੀ ਸਰਕਾਰ ਵੱਲੋਂ ਸੂਬੇ ਵਿੱਚ ਨਾ ਤਾਂ ਕੋਈ ਬਦਲਾਅ ਲਿਆਂਦਾ ਗਿਆ, ਖੁਦ ਜ਼ਰੂਰ ਬਹੁਤ ਕੁੱਝ ਬਦਲਿਆ ਹੈ।ਇਸ ਮੌਕੇ ਸਾਬਕਾ ਚੇਅਰਮੈਨ ਸੰਤਾ ਸਿੰਘ ਉਮੈਦਪੁਰੀ, ਜਸਮੇਲ ਸਿੰਘ ਬੌਂਦਲੀ, ਹਰਜਤਿੰਦਰ ਸਿੰਘ ਪਵਾਤ, ਸਰਬਜੀਤ ਸਿੰਘ ਢੰਡੇ, ਅੰਮ੍ਰਿਤਪਾਲ ਸਿੰਘ ਗੁਰੋਂ, ਅਮਰੀਕ ਸਿੰਘ ਹੇੜੀਆਂ, ਮਲਕੀਤ ਸਿੰਘ ਭੰਗਲਾਂ, ਸੁੱਖਾ ਸਿੰਘ ਹੇੜੀਆਂ, ਲਾਲੀ ਬਹਿਲੋਲਪੁਰ, ਕੈਪਟਨ ਹਰਜਿੰਦਰ ਸਿੰਘ, ਅਰਸ਼ਦੀਪ ਸਿੰਘ ਰਾਏ, ਹੈਪੀ ਲੱਧੜਾਂ ਤੋਂ ਇਲਵਾ ਵੱਡੀ ਗਿਣਤੀ 'ਚ ਪਾਰਟੀ ਵਰਕਰ ਹਾਜ਼ਰ ਸਨ।

20-April-PAGE-8.qxd 4/19/2024 8:55 PM Page 1



# ਚੋਣ ਜ਼ਾਬਤਾ ਦੀ ਪਾਲਣਾ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਰਹੇਗੀ ਵਿਸ਼ੇਸ਼ ਨਿਗਰਾਨੀ - ਅਗਰਵਾਲ

**ਚੰਡੀਗੜ੍ਹ, (ਕ੍ਰਿਸ਼ਨ ਗਰਗ)-** ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਅਨੁਰਾਗ ਅਗਰਵਾਲ ਨੇ ਕਿਹਾ ਹੈ ਕਿ ਲੋਕ ਸਭਾ ਆਮ ਚੋਣ ਨੂੰ ਸੂਬੇ ਵਿਚ ਪਾਰਦਰਸ਼ੀ ਅਤੇ ਨਿਰਪੱਖ ਢੰਗ ਨਾਲ ਸਪੰਨ ਕਰਵਾਉਣ ਨੂੰ ਲੈ ਕੇ ਹਰਿਆਣਾ ਦੇ ਸਾਰੇ ਜ਼ਿਲ੍ਹਿਆਂ ਤੋਂ ਮੁੱਖ ਚੋਣ ਦਫ਼ਤਰ ਦਾ ਪ੍ਰਸ਼ਾਸਨ ਪੂਰੀ ਤਰ੍ਹਾਂ ਨਾਲ ਗੰਭੀਰ ਹੈ। ਚੋਣ ਜਾਬਤਾ ਦੀ ਪਾਲਣਾ ਨੂੰ ਲੈ ਕੇ ਭਾਰਤ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਅਨੁਸਾਰ ਸਾਈਬਰ ਸੈਲ ਸਮੇਤ ਵੱਖ-ਵੱਖ ਟੀਮਾਂ ਵੱਲੋਂ ਸੋਸ਼ਲ ਮੀਡੀਆ 'ਤੇ ਵੀ ਸਖ਼ਤ ਨਿਗਰਾਨੀ ਰੱਖੀ ਜਾ ਰਹੀ ਹੈ। ਸੋਸ਼ਲ ਮੀਡੀਆ ਰਾਹੀਂ ਪ੍ਰਸਾਰਿਤ ਇਸ਼ਤਿਹਾਰਾਂ ਦਾ ਖਰਚਾ ਵੀ ਸਬੰਧਿਤ ਉਮੀਦਵਾਰ ਜਾਂ ਪਾਰਟੀ ਦੇ ਖਾਤੇ ਵਿਚ ਜੋੜਿਆ ਜਾਵੇਗਾ। ਉਨ੍ਹਾਂ ਨੇ ਦਸਿਆ ਕਿ ਚੋਣ ਜਾਬਤਾ ਦੌਰਾਨ ਕੋਈ ਵੀ ਉਮੀਦਵਾਰ ਤੇ ਪਾਰਟੀ ਕਿਸੇ ਜਾਂ ਅਜਿਹੇ ਰੂਪ ਨਾਲ ਗਮਰਾਹ ਚੋਣ ਸਮੱਗਰੀ ਦੇ ਪ੍ਰਸਾਰਣ ਨਹੀਂ ਕਰ ਸਕਦੇ। ਚੋਣ ਜਾਬਤਾ ਦੀ ਉਲੰਘਣ ਨਹੀਂ ਹੋਣ ਦਿੱਤੀ ਜਾਵੇਗੀ। ਜੇਕਰ ਕੋਈ ਅਜਿਹਾ ਕਰਦਾ ਹੈ ਤਾਂ ਉਨ੍ਹਾਂ ਦੇ ਖਿਲਾਫ ਨਿਯਮ ਅਨੁਸਾਰ ਕਾਰਵਾਈ ਅਮਲ ਵਿਚ ਲਿਆਈ ਜਾਵੇਗੀ। ਅਨੁਰਾਗ ਅਗਰਵਾਲ ਨੇ ਦਸਿਆ ਕਿ ਚੋਣ ਸਪੰਨ ਹੋਣ ਤਕ ਚੋਣ ਜਾਬਤਾ ਲਾਗੂ ਰਹੇਗੀ। ਕਿਸੇ ਵੀ ਵਿਅਕਤੀ ਨੂੰ ਚੋਣ ਜਾਬਤਾ ਦੇ ਉਲੰਘਣ ਕਰਨ ਦੀ ਇਜਾਜਤ ਨਹੀਂ ਹੈ। ਚੋਣ ਜਾਬਤਾ ਦੀ ਪਾਲਣਾ ਨੂੰ ਲੈ ਕੇ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਗਿਆ ਹੈ। ਇੰਨ੍ਹਾਂ ਟੀਮਾਂ ਵੱਲੋਂ ਸਖਤ ਨਿਗਰਾਨੀ ਕੀਤੀ ਜਾ ਰਹੀ ਹੈ। ਟੀਮਾਂ ਦੀ ਯੂਟਿਊਬ, ਇੰਸਟਾਗ੍ਰਾਮ, ਫੇਸਬੁੱਕ ਤੇ ਵਾਟਸਐਪ ਗਰੁੱਪ ਆਦਿ ਸੋਸ਼ਲ ਮੀਡੀਆ 'ਤੇ ਵੀ ਪੈਨੀ ਨਜਰ ਹੈ। ਉਨ੍ਹਾਂ ਨੇ ਦਸਿਆ ਕਿ ਚੋਣ ਦੌਰਾਨ ਅਖਬਾਰ, ਟੈਲੀਵਿਜਨ ਤੇ ਰੇਡਿਓ ਦੀ ਤਰ੍ਹਾਂ ਸੋਸ਼ਲ ਮੀਡੀਆ 'ਤੇ ਵੀ ਚੋਣ ਦੌਰਾਨ ਪ੍ਰਚਾਰ ਕੀਤਾ ਜਾਂਦਾ ਹੈ , ਜਿਸ 'ਤੇ ਰਕਮ ਖਰਚ ਹੁੰਦੀ ਹੈ। ਇਹ ਖਰਚ ਸੰਬੰਧਿਤ ਉਮੀਦਵਾਰ ਜਾਂ ਪਾਰਟੀ ਦੇ ਖਾਤੇ ਵਿਚ ਜੋੜਿਆ ਜਾਂਦਾ ਹੈ। ਉਨ੍ਹਾਂ ਨੇ ਦਸਿਆ ਕਿ ਚੋਣ ਕਮਿਸ਼ਨ ਦੇ ਨਿਰਦੇਸ਼ਾਂ 'ਤੇ ਜ਼ਿਲ੍ਹਾ ਵਿਚ ਗਠਨ ਟੀਮ ਇਸ ਵਾਰ ਚੋਣ ਦੌਰਾਨ ਸੋਸ਼ਲ ਮੀਡੀਆ 'ਤੇ ਵੀ ਨਜ਼ਰ ਰੱਖਣਗੇ ਅਤੇ ਕਿਸੇ ਵੀ ਤਰ੍ਹਾਂ ਦਾ ਇਸ਼ਤਿਹਾਰ ਮਿਲਣ 'ਤੇ ਉਸ ਦੀ ਰਿਪੋਰਟ ਖਰਚ ਦੇ ਬਿਊਰੋ ਸਮੇਤ ਖਰਚ ਨਿਗਰਾਨੀ ਟੀਮ ਨੂੰ ਦੇਣਗੇ। ਰਿਪੋਰਟ ਦੇ ਆਧਾਰ 'ਤੇ ਸਬੰਧਿਤ ਉਮੀਦਵਾਰ ਜਾਂ ਪਾਰਟੀ ਖਾਤੇ ਵਿਚ ਉਸ ਇਸ਼ਤਿਹਾਰ ਦਾ ਖਰਚਾ ਜੋੜ ਦਿੱਤਾ ਜਾਵੇਗਾ। ਉਨ੍ਹਾਂ ਨੇ ਦਸਿਆ ਕਿ ਚੋਣ ਦੌਰਾਨ ਸੋਸ਼ਲ ਮੀਡੀਆ ਦੀ ਨਿਗਰਾਨੀ ਵੀ ਬਹੁਤ ਜਰੂਰੀ ਹੈ। ਸੋਸ਼ਲ ਮੀਡੀਆ 'ਤੇ ਵੀ ਕਈ ਵਾਰ ਚੋਣ ਦੌਰਾਨ ਯੂ-ਟਿਊਬ ਵੀਡੀਓ ਪਲੇਟਫਾਰਮ ਆਦਿ 'ਤੇ ਉਮੀਦਵਾਰ ਤੇ ਪਾਰਟੀ ਚੋਣ ਦਾ ਪ੍ਰਚਾਰ ਕਰਦੇ ਹਨ। ਨਿਗਰਾਨੀ ਟੀਮ ਨੂੰ ਜੇਕਰ ਅਜਿਹੇ ਵੀਡੀਓ ਮਿਲਦੇ ਹਨ ਜੋ ਆਪਣੀ ਖਬਰਾਂ ਨਾਲ ਕਿਸੇ ਉਮੀਦਵਾਰ ਜਾਂ ਰਾਜਨੀਤਿਕ ਪਾਰਟੀ ਦਾ ਇਕਤਰਫਾ ਜਿੱਤ ਦਾ ਦਾਵਾ ਜਾਂ ਸਮਰਥਨ ਕਰਦੇ ਹੋਣ ਜਾਂ ਜਾਤੀ, ਧਰਮ ਵਿਸ਼ੇਸ਼ ਦੇ ਪੱਖ ਵਿਚ ਜਾਂ ਕੋਈ ਗੁਮਰਾਹ ਸਮੱਗਰੀ ਦਰਸ਼ਾਉਂਦੇ ਹੋਣ, ਚੋਣ ਜਾਬਤਾ ਦਾ ਉਲੰਘਣ ਕਰਦੇ ਹੋਣ ਤਾਂ ਉਸ ਸਥਿਤੀ ਵਿਚ ਸਬੰਧਿਤ ਯੂ-ਟਿਊਬ ਚੈਨਲ ਚਲਾਉਣ ਵਾਲੇ ਦੇ ਖਿਲਾਫ ਆਈਟੀ ਐਕਟ ਤਹਿਤ ਕਾਰਵਾਈ ਕੀਤੀ ਜਾਵੇਗੀ। ਮੁੱਖ ਚੋਣ ਅਧਿਕਾਰੀ ਨੇ ਦਸਿਆ ਕਿ ਚੋਣ ਜਾਬਤਾ ਇਕ ਸਮਾਨ ਰੂਪ ਨਾਲ ਸਾਰਿਆਂ 'ਤੇ ਲਾਗੂ ਹੁੰਦੀ ਹੈ, ਜਿਸ ਵਿਚ ਅਖਬਾਰਾਂ, ਟੈਲੀਵਿਜਨ, ਰੇਡਿਓ ਅਤੇ ਸੋਸ਼ਲ ਮੀਡੀਆ ਵੀ ਸ਼ਾਮਿਲ ਹਨ। ਕਮਿਸ਼ਨ ਦੇ ਨਿਰਦੇਸ਼ਾਂ ਅਨੁਸਾਰ ਮੀਡੀਆ ਦੇ ਸਾਰੇ ਸਰੋਤਾਂ ਵਿਚ ਚੋਣ ਵਿਚ ਇਕ ਸਮਾਨਤਾ ਹੋਣੀ ਚਾਹੀਦੀ ਹੈ। ਮੀਡੀਆ ਵਿਚ ਪ੍ਰਕਾਸ਼ਿਤ ਜਾਂ ਪ੍ਰਸਾਰਿਤ ਹੋਣ ਵਾਲੀ ਖਬਰ ਕਿਸੇ ਇਕ ਪੱਖ ਵਿਚ ਨਾ ਹੋ ਕੇ ਸਿਰਫ ਖਬਰ ਹੀ ਹੋਣੀ ਚਾਹੀਦੀ ਹੈ। ਕਿਸੇ ਇਕ ਪੱਖ ਵਿਚ ਖਬਰ ਛਾਪਣ ਜਾਂ ਚਲਾਉਣ ਤੋਂ ਪਰਹੇਜ ਕੀਤਾ ਜਾਵੇ, ਜੋ ਕਿਸੇ ਧਰਮ, ਜਾਤੀ ਜਾਂ ਕੰਮਿਊਨਿਟੀ ਦੇ ਪੱਖ ਅਤੇ ਵਿਰੋਧ ਵਿਚ ਹੋਣ। ਉਨ੍ਹਾਂ ਨੇ ਦਸਿਆ ਕਿ ਅਖਬਾਰ ਜਾਂ ਚੈਨਲ 'ਤੇ ਕੋਈ ਵੀ ਇਸ਼ਤਿਹਾਰ ਪ੍ਰਕਾਸ਼ਿਤ ਕਰਵਾਉਣ ਤੋਂ ਪਹਿਲਾਂ ਐਮਸੀਐਮਸੀ ਕਮੇਟੀ ਰਾਹੀਂ ਮੰਜੂਰੀ ਲੈਣੀ ਜਰੂਰੀ ਹੈ ਉਸੀ ਤਰ੍ਹਾਂ ਨਾਲ ਸੋਸ਼ਲ ਮੀਡੀਆ 'ਤੇ ਦਿੱਤੇ ਜਾਣ ਵਾਲੇ ਇਸ਼ਤਿਹਾਰ ਜਾਂ ਹੋਰ ਪ੍ਰਸਾਰ ਸਮੱਗਰੀ ਪਾਉਣ ਲਈ ਵੀ ਪ੍ਰਸ਼ਾਸਨ ਦੀ ਮੰਜੂਰੀ ਜਰੂਰੀ ਹੈ। ਚੋਣ ਕਮਿਸ਼ਨ ਦੇ ਨਿਰਦੇਸ਼ਾਂ ਅਨੁਸਾਰ ਕਿਸੇ ਵੀ ਰੂਪ ਵਿਚ ਇਸ਼ਤਿਹਾਰ ਦਾ ਖਰਚ ਸਬੰਧਿਤ ਉਮੀਦਵਾਰ ਜਾਂ ਪਾਰਟੀ ਦੇ ਖਾਤੇ ਵਿਚ ਜਾਂਦਾ ਹੈ। ਇਸ ਦੇ ਨਾਲ ਹੀ ਕਿਸੇ ਵੀ ਵਿਅਕਤੀ ਨੂੰ ਸੋਸ਼ਲ ਮੀਡੀਆ ਰਾਹੀਂ ਗੁਮਰਾਹ ਪ੍ਰਚਾਰ-ਪ੍ਰਸਾਰ ਕਰਨ ਤੇ ਚੋਣ ਜਾਬਤਾ ਦਾ ਉਲੰਘਣ ਕਰਨ ਦੀ ਇਜਾਜਤ ਨਹੀਂ ਹੈ। ਮੀਡੀਆ ਲੋਕਤੰਤਰ ਦਾ ਚੌਥਾ ਥੰਮ੍ਹ ਹੈ।

ਚੋਣ ਨੂੰ ਨਰਪੱਖ ਅਤੇ ਸ਼ਾਂਤੀਪੂਰਣ ਢੰਗ ਨਾਲ ਕਰਵਾਉਣ ਵਿਚ ਮੀਡੀਆ ਦੀ ਅਹਿਮ ਭੂਮਿਕਾ ਹੁੰਦੀ ਹੈ। ਮੀਡੀਆ ਦੀ ਜਿੰਮੇਵਾਰੀ ਸਿਰਫ ਖਬਰ ਦੇਣਾ ਹੀ ਨਹੀਂ ਹੈ ਸਗੋਂ ਸਮਾਜ ਵਿਚ ਸਹੀ ਮਾਹੌਲ ਨੂੰ ਬਣਾਏ ਰੱਖਣ ਵਿਚ ਆਪਣੀ ਭੂਮਿਕਾ ਅਦਾ ਕਰਨਾ ਵੀ ਹੈ।

ਸਮਾਜ ਵਿਚ ਮੀਡੀਆ ਦੀ ਹਮੇਸ਼ਾ ਸਕਾਰਾਤਮਕ ਭੂਮਿਕਾ ਰਹੀ ਹੈ। ਲੋਕ ਸਭਾ ਚੋਣ ਨੂੰ ਪਾਰਦਰਸ਼ੀ ਢੰਗ ਨਾਲ ਸਪੰਨ ਕਰਨ ਵਿਚ ਵੀ ਅਖਬਾਰਾਂ, ਨਿਊਜ਼ ਚੈਨਲ ਸਮੇਤ ਹੋਰ ਸਾਰੇ ਸੋਸ਼ਲ ਮੀਡੀਆ ਨਾਲ ਜੁੜੇ ਲੋਕਾਂ ਨੂੰ ਅਪੀਲ ਹੈ ਕਿ ਉਹ ਅਜਿਹੀ ਕੋਈ ਗੁਮਰਾਹ ਪ੍ਰਚਾਰ ਸਮੱਗਰੀ ਨਾ ਚਲਾਉਣ, ਜਿਸ ਨਾਲ ਚੋਣ ਜਾਬਤਾ ਦਾ ਉਲੰਘਣ ਹੋਵੇ। ਇਸ ਦੇ ਨਾਲ ਹੀ ਕਿਸੇ ਵੀ ਤਰ੍ਹਾ ਦਾ ਇਸ਼ਤਿਹਾਰ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਪ੍ਰਸਾਸ਼ਨਿਕ ਮੰਜੂਰੀ ਜਰੂਰ ਲੈਣ। ਇਸ਼ਤਿਹਾਰ ਦਾ ਖਰਚ ਉਮੀਦਵਾਰ ਜੇ ਚੋਣਾਵੀਂ ਖਰਚ ਵਿਚ ਜੋੜਿਆ ਜਾਵੇਗਾ।

# ਪੰਜਾਬ ਰਾਜ ਫੂਡ ਕਮਿਸ਼ਨ ਮੈਂਬਰ ਵੱਲੋਂ ਮਿਡ ਡੇ ਮੀਲ ਦੀ ਸਮੀਖਿਆ



**ਫਗਵਾੜਾ ( ਡਾ ਰਮਨ)** ਪੰਜਾਬ ਰਾਜ ਫੂਡ ਕਮਿਸ਼ਨ ਦੇ ਮੈਂਬਰ ਵਿਜੇ ਦੱਤ ਨੇ ਨੇੜਲੇ ਪਿੰਡ ਚਾਚੋਕੀ ਅਤੇ ਟਿੱਬੀ ਦੇ ਵੱਖ-ਵੱਖ ਸਰਕਾਰੀ ਸਕੂਲਾਂ, ਆਂਗਣਵਾੜੀ ਅਤੇ ਰਾਸ਼ਣ ਡਿਪੂਆਂ ਦੀ ਅਚਾਨਕ ਚੈਕਿੰਗ ਕਰਦਿਆਂ ਮਿਡ-ਡੇ ਮੀਲ ਸਕੀਮ ਦੀ ਸਮੀਖਿਆ ਕੀਤੀ 'ਤੇ ਸਕੂਲਾਂ ਵਿਚ ਮਿਡ-ਡੇ-ਮੀਲ ਫੂਡ ਟੈਸਟ ਰਜਿਸਟਰ ਮੇਨਟੇਨ ਰੱਖਣ ਅਤੇ ਬੱਚਿਆਂ ਨੂੰ ਮਿਆਰੀ ਭੋਜਨ ਦਿੱਤੇ ਜਾਣ ਅਤੇ ਭੋਜਨ ਬਨਾਉਂਦੇ ਸਮੇਂ ਪੂਰੀ ਸਾਫ-ਸਫਾਈ ਦਾ ਧਿਆਨ ਰੱਖਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਮਿਡ ਡੇ ਮੀਲ ਸਬੰਧੀ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਖੁਦ ਖਾਣਾ ਵੀ ਖਾਧਾ। ਉਨ੍ਹਾਂ ਨੇ ਸਕੂਲਾਂ ਵਿਚ ਪੀਣ ਵਾਲੇ ਪਾਣੀ ਦਾ ਟੀ.ਡੀ.ਐਸ. ਵੀ ਚੈੱਕ ਕੀਤਾ ਉਨ੍ਹਾਂ ਕਿਹਾ ਕਿ ਜਿੱਥੇ ਆਰ.ਓ ਮਸ਼ੀਨ ਨਹੀਂ ਹੈ ਓਥੇ ਪੀਣ ਵਾਲੇ ਪਾਣੀ ਦਾ ਟੀ.ਡੀ.ਐਸ. ਅਤੇ ਪਾਣੀ ਦੀ ਗੁਣਵੱਤਾ ਨੂੰ ਸਮੇਂ-ਸਮੇਂ 'ਤੇ ਚੈੱਕ ਕਰਵਾਇਆ ਜਾਵੇ। ਕਮਿਸ਼ਨ ਦੇ ਮੈਂਬਰ ਨੇ ਸਕੂਲਾਂ ਵਿਚ ਕਮਿਸ਼ਨ ਦੇ ਹੈੱਲਪਲਾਈਨ ਨੰਬਰ ਲਾਉਣ ਦੇ ਵੀ ਨਿਰਦੇਸ਼ ਦਿੱਤੇ ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਲਾਭਪਾਤਰੀ ਨੂੰ ਨੈਸ਼ਨਲ ਫੂਡ ਸਕਿਓਰਿਟੀ ਐਕਟ ਸਬੰਧੀ ਕੋਈ ਸ਼ਿਕਾਇਤ ਹੈ ਤਾਂ ਉਹ ਕਮਿਸ਼ਨ ਦੇ ਹੈੱਲਪਲਾਈਨ ਨੰਬਰ 98767-64545 'ਤੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਦਾ ਹੈ। ਉਨ੍ਹਾਂ ਨੇ ਸਕੂਲਾਂ ਵਿਚ ਹਰ ਛੇ ਮਹੀਨੇ ਬਾਅਦ ਵਿਦਿਆਰਥੀਆਂ ਦਾ ਹੈੱਲਥ ਚੈੱਕਅਪ ਅਤੇ ਮਿਡ ਡੇ ਮੀਲ ਵਰਕਰਾਂ ਦਾ ਮੈਡੀਕਲ ਚੈੱਕਅਪ ਕਰਵਾਉਣ ਦੇ ਵੀ ਨਿਰਦੇਸ਼ ਦਿੱਤੇ।

# ਜ਼ਿਲ੍ਹਾ ਹਸਪਤਾਲ ਵਿਚਲਾ ਜੂਸ-ਕਮ-ਸਨੈਕਸ ਬਾਰ ਫ਼ਿਲਹਾਲ ਬੰਦ ਕਰਵਾਇਆ

**ਮੋਹਾਲੀ, ( ਗੁਰਜੀਤ ਬਿੱਲਾ) :** ਮੀਡੀਆ ਵਿਚ ਆਈ ਖ਼ਬਰ ਦਾ ਗੰਭੀਰ ਨੋਟਿਸ ਲੈਂਦਿਆਂ ਜ਼ਿਲ੍ਹਾ ਹਸਪਤਾਲ ਪ੍ਰਸ਼ਾਸਨ ਨੇ ਕੰਪਲੈਕਸ ਵਿਚ ਚੱਲ ਰਹੇ ਜੂਸ-ਕਮ-ਸਨੈਕਸ ਬਾਰ ਨੂੰ ਹਾਲ ਦੀ ਘੜੀ ਬੰਦ ਕਰਵਾ ਦਿਤਾ ਹੈ। ਜ਼ਿਕਰਯੋਗ ਹੈ ਕਿ ਕਲ ਮੀਡੀਆ ਵਿਚ ਖ਼ਬਰ ਆਈ ਸੀ ਕਿ ਸਬੰਧਤ ਦੁਕਾਨਦਾਰ ਗਾਹਕਾਂ ਕੋਲੋਂ ਵੱਧ ਤੋਂ ਵੱਧ ਪਰਚੂਨ ਕੀਮਤ (ਐਮ.ਆਰ.ਪੀ.) ਤੋਂ ਵੱਧ ਪੈਸੇ ਵਸੂਲ ਰਿਹਾ ਹੈ। ਸਿਵਲ ਸਰਜਨ ਡਾ. ਦਵਿੰਦਰ ਕੁਮਾਰ ਅਤੇ ਐਸ.ਐਮ.ਓ. ਡਾ. ਐਚ.ਐਸ. ਚੀਮਾ ਨੇ ਦਸਿਆ ਕਿ ਵੀਡੀਉ 'ਚ ਦੋਸ਼ ਲਗਾਏ ਗਏ ਸਨ ਕਿ ਸਬੰਧਤ ਦੁਕਾਨਦਾਰ ਜੂਸ, ਪਾਣੀ ਆਦਿ ਦੀ ਬੋਤਲ 'ਤੇ ਗਾਹਕਾਂ ਕੋਲੋਂ ਤੈਅ ਕੀਮਤ ਨਾਲੋਂ ਵੱਧ ਪੈਸੇ ਵਸੂਲ ਰਿਹਾ ਹੈ। ਇਸ ਤੋਂ ਬਾਅਦ ਹਸਪਤਾਲ ਪ੍ਰਸ਼ਾਸਨ ਵਲੋਂ ਆਪਣੇ ਤੌਰ 'ਤੇ ਕਰਵਾਈ ਗਈ ਮੁੱਢਲੀ ਪੜਤਾਲ ਮਗਰੋਂ ਇਹ ਕਾਰਵਾਈ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਇਹ ਦੁਕਾਨ ਪੰਜਾਬ ਐਗਰੋ ਜੂਸਜ਼ ਲਿਮਟਿਡ ਵਲੋਂ ਦੁਕਾਨਦਾਰ ਨਾਲ ਕੀਤੇ ਗਏ ਇਕਰਾਰਨਾਮੇ ਅਧੀਨ ਖੋਲ੍ਹੀ ਗਈ ਹੈ ਅਤੇ ਹਸਪਤਾਲ ਪ੍ਰਸ਼ਾਸਨ ਨੇ ਸਿਰਫ਼ ਜਗ੍ਹਾ ਉਪਲਭਧ ਕਰਵਾਈ ਹੋਈ ਹੈ। ਇਸ ਤੋਂ ਇਲਾਵਾ, ਹਸਪਤਾਲ ਪ੍ਰਸ਼ਾਸਨ ਵਲੋਂ ਪੰਜਾਬ ਐਗਰੋ ਜੂਸਜ਼ ਲਿਮਟਿਡ ਨੂੰ ਵੀ ਸੂਚਨਾ ਦਿੰਦੇ ਹੋਏ ਅਪਣੇ ਤੌਰ 'ਤੇ ਪੜਤਾਲ ਕਰਨ ਲਈ ਕਿਹਾ ਗਿਆ ਹੈ, ਜਿਸ ਤੋਂ ਬਾਅਦ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

# ਅਧਾਰ ਕਾਰਡ ਸਬੰਧੀ ਲਗਾਇਆ ਕੈਂਪ

**ਫਗਵਾੜਾ ( ਡਾ. ਰਮਨ)** ਮੁਹੱਲਾ ਡਿਵੈਲਪਮੈਂਟ ਕਮੇਟੀ ਭਗਤਪੁਰਾ ਭਾਣੋਕੀ ਰੋਡ ਫਗਵਾੜਾ ਦੇ ਪ੍ਰਧਾਨ ਅਤੇ ਉੱਘੇ ਸਮਾਜ ਸੇਵੀ ਡਾ. ਰਮਨ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਕੈਂਪ ਅਧਾਰ ਕਾਰਡ ਬਣਾਉਣ ਸਬੰਧੀ ਜੈ ਕਿਸਾਨ ਇੰਡਸਟਰੀ ਗਲੀ ਨੰਬਰ 1 ਭਗਤਪੁਰਾ ਫਗਵਾੜਾ ਵਿਖੇ ਲਗਾਇਆ ਗਿਆ। ਸਮਾਜ ਸੇਵੀ ਡਾ. ਰਮਨ ਸ਼ਰਮਾ ਨੇ ਦੱਸਿਆ ਕਿ ਇਸ ਅਧਾਰ ਕਾਰਡ ਕੈਂਪ ਦੌਰਾਨ ਦੀਪਕ ਵਲੋਂ ਬਜ਼ੁਰਗਾਂ, ਨੌਜਵਾਨਾਂ ਅਤੇ ਬੱਚਿਆਂ ਵਲੋਂ ਅਧਾਰ ਕਾਰਡ 'ਚ ਸੋਧ, ਜਿਵੇਂ ਪਤਾ ਠੀਕ ਕਰਵਾਉਣਾ, ਜਨਮ ਮਿਤੀ ਠੀਕ ਕਰਵਾਉਣੀ, ਫੋਟੋ ਬਦਲਣੀ ਹੋਵੇ ਜਾਂ ਫਿਰ ਅਧਾਰ ਕਾਰਡ ਅਪਡੇਟ ਕਰਵਾਉਣਾ ਹੋਵੇ ਆਦਿ ਤਹਿਤ 37 ਲੋਕਾਂ ਦੇ ਅਧਾਰ ਕਾਰਡ ਸਬੰਧੀ ਵੱਖ ਵੱਖ ਤਰ੍ਹਾਂ ਦੇ ਕੰਮ ਕੀਤੇ ਗਏ। ਇਸ ਮੌਕੇ ਗੁਰਦਿਆਲ ਸਿੰਘ ਨੰਨੜਾ , ਜਸਵਿੰਦਰ ਪਾਲ ਨੀਲਾ , ਨੀਲਮ , ਆਸਾ ਰਾਣੀ, ਨੀਰਜ , ਪ੍ਰਕਾਸ਼ , ਹਰਦਿਆਲ ਸਿੰਘ ਹੈਪੀ , ਕੁਲਦੀਪ ਸਿੰਘ , ਰਣਜੀਤ ਸਿੰਘ , ਸਰਵਣ ਸਿੰਘ , ਕਰਨਦੀਪ ਸਿੰਘ , ਦੀਪਾ ਆਦਿ ਮੌਜੂਦ ਸਨ।

# ਹਿੱਟ ਐਂਡ ਰਨ ਨਿਗਰਾਨ ਕਮੇਟੀ ਦੀ ਮੀਟਿੰਗ ਹੋਈ



**ਜਲੰਧਰ, (ਰਾਜੇਸ਼ ਥਾਪਾ, ਸ਼ੈਲੀ ਐਲਬਰਟ)—** ਮਾਣਯੋਗ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਹਿੱਟ ਐਂਡ ਰਨ ਮੋਟਰ ਐਕਸੀਡੈਂਟ ਸਕੀਮ ਦੇ ਪੀੜਤਾਂ ਨੂੰ ਮੁਆਵਜ਼ਾ ਦੇਣ ਸਬੰਧੀ ਨਿਗਰਾਨੀ ਕਮੇਟੀ ਦੀ ਮੀਟਿੰਗ ਸਥਾਨਕ ਏ.ਡੀ.ਆਰ ਸੈਂਟਰ ਵਿਖੇ ਹੋਈ।ਮੀਟਿੰਗ ਵਿੱਚ ਸਕੱਤਰ ਡੀ.ਐਲ.ਐਸ.ਏ. ਜਲੰਧਰ ਬਲਜਿੰਦਰ ਸਿੰਘ ਮਾਨ ਕਨਵੀਨਰ ਅਤੇ ਐਸ.ਡੀ.ਐਮ.-1-ਕਮ-ਕਲੇਮ ਇਨਕੁਆਰੀ ਅਫ਼ਸਰ ਜੈ ਇੰਦਰ ਸਿੰਘ ਅਤੇ ਏ.ਸੀ.ਪੀ. ਟ੍ਰੈਫਿਕ ਜਲੰਧਰ ਸਤਿੰਦਰ ਕੁਮਾਰ ਚੱਢਾ ਮੈਂਬਰ ਵਜੋਂ ਮੌਜੂਦ ਸਨ।ਮਾਨ ਨੇ ਦੱਸਿਆ ਕਿ ਇਹ ਕਮੇਟੀ ਮਾਣਯੋਗ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਗਠਿਤ ਕੀਤੀ ਗਈ ਹੈ।ਫੈਸਲੇ ਦੇ ਹੁਕਮ ਦੇ ਅਨੁਸਾਰ, ਜੇਕਰ ਅਧਿਕਾਰ ਖੇਤਰ ਦੇ ਪੁਲਸ ਸਟੇਸ਼ਨ ਵੱਲੋਂ ਹਾਦਸੇ ਸੰਬੰਧੀ ਰਿਪੋਰਟ ਦਰਜ ਕਰਨ ਦੇ ਸਮੇਂ ਹਾਦਸੇ ਵਿੱਚ ਸ਼ਾਮਲ ਵਾਹਨ ਦੇ ਵੇਰਵੇ ਉਪਲਬਧ ਨਹੀਂ ਹਨ ਅਤੇ ਜੇਕਰ ਉਚਿਤ ਕੋਸ਼ਿਸ਼ਾਂ ਕਰਨ ਤੋਂ ਬਾਅਦ ਦੁਰਘਟਨਾ ਵਿੱਚ ਸ਼ਾਮਲ ਵਾਹਨ ਦੇ ਵੇਰਵਿਆਂ ਦਾ ਪੁਲਸ ਦੁਰਘਟਨਾ ਰਿਪੋਰਟ ਦਰਜ ਹੋਣ ਦੀ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ ਪਤਾ ਨਹੀਂ ਲਗਾ ਸਕੀ ਤਾਂ ਪੁਲਸ ਸਟੇਸ਼ਨ ਇੰਚਾਰਜ ਜ਼ਖਮੀਆਂ ਜਾਂ ਮ੍ਰਿਤਕ ਦੇ ਕਾਨੂੰਨੀ ਨੁਮਾਇੰਦਿਆਂ ਨੂੰ ਲਿਖਤੀ ਰੂਪ ਵਿੱਚ ਸੂਚਿਤ ਕਰੇਗਾ ਕਿ ਹਿੱਟ ਐਂਡ ਰਨ ਮੋਟਰ ਦੁਰਘਟਨਾ ਸਕੀਮ ਤਹਿਤ ਮੁਆਵਜ਼ੇ ਦਾ ਦਾਅਵਾ ਕੀਤਾ ਜਾ ਸਕਦਾ ਹੈ।ਪੁਲਸ ਸਟੇਸ਼ਨ ਦਾ ਇੰਚਾਰਜ ਅਧਿਕਾਰੀ ਸਕੀਮ ਦੀ ਧਾਰਾ 21 ਦੀ ਉਪ-ਧਾਰਾ (1) ਵਿੱਚ ਦਿੱਤੇ ਅਨੁਸਾਰ ਦੁਰਘਟਨਾ ਦੀ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ ਸੱਟ ਦੇ ਮਾਮਲੇ ਵਿੱਚ ਪੀੜਤਾਂ ਦੇ ਨਾਂਅ ਅਤੇ ਮ੍ਰਿਤਕ ਦੇ ਕਾਨੂੰਨੀ ਨੁਮਾਇੰਦਿਆਂ ਦੇ ਨਾਂਅ ਦੇ ਨਾਲ ਐਫ.ਏ.ਆਰ. ਕਲੇਮ ਜਾਂਚ ਅਧਿਕਾਰੀ ਨੂੰ ਭੇਜੇਗਾ ।

ਕਲੇਮ ਇਨਕੁਆਰੀ ਅਫ਼ਸਰ ਦੁਆਰਾ ਐਫ.ਏ.ਆਰ ਅਤੇ ਹੋਰ ਵੇਰਵਿਆਂ ਦੀ ਪ੍ਰਾਪਤੀ ਤੋਂ ਬਾਅਦ ਜੇਕਰ ਦਾਅਵੇ ਦੀ ਅਰਜ਼ੀ ਇੱਕ ਮਹੀਨੇ ਦੇ ਅੰਦਰ ਪ੍ਰਾਪਤ ਨਹੀਂ ਹੁੰਦੀ ਹੈ ਤਾਂ ਕਲੇਮ ਇਨਕੁਆਰੀ ਅਫ਼ਸਰ ਵੱਲੋਂ ਸਬੰਧਤ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੂੰ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ, ਜਿਸ ਵਿੱਚ ਅਥਾਰਟੀ ਨੂੰ ਬੇਨਤੀ ਕੀਤੀ ਜਾਵੇਗੀ ਕਿ ਦਾਅਵੇਦਾਰਾਂ ਨਾਲ ਸੰਪਰਕ ਕੀਤਾ ਜਾਵੇ ਅਤੇ ਕਲੇਮ ਦਾਇਰ ਕਰਨ ਵਿੱਚ ਉਨ੍ਹਾਂ ਦੀ ਸਹਾਇਤਾ ਕੀਤੀ ਜਾਵੇ। ਕਲੇਮਜ਼ ਇਨਕੁਆਰੀ ਅਫ਼ਸਰ ਹਿੱਟ ਐਂਡ ਰਨ ਮੋਟਰ ਦੁਰਘਟਨਾ ਸਕੀਮ 2022 ਦੇ ਪੀੜਤਾਂ ਨੂੰ ਮੁਆਵਜ਼ੇ ਤਹਿਤ ਅਰਜ਼ੀ ਦੀ ਪ੍ਰਾਪਤੀ ਦੀ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ ਆਪਣੀ ਸਿਫ਼ਾਰਸ਼ ਦੇ ਨਾਲ ਕਲੇਮ ਸੈਟਲਮੈਂਟ ਕਮਿਸ਼ਨਰ ਨੂੰ ਦਾਅਵਾ ਪੇਸ਼ ਕਰੇਗਾ।ਕਲੇਮਜ਼ ਸੈਟਲਮੈਂਟ ਕਮਿਸ਼ਨਰ ਕਲੇਮ ਇਨਕੁਆਰੀ ਅਫ਼ਸਰ ਦੀ ਰਿਪੋਰਟ ਪ੍ਰਾਪਤ ਹੋਣ ਤੋਂ ਪੰਦਰਾਂ ਦਿਨਾਂ ਦੇ ਅੰਦਰ ਕਲੇਮ ਨੂੰ ਪ੍ਰਵਾਨਗੀ ਦੇਵੇਗਾ।

ਯੋਜਨਾ ਦੇ ਅਮਲ ਦੀ ਨਿਗਰਾਨੀ ਲਈ ਨਿਗਰਾਨ ਕਮੇਟੀ ਹਰ ਦੋ ਮਹੀਨਿਆਂ ਵਿੱਚ ਘੱਟੋ-ਘੱਟ ਇੱਕ ਵਾਰ ਮੀਟਿੰਗ ਕਰੇਗੀ।

# 'ਵਰਸਿਟੀ ਵਿਖੇ ਵਿਦਿਆਰਥੀਆਂ ਨੂੰ ਵੋਟਾਂ ਦੇ ਮਹੱਤਵ ਸੰਬੰਧੀ ਦੱਸਿਆ




**ਆਦਮਪੁਰ (ਪਰਮਜੀਤ ਸਿੰਘ)-** ਜਿਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਜਲੰਧਰ ਦੀ ਅਗਵਾਈ 'ਚ ਸਵੀਪ ਟੀਮ ਜਲੰਧਰ ਵੱਲੋਂ ਵੱਖ ਵੱਖ ਵਿਧਾਨ ਸਭਾਵਾਂ 'ਚ ਵੋਟਰਾਂ ਨੂੰ ਜਾਗਰੂਕ ਕਰਨ ਲਈ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਹਨ। ਇਸੇ ਲੜੀ 'ਚ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਖਿਆਲਾ ਵਿਖੇ ਵੋਟਰ ਰਜਿਸਟ੍ਰੇਸ਼ਨ ਕੈਂਪ ਤੇ ਚੇਤਨਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾਕਟਰ ਧਰਮਜੀਤ ਸਿੰਘ ਪਰਮਾਰ, ਸਵੀਪ ਜਿਲ੍ਹਾ ਇੰਚਾਰਜ ਡਾਕਟਰ ਸੁਰਜੀਤ ਲਾਲ, ਸਹਾਇਕ ਜਿਲ੍ਹਾ ਇੰਚਾਰਜ ਡਾ. ਅਸ਼ੋਕ ਸਹੋਤਾ, ਨੋਡਲ ਅਫਸਰ ਰਵਿੰਦਰਪਾਲ ਸਿੰਘ ਬੈਂਸ, ਨੋਡਲ ਅਫਸਰ ਲੈਕਚਰਾਰ ਗੁਰਿੰਦਰ ਸਿੰਘ, ਇੰਚਾਰਜ ਲੈਕਚਰਾਰ ਬ੍ਰਿਜ ਲਾਲ, ਅਸਿਸਟੈਂਟ ਨੋਡਲ ਅਫਸਰ ਕਮਲਜੀਤ ਕੜਿਆਨਾ ਵੱਲੋਂ ਸਵੀਪ ਗਤੀਵਿਧੀਆਂ ਦਾ ਸੰਚਾਲਨ ਕੀਤਾ ਗਿਆ ਤੇ ਸਾਰੇ ਵਿਦਿਆਰਥੀਆਂ ਨੂੰ ਵੋਟਾਂ ਬਣਾਉਣ ਤੇ ਵੋਟਾਂ ਪਾਉਣ ਲਈ ਪ੍ਰੇਰਿਤ ਕੀਤਾ ਗਿਆ। ਸੁਪਰਵਾਈਜਰ ਅਧਿਕਾਰੀਆਂ ਦੀ ਅਗਵਾਈ 'ਚ ਮੌਕੇ ਵੋਟਰ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਕੀਤੀ ਗਈ।

# 4500 ਰੁਪਏ ਰਿਸ਼ਵਤ ਲੈਂਦਾ ਸਹਾਇਕ ਸਬ ਇੰਸਪੈਕਟਰ ਕਾਬੂ

**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ 'ਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਬੁੱਧਵਾਰ ਨੂੰ ਪੁਲਸ ਥਾਣਾ ਬਸਤੀ ਜੋਧੇਵਾਲ, ਕਮਿਸ਼ਨਰੇਟ ਲੁਧਿਆਣਾ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ ਐਸ ਆਈ) ਗੁਰਪ੍ਰੀਤ ਸਿੰਘ ਨੂੰ 4,500 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਰੰਗੇ ਹੱਥੀਂ ਕਾਬੂ ਕੀਤਾ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਾਜਮ ਨੂੰ ਵਿਜੈ ਕੁਮਾਰ ਵਾਸੀ ਕਾਕੋਵਾਲ ਰੋਡ, ਲੁਧਿਆਣਾ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਉਸ ਵੱਲੋਂ ਥਾਣੇ 'ਚ ਦਰਜ ਕਰਵਾਏ ਪੁਲਸ ਕੇਸ ਸੰਬੰਧੀ ਅਦਾਲਤ 'ਚ ਚਲਾਨ ਪੇਸ਼ ਕਰਨ ਬਦਲੇ ਉਕਤ ਏ ਐਸ ਆਈ ਨੇ 4500 ਰੁਪਏ ਹੋਰ ਰਿਸ਼ਵਤ ਦੀ ਮੰਗ ਕੀਤੀ ਹੈ।

ਬੁਲਾਰੇ ਨੇਦੱਸਿਆ ਕਿ ਉਕਤ ਮੁਲਜਮ ਪਹਿਲਾਂ ਵੀ ਕਿਸ਼ਤਾਂ ਦੇ ਰੂਪ 'ਚ ਉਸ ਕੋਲੋਂ 20,500 ਰੁਪਏ ਰਿਸ਼ਵਤ ਲੈ ਚੁੱਕਾ ਹੈ ਅਤੇ ਬਾਕੀ 4500 ਰੁਪਏ ਦੀ ਹੋਰ ਮੰਗ ਕਰ ਰਿਹਾ ਹੈ। ਬੁਲਾਰੇ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਉਕਤ ਪੁਲਸ ਮੁਲਾਜਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ 'ਚ ਸ਼ਿਕਾਇਤਕਰਤਾ ਤੋਂ 4,500 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਬੁਲਾਰੇ ਨੇ ਦੱਸਿਆ ਕਿ ਇਸ ਸੰਬੰਧ 'ਚ ਵਿਜੀਲੈਂਸ ਬਿਊਰੋ ਦੇ ਥਾਣਾ ਲੁਧਿਆਣਾ ਰੇਂਜ 'ਚ ਪੁਲਸ ਅਧਿਕਾਰੀ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

# 7 ਸਕੂਲ ਬੱਸਾਂ ਦਾ ਕੱਟਿਆ ਚਲਾਨ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਜ਼ਿਲ੍ਹੇ ਵਿਚ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ ਅਤੇ ਪੰਜਾਬ ਰਾਜ ਬਾਲ ਅਧਿਕਾਰ ਸੰਭਾਲ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਟਾਸਕ ਫੋਰਸ ਵੱਲੋਂ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਦਿੱਲੀ ਇੰਟਰਨੈਸ਼ਨਲ ਸਕੂਲ, ਜੀ ਐਮ ਏ ਸਿਟੀ ਪਬਲਿਕ ਸਕੂਲ, ਅਕੈਡਮਿਕ ਹਾਈਟਸ ਪਬਲਿਕ ਸਕੂਲ ਅਤੇ ਸੇਂਟ ਜੋਸਫ ਕਾਨਵੈਂਟ ਸਕੂਲ ਰਾਜ ਕਲੋਨੀ ਕੈਂਪ ਵਿਚ 60 ਬੱਸਾਂ ਦੀ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਜਿਨ੍ਹਾਂ ਸਕੂਲ ਬੱਸਾਂ ਦੀ ਮਿਆਦ ਪੁੱਗ ਚੁੱਕੀ ਸੀ ਜਾਂ ਜਿਨ੍ਹਾਂ ਸਕੂਲ ਬੱਸਾਂ ਵਿਚ ਫਸਟ ਏਡ ਕਿੱਟਾਂ, ਅੱਗ ਬੁਝਾਉਣ ਵਾਲਾ ਯੰਤਰ, ਸੀ ਸੀ ਟੀ ਵੀ ਕੈਮਰਾ, ਬੱਸ 'ਚ ਬੈਠਣ ਦੀ ਵੱਧ ਸਮਰੱਥਾ ਵਰਗੀਆਂ ਕਮੀਆਂ ਪਾਈਆਂ ਗਈਆਂ, ਉਨ੍ਹਾਂ 7 ਸਕੂਲ ਬੱਸਾਂ ਦਾ ਚਲਾਨ ਕੱਟਿਆ ਗਿਆ। ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਹਰਪ੍ਰੀਤ ਕੌਰ, ਸਮਾਜ ਸੇਵਕ ਰਣਜੀਤ ਕੌਰ, ਟ੍ਰੈਫਿਕ ਇੰਚਾਰਜ ਦੀਪਕ ਕੁਮਾਰ ਅਤੇ ਸਮੂਹ ਟੀਮ ਵੱਲੋਂ ਵੱਖ-ਵੱਖ ਸਕੂਲਾਂ ਵਿਚ ਸੇਫ ਸਕੂਲ ਵਾਹਨ ਪਾਲਿਸੀ ਦੇ ਬਾਰੇ ਵਿਚ ਜਾਗਰੂਕਤਾ ਕੀਤੀ ਗਈ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਨੇ ਦੱਸਿਆ ਕਿ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਸਕੂਲ ਮੁਖੀਆਂ ਵੱਲੋਂ ਬੱਸਾਂ ਵਿਚ ਸਾਰੀਆਂ ਸ਼ਰਤਾਂ ਦੀ ਪਾਲਣਾ ਕਰਨਾ ਅਤਿ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਸੇਫ ਸਕੂਲ ਵਾਹਨ ਪਾਲਿਸੀ ਅਨੁਸਾਰ ਸ਼ਰਤਾਂ ਪੂਰੀਆਂ ਨਾ ਕਰਨ ਵਾਲੀਆਂ ਬੱਸਾਂ ਦੇ ਨਾਲ ਅਕਸਰ ਕੋਈ ਨਾ ਕੋਈ ਹਾਦਸਾ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਸ ਮੌਕੇ ਟਾਸਕ ਫੋਰਸ ਵੱਲੋਂ ਦੱਸਿਆ ਗਿਆ ਕਿ ਇਸ ਮੁਹਿੰਮ ਨੂੰ ਪੂਰੇ ਜ਼ਿਲ੍ਹੇ ਵਿਚ ਲਗਾਤਾਰ ਚਲਾਇਆ ਜਾਵੇਗਾ। ਟਾਸਕ ਫੋਰਸ ਵੱਲੋਂ ਸਾਰੇ ਸਕੂਲਾਂ ਨੂੰ ਹਦਾਇਤ ਕੀਤੀ ਗਈ ਕਿ ਸਾਰੇ ਡਰਾਈਵਰ ਅਤੇ ਅਟੈਂਡੈਂਟ ਆਪਣੀ ਯੂਨੀਫਾਰਮ ਜ਼ਰੂਰ ਪਾਉਣ, ਬੱਸਾਂ ਵਿਚ ਸਫਰ ਕਰਨ ਵਾਲੇ ਛੋਟੇ ਬੱਚਿਆਂ ਦਾ ਖਾਸ ਧਿਆਨ ਰੱਖਣ, ਉਨ੍ਹਾਂ ਦੇ ਬੱਸ 'ਤੇ ਚੜ੍ਹਨ ਅਤੇ ਉਤਰਦੇ ਸਮੇਂ ਸਹੀ ਤਰੀਕੇ ਨਾਲ ਰੋਡ ਕਰਾਸ ਕਰਵਾਉਣ ਅਤੇ ਜਿਨਾਂ ਸਕੂਲੀ ਬੱਸਾਂ ਵਿਚ ਕਮੀਆਂ ਪਾਈਆਂ ਗਈਆਂ ਹਨ, ਉਨ੍ਹਾਂ ਨੂੰ ਤੁਰੰਤ ਦੂਰ ਕੀਤਾ ਜਾਵੇ।

# ਵਿਦਿਆਰਥੀਆਂ ਲਈ ਆਨਲਾਈਨ ਸੈਮੀਨਾਰ ਕਰਵਾਇਆ



**ਹੁਸ਼ਿਆਰਪੁਰ,(ਬਲਵੀਰ ਸਿੰਘ ਸੈਣੀ)—** ਜ਼ਿਲ੍ਹਾ ਪ੍ਰਸ਼ਾਸਨ ਹੁਸ਼ਿਆਰਪੁਰ ਵੱਲੋਂ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀ ਅਗਵਾਈ ਹੇਠ ਚਲਾਈ ਜਾ ਰਹੀ ਡਿਜੀਟਲ ਲਾਇਬ੍ਰੇਰੀ ਵਿਖੇ ਵਿਦਿਆਰਥੀਆਂ ਦੀ ਸਹੂਲਤ ਅਤੇ ਉਨ੍ਹਾਂ ਦੇ ਮਾਰਗ ਦਰਸ਼ਨ ਲਈ ਕਰਵਾਏ ਜਾਂਦੇ ਸੈਮੀਨਾਰਾਂ ਦੀ ਲੜੀ ਤਹਿਤ ਯੂ.ਪੀ.ਐਸ.ਸੀ ਪ੍ਰੀਖਿਆ ਦੀ ਤਿਆਰੀ ਕਰਨ ਵਾਲੇ ਵਿਦਿਆਰਥੀਆਂ ਲਈ ਇਕ ਆਨਲਾਈਨ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿਚ ਵੱਖ-ਵੱਖ ਕਾਲਜਾਂ, ਜਿਵੇਂ ਕਿ ਸਰਕਾਰੀ ਕਾਲਜ ਹੁਸ਼ਿਆਰਪੁਰ, ਡੀ.ਏ.ਵੀ ਕਾਲਜ ਹੁਸ਼ਿਆਰਪੁਰ, ਐਸ.ਡੀ ਕਾਲਜ ਹੁਸ਼ਿਆਰਪੁਰ ਆਦਿ, ਦੇ 100 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਸਹਾਇਕ ਕਮਿਸ਼ਨਰ ਦਿਵਿਆ ਪੀ, ਆਈ. ਏ.ਐਸ. ਅਤੇ ਡੀ.ਡੀ.ਐਫ ਜੋਇਆ ਸਿੱਦੀਕੀ ਨੇ ਵਿਸ਼ੇਸ਼ ਤੌਰ 'ਤੇ ਸ਼ਿਕਰਤ ਕੀਤੀ ਅਤੇ ਵਿਦਿਆਰਥੀਆਂ ਨੂੰ ਇਸ ਪ੍ਰੀਖਿਆ ਦੀ ਤਿਆਰੀ ਲਈ ਪ੍ਰੇਰਿਤ ਕੀਤਾ। ਮੋਟੀਵੇਸ਼ਨਲ ਸਪੀਕਰ ਅਤੇ ਰਾਜਨੀਤੀ ਸ਼ਾਸਤਰ ਦੇ ਮਾਹਿਰ ਸ਼ੁਭਰਾ ਰੰਜਨ ਵੱਲੋਂ ਇਸ ਆਨਲਾਈਨ ਸੈਮੀਨਾਰ ਨੂੰ ਸੰਬੋਧਿਤ ਕੀਤਾ ਗਿਆ, ਜਿਸ ਵਿਚ ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਯੂ.ਪੀ.ਐਸ.ਈ. ਪ੍ਰੀਖਿਆ ਦੀ ਤਿਆਰੀ ਸਬੰਧੀ ਖਾਸ ਨੁਕਤੇ ਦੱਸੇ ਗਏ। ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ ਵਿਚ ਲੱਗਭਗ 600 ਦੇ ਕਰੀਬ ਵਿਦਿਆਰਥੀ ਇਸ ਲਾਈਬ੍ਰੇਰੀ ਦਾ ਭਰਪੂਰ ਲਾਭ ਲੈ ਰਹੇ ਹਨ। ਇਸ ਮੌਕੇ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਸੰਦੀਪ ਕੁਮਾਰ, ਕਾਊਂਸਲਰ ਅਦਿੱਤਿਆ ਰਾਣਾ, ਲਾਇਬ੍ਰੇਰੀਅਨ ਵਿਜੇ ਕੁਮਾਰ ਅਤੇ ਹੋਰ ਮੌਜੂਦ ਸਨ।

# ਜੀਵਨਸ਼ੈਲੀ 'ਚ ਬਦਲਾਅ ਕਰਕੇ ਫੈਟੀ ਲਿਵਰ ਦੀ ਬਿਮਾਰੀ ਨੂੰ ਰੋਕਿਆ ਜਾ ਸਕਦਾ ਹੈ : ਡਾ. ਬੇਹਰਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)** ਵਿਸ਼ਵ ਭਰ ਵਿੱਚ ਹਰ ਸਾਲ ਵਾਇਰਲ ਹੈਪੇਟਾਈਟਸ ਕਾਰਨ ਲਗਭਗ 1.3 ਮਿਲੀਅਨ ਮੌਤਾਂ ਹੁੰਦੀਆਂ ਹਨ। ਭਾਰਤ 'ਚ, 40 ਮਿਲੀਅਨ ਲੋਕ ਹੈਪੇਟਾਈਟਸ ਬੀ ਨਾਲ ਸੰਕਰਮਿਤ ਹਨ ਅਤੇ ਲਗਭਗ 12 ਮਿਲੀਅਨ ਲੋਕ ਹੈਪੇਟਾਈਟਸ ਸੀ ਨਾਲ ਸੰਕਰਮਿਤ ਹਨ। ਹੈਪੇਟਾਈਟਸ ਬੀ, ਹੈਪੇਟਾਈਟਸ ਸੀ, ਬਹੁਤ ਜਿਆਦਾ ਅਲਕੋਹਲ ਦਾ ਸੇਵਨ ਅਤੇ ਗੈਰ-ਅਲਕੋਹਲ ਵਾਲੀ ਫੈਟੀ ਲਿਵਰ ਦੀ ਬਿਮਾਰੀ ਭਾਰਤ ਵਿੱਚ ਲਿਵਰ ਦੇ



ਨੁਕਸਾਨ ਦੇ ਪ੍ਰਮੁੱਖ ਕਾਰਨ ਹਨ। ਵਿਸ਼ਵ ਲਿਵਰ ਦਿਵਸ ਦੀ ਪੂਰਵ ਸੰਧਿਆ 'ਤੇ ਆਈ ਵੀ ਵਾਈ ਹਸਪਤਾਲ ਵਿਖੇ ਡਾਇਰੈਕਟਰ ਜਨਰਲ ਸਰਜਰੀ, ਜੀ ਆਈ ਸਰਜਨ, ਐਚ ਬੀ ਪੀ ਅਤੇ ਲਿਵਰ ਟਰਾਂਸਪਲਾਂਟ ਡਾ ਅਰੁਣਾਂਸੂ ਬੇਹਰਾ ਨੇ ਕਿਹਾ ਕਿ ਭਾਰਤ ਵਿੱਚ ਲੀਵਰ ਸਿਰੋਸਿਸ ਦੇ ਹਰ ਸਾਲ ਲਗਭਗ 10 ਲੱਖ ਨਵੇਂ ਮਰੀਜਾਂ ਦਾ ਇਲਾਜ ਕੀਤਾ ਜਾਂਦਾ ਹੈ। ਸੀਨੀਅਰ ਕੰਸਲਟੈਂਟ ਜਨਰਲ ਅਤੇ ਲੈਪਰੋਸਕੋਪਿਕ ਸਰਜਰੀ ਡਾ ਸ੍ਰੀਨਾਥ ਰਾਠੌਰ ਨੇ ਕਿਹਾ ਕਿ ਸੂਗਰ ਦੇ 80% ਤੋਂ ਵੱਧ ਮਰੀਜਾਂ ਵਿੱਚ ਸਿਹਤਮੰਦ ਨਾਲੋਂ ਜਿਆਦਾ ਚਰਬੀ ਹੁੰਦੀ ਹੈ, ਅਤੇ ਇਸ ਨਾਲ ਗੈਰ-ਅਲਕੋਹਲ ਫੈਟੀ ਲਿਵਰ ਦੀ ਬਿਮਾਰੀ ਵਿਕਸਤ ਹੋ ਸਕਦੀ ਹੈ। ਸ਼ੂਗਰ ਅਤੇ ਫੈਟੀ ਲੀਵਰ ਦਾ ਸਹਿ-ਮੌਜੂਦਗੀ ਘਾਤਕ ਹੈ ਪਰ ਜੀਵਨਸੈਲੀ ਵਿੱਚ ਬਦਲਾਅ ਕਰਕੇ ਫੈਟੀ ਲਿਵਰ ਦੀ ਬਿਮਾਰੀ ਨੂੰ ਰੋਕਿਆ ਜਾ ਸਕਦਾ ਹੈ।

# ਜਾਗਰੂਕਤਾ ਸੈਮੀਨਾਰ ਆਯੋਜਿਤ



**ਨਵਾਂਸਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਮਹਿਤਾਬ ਸਿੰਘ ਆਈ ਪੀ ਐਸ ਮਾਨਯੋਗ ਐਸ ਐਸ ਪੀ ਦੇ ਦਿਸ਼ਾ ਨਿਰਦੇਸ਼ਾਂ ਅਗਵਾਈ ਹੇਠ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਪਿੰਡ ਦੁਰਗਾਪੁਰ ਵਿਖੇ ਜਾਗਰੂਕਤਾ ਸੈਮੀਨਾਰ ਆਯੋਜਿਤ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਮਹਿਲਾਂ ਪੁਲਸ ਕਰਮਚਾਰੀਆਂ ਨੇ ਬੱਚਿਆਂ ਨਾਲ ਹੁੰਦੀਆਂ ਜਿਆਦਤੀਆਂ ਅਤੇ ਛੇੜਛਾੜ ਦੀਆਂ ਘਟਨਾਵਾਂ ਤੋਂ ਬਚਣ ਲਈ ਬੱਚੇ ਆਪਣੇ ਮਾਪਿਆਂ ਨਾਲ ਜਾਂ ਅਧਿਆਪਕਾਂ ਨਾਲ ਇਸ ਪ੍ਰਤੀ ਜ਼ਰੂਰ ਦੱਸਣ, ਔਖੇ ਵੇਲੇ ਅਤੇ ਸੈਕਸੁਅਲ ਹਰਾਸਮੈਂਟ ਦੀਆਂ ਘਟਨਾਵਾਂ ਤੋਂ ਬਚਣ ਲਈ 1098 ਚਾਈਲਡ ਹੈਲਪ ਲਾਈਨ ਤੇ ਸੰਪਰਕ ਕਰਕੇ ਮਦਦ ਲੈ ਸਕਦੇ ਹਨ।

# ਪ੍ਰੋਫੈਸਰ ਚੰਦੂਮਾਜਰਾ ਨੂੰ ਉਮੀਦਵਾਰ ਐਲਾਨੇ ਜਾਣ 'ਤੇ ਖੁਸ਼ੀ ਦਾ ਮਾਹੌਲ

**ਨਵਾਂ ਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸ਼੍ਰੋਮਣੀ ਅਕਾਲੀ ਦਲ ਵੱਲੋਂ ਐਲਾਨੀ ਗਈ ਸੂਚੀ ਵਿੱਚ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਉਮੀਦਵਾਰ ਐਲਾਨੇ ਜਾਣ 'ਤੇ ਪਾਰਟੀ ਆਗੂਆਂ ਤੇ ਵਰਕਰਾਂ ਵਿੱਚ ਖੁਸ਼ੀ ਦਾ ਮਾਹੌਲ ਹੈ ਤੇ ਉਨ੍ਹਾਂ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਦਾ ਧੰਨਵਾਦ ਕੀਤਾ ਹੈ।

ਇਸ ਮੌਕੇ ਠੇਕੇਦਾਰ ਗੁਰਜਿੰਦਰ ਸਿੰਘ ਦੌਲਤਪੁਰ ਸੈਕਟਰੀ ਵਿਧਾਇਕ ਡਾ ਸੁਖਵਿੰਦਰ ਸਿੰਘ ਸੁੱਖੀ ਰਮਨਦੀਪ ਸਿੰਘ ਥਿਆੜਾ ਗੁਰਬਖਸ ਸਿੰਘ ਖਾਲਸਾ, ਜਰਨੈਲ ਸਿੰਘ ਵਾਹਿਦ , ਤਾਰਾ ਸਿੰਘ ਸੇਖੂਪੁਰ , ਜਿਲ੍ਹਾ ਪ੍ਰਧਾਨ ਸੁਖਦੀਪ ਸਿੰਘ ਸੁਕਾਰ , ਨਰੋਆ ਪੰਜਾਬ ਦੇ ਸੰਸਥਾਪਕ ਬਰਜਿੰਦਰ ਸਿੰਘ ਹੁਸੈਨਪੁਰ , ਕੁਲਵਿੰਦਰ ਸਿੰਗਲਾ , ਕੌਂਸਲਰ ਪਰਮ ਸਿੰਘ ਖਾਲਸਾ, ਭੁਪਿੰਦਰ ਸਿੰਘ ਜਾਡਲਾ, ਰਾਜੂ ਕਾਹਮਾ ਆਦਿ ਹਾਜਰ ਸਨ।

# ਜਿੰਮ ਦੇ ਉਦਘਾਟਨ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ




**ਸ੍ਰੀ ਅਨੰਦਪੁਰ ਸਾਹਿਬ, .(ਅਰਵਿੰਦਰ ਸਿੰਘ ਬਿੰਦੀ)—** ਇਲਾਕੇ ਅੰਦਰ ਫਿਟਨੈਸ ਜੋੜੇ ਵਜੋਂ ਜਾਣੇ ਜਾਂਦੇ ਜਗਜੀਤ ਸਿੰਘ ਅਤੇ ਪਰਮਪ੍ਰੀਤ ਕੌਰ ਵੱਲੋਂ ਹੁਣ ਨਵਾਂ ਜਿੰਮ ਸ਼ੁਰੂ ਕਰਕੇ ਇਲਾਕੇ ਅੰਦਰ ਆਪਣੀਆਂ ਸੇਵਾਵਾਂ ਸ਼ੁਰੂ ਕੀਤੀਆਂ ਗਈਆਂ ਹਨ। ਦੱਸਣਯੋਗ ਹੈ ਕਿ ਡੀ-ਜੋਨ ਫਿੱਟਨੈੱਸ ਅਤੇ ਸਪਾ ਦੇ ਨਾਂਅ ਹੇਠ ਇਸ ਜੋੜੇ ਵੱਲੋ ਇਕ ਨਵਾਂ ਜਿਮ ਖਾਲਸਾ ਕਾਲਜ ਦੇ ਪਿਛਲੇ ਪਾਸੇ ਮਿੱਤਲ ਕਲੋਨੀ ਦੇ ਨਜਦੀਕ ਸ਼ੁਰੂ ਕੀਤਾ ਗਿਆ ਹੈ। ਇਸ ਜਿੰਮ ਦੇ ਉਦਘਾਟਨ ਮੌਕੇ ਸਭ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ ਤੇ ਇਸ ਮੌਕੇ ਇਲਾਕੇ ਦੀਆਂ ਨਾਮਵਰ ਸ਼ਖ਼ਸੀਅਤਾਂ ਨੇ ਹਾਜਰੀਆਂ ਭਰੀਆਂ।

ਇਸ ਮੌਕੇ ਇਲਾਕੇ ਦੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਹੱਡੀਆਂ ਦੇ ਨਾਮਵਰ ਮਾਹਿਰ ਡਾ.ਜਸਸਿਮਰਨ ਸਿੰਘ ਕਹਿਲ ,ਡਾਕਟਰ ਸਾਰਿਕਾ , ਮੈਨੇਜਰ ਹਰਦੇਵ ਸਿੰਘ, ਅਕਾਲੀ ਆਗੂ ਸਤਨਾਮ ਸਿੰਘ ਝੱਜ, ਨਾਮਵਰ ਐਂਕਰ ਸਮੀ ਡਾਬਰਾ, ਮਨਿੰਦਰਪਾਲ ਸਿੰਘ ਮਨੀ, ਡਾ. ਸੁਰਿੰਦਰ ਕੁਮਾਰ, ਨਵੀਨ ਕੁਮਾਰ, ਐਥਲੈਟਿਕ ਕੋਚ ਪਰਦੀਪ ਸਿੰਘ ਮਾਨ ਮੌਜੂਦ ਸਨ। ਜਗਜੀਤ ਸਿੰਘ ਨੇ ਦੱਸਿਆ ਕਿ ਉਹ ਤੇ ਉਹਨਾਂ ਦੀ ਪਤਨੀ ਪਰਮਪ੍ਰੀਤ ਕੌਰ ਪਹਿਲਾਂ ਵੀ ਸਿਹਤਮੰਦ ਰਹਿਣ ਲਈ ਆਮ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ ਤੇ ਹੁਣ ਇਸੇ ਲੜੀ ਚ ਉਨ੍ਹਾਂ ਵੱਲੋ ਪਹਿਲਕਦਮੀ ਕਰਦਿਆਂ ਨਵੀਂ ਜਿਮ ਖੋਲੀ ਗਈ। ਉਨ੍ਹਾਂ ਕਿਹਾ ਕਿ ਸਾਡਾ ਮੁੱਖ ਮੰਤਵ ਹੈ ਕੇ ਲੋਕਾਂ ਨੂੰ ਅਰੋਗ ਤੇ ਫਿੱਟ ਰੱਖਣ ਲਈ ਜਾਣਕਾਰੀ ਦਿੱਤੀ ਜਾਵੇ ਅਤੇ ਘੱਟ ਖਰਚੇ 'ਤੇ ਉਨ੍ਹਾਂ ਲਈ ਕਸਰਤ ਕਰਨ ਲਈ ਵਧੀਆ ਸੁਵਿਧਾਵਾਂ ਆਪਣੀ ਜਿਮ ਵਿਚ ਪ੍ਰਦਾਨ ਕੀਤੀਆਂ ਜਾਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੇਮ ਸਿੰਘ , ਸੁਖਜੀਤ ਸਿੰਘ ਢਿੱਲੋਂ ,ਰੱਜਤ ਰਸਪਨਾ, ਜਗਜੀਤ ਸਿੰਘ ਢਿੱਲੋਂ, ਸੰਨੀ ਵਾਲੀਆ,ਸਤਵਿੰਦਰ ਕੌਰ , ਰਾਜਵੀਰ ਕੌਰ, ਮਨਪ੍ਰੀਤ ਸਿੰਘ (ਮੰਨਾ) ,ਬੇਦੀ ਗਾਰਮੈਂਟ ਪਰਵਾਰ ,ਸੰਤ ਬੂਟ ਹਾਊਸ ਪਰਵਾਰ ਅਤੇ ਹੋਰ ਸੰਗਤਾਂ ਨੇ ਸ਼ਮੂਲੀਅਤ ਕੀਤੀ।

# ਰਸਤੋਗੀ ਨੇ ਗੁਰੂਗ੍ਰਾਮ ਦੀਆਂ ਤਿੰਨ ਮੰਡੀਆਂ ਦਾ ਕੀਤਾ ਨਿਰੀਖਣ

**ਚੰਡੀਗੜ੍ਹ (ਕ੍ਰਿਸ਼ਨ ਗਰਗ)-** ਹਰਿਆਣਾ ਦੇ ਮਾਲ ਅਤੇ ਯੋਜਨਾ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਤੇ ਗੁਰੂਗ੍ਰਾਮ ਦੇ ਪ੍ਰਸਾਸ਼ਕੀ ਅਧਿਕਾਰੀ ਅਨੁਰਾਗ ਰਸਤੋਗੀ ਨੇ ਕਿਹਾ ਕਿ ਰਬੀ ਸੀਜਨ ਦੌਰਾਨ ਸਾਰੀਆਂ ਮੰਡੀਆਂ ਵਿਚ ਫਸਲ ਖਰੀਦ ਦਾ ਕੰਮ ਸੁਚਾਰੂ ਰੂਪ ਨਾਲ ਚੱਲ ਰਿਹਾ ਹੈ। ਮੰਡੀਆਂ ਵਿਚ ਵਪਾਰੀਆਂ ਅਤੇ ਕਿਸਾਨਾਂ ਦੀ ਸਮਸਿਆਵਾਂ ਦਾ ਪ੍ਰਾਥਮਿਕਤਾ ਦੇ ਆਧਾਰ 'ਤੇ ਹੱਲ ਕੀਤਾ ਜਾ ਰਿਹਾ ਹੈ ਅਤੇ ਕਿਸਾਨਾਂ ਨੂੰ ਫਸਲ ਦੀ ਰਕਮ ਦਾ ਭੁਗਤਾਨ ਵੀ ਨਿਯਮ ਅਨੁਸਾਰ ਕਰ ਦਿੱਤਾ ਜਾਵੇਗਾ। ਵਧੀਕ ਮੁੱਖ ਸਕੱਤਰ ਅਨੁਰਾਗ ਰਸਤੋਗੀ ਵੀਰਵਾਰ ਨੂੰ ਗੁਰੂਗ੍ਰਾਮ ਦੀ ਪਟੌਦੀ - ਜਾਟੌਲੀ ਤੇ ਫਰੂਖਨਗਰ ਅਨਾਜ ਮੰਡੀ ਦਾ ਅਚਾਨਕ ਨਿਰੀਖਣ ਕਰਨ ਬਾਅਦ ਅਧਿਕਾਰੀਆਂ ਨੂੰ ਜਰੂਰੀ ਦਿਸ਼ਾ-ਨਿਰਦੇਸ਼ ਦੇ ਰਹੇ ਸਨ। ਉਨ੍ਹਾਂ ਨੇ ਮੰਡੀਆਂ ਵਿਚ ਕਣਕ ਤੇ ਸਰੋਂ ਦੀ ਫਸਲ ਦੀ ਆਮਦ ਅਤੇ ਉਠਾਨ ਸਬੰਧੀ ਵਿਸਤਾਰ ਜਾਣਕਾਰੀ ਲਈ। ਵਧੀਕ ਮੁੱਖ ਸਕੱਤਰ ਨੇ ਮੌਜੂਦ ਕਿਸਾਨਾਂ ਤੋਂ ਮੰਡੀਆਂ ਵਿਚ ਦਿੱਤੀ ਜਾ ਰਹੀ ਸੇਵਾਵਾਂ ਤੇ ਸਹੂਲਤਾਂ ਦਾ ਫੀਡਬੈਕ ਲੈ ਕੇ ਵਪਾਰੀਆਂ ਤੋਂ ਵੀ ਖਰੀਦ ਤੇ ਉਠਾਨ ਕੰਮ ਦੇ ਬਾਰੇ ਵਿਚ ਗਲਬਾਤ ਕਰ, ਇੰਨ੍ਹਾਂ ਵਿਚ ਹੋਰ ਸੁਧਾਰ ਲਿਆਉਣ ਲਈ ਸੁਝਾਅ ਵੀ ਦਿੱਤੇ। ਉਨ੍ਹਾਂ ਨੇ ਟ੍ਰਾਂਸਪੋਰਟ ਨੂੰ ਫਸਲ ਉਠਾਨ ਲਈ 10 ਵੱਧ ਵਾਹਨਾਂ ਦੀ ਵਿਵਸਥਾ ਕਰਨ ਅਤੇ ਸਿਵਾੜੀ ਸਥਿਤ ਹਰਿਆਣਾ ਵੇਅਰ ਹਾਊਸ ਦੇ ਗੋਦਾਮ ਵਿਚ ਦੋ ਹੋਰ ਪੁਆਇੰਟਸ ਦੀ ਵਿਵਸਥਾ ਕਰਨ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ ਫਰੂਖਨਗਰ ਤੋਂ ਉਠਾਈ ਜਾ ਰਹੀ ਫਸਲ ਦਾ ਫਾਜਿਲਪੁਰ ਸਥਿਤ ਗੋਦਾਮ ਵਿਚ ਭੇਜਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਇਹ ਵੀ ਨਿਰਦੇਸ਼ ਦਿੱਤੇ ਕਿ ਜਿਨ੍ਹਾਂ ਖਰੀਦ ਏਜੰਸੀਆਂ ਨੇ ਕਣਕ ਦੀ ਖਰੀਦ ਕਰ ਲਈ ਹੈ। ਉਹ ਮਾਰਕਿਟ ਕਮੇਟੀ ਦੇ ਅਧਿਕਾਰੀਆਂ ਦੇ ਨਾਲ ਮੀਟਿੰਗ ਕਰ ਮੰਡੀਆਂ ਵਿਚ ਬਾਹਰ ਰੱਖੇ ਅਨਾਜ ਨੂੰ ਸ਼ੈਡਸ ਦੇ ਹੇਠਾਂ ਸਟੈਕਿੰਗ ਕਰਨ ਅਤੇ ਕਿਸਾਨਾਂ ਦੀ ਤੈਅ ਸਮੇਂ ਵਿਚ ਪੇਮੈਂਟ ਦਾ ਭੁਗਤਾਨ ਯਕੀਨੀ ਕਰਨ। ਉਨ੍ਹਾਂ ਨੇ ਕਿਹਾ ਕਿ ਸਾਰੇ ਅਧਿਕਾਰੀ ਕਰਮਚਾਰੀ ਯਕੀਨੀ ਕਰਨ ਕਿ ਹਰੇਕ ਮੰਡੀ ਵਿਚ ਫਸਲ ਦੀ ਖਰੀਦ ਦਾ ਉਠਾਨ ਨਿਯਮ ਅਨੁਸਾਰ ਸਮੇਂ 'ਤੇ ਕੀਤਾ ਜਾਵੇ। ਮੰਡੀਆਂ ਵਿਚ ਕਣਕ ਦੀ ਖਰੀਦ ਦਾ ਕੰਮ ਸੁਚਾਰੂ ਢੰਗ ਨਾਲ ਚਲਾਉਣਾ ਚਾਹੀਦਾ ਹੈ ਅਤੇ ਵਪਾਰੀਆਂ ਅਤੇ ਕਿਸਾਨਾਂ ਦੀ ਸਮਸਿਆਵਾਂ ਦਾ ਤੁਰੰਤ ਹੱਲ ਕਰਨਾ ਯਕੀਨੀ ਕਰਨ। ਜੋ ਅਧਿਕਾਰੀ ਇਸ ਕੰਮ ਵਿਚ ਲਾਪ੍ਰਵਾਹੀ ਵਰਤੇਗਾ ਉਸ ਦੇ ਖਿਲਾਫ ਨਿਯਮ ਅਨੁਸਾਰ ਕਾਰਵਾਈ ਵੀ ਅਮਲ ਵਿਚ ਲਿਆਂਦੀ ਜਾਵੇਗੀ।

# ਚੀਫ ਖਾਲਸਾ ਦੀਵਾਨ ਸ੍ਰੀ ਅੰਮ੍ਰਿਤਸਰ ਵੱਲੋਂ ਵਿਦਿਆਰਥੀਆਂ ਨੂੰ ਦਿੱਤਾ ਵਜ਼ੀਫਾ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਸਥਾਨਕ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਦੇ ਵਿਦਿਆਰਥੀਆਂ ਨੂੰ ਸੋਢੀ ਕਲਿਆਣ ਸਿੰਘ ਮਾਤਾ ਪ੍ਰਕਾਸ਼ ਕੌਰ ਮੈਮੋਰੀਅਲ ਸਕਾਲਰਸ਼ਿ ਦਿੱਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਮੁਖੀ ਪ੍ਰਿੰਸੀਪਲ ਗੁਰਿੰਦਰ ਕੌਰ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੇਣ ਲਈ ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਚੀਫ ਖਾਲਸਾ ਦੀਵਾਨ ਦੇ ਉਪ ਪ੍ਰਧਾਨ ਸੰਤੋਖ ਸਿੰਘ ਸੇਠੀ ਅਤੇ ਰੈਜੀਡੈਂਟ ਪ੍ਰੈਜੀਡੈਂਟ ਕੁਲਜੀਤ ਸਿੰਘ ਸਾਹਨੀ ਉਚੇਚੇ ਤੌਰ 'ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚੇ। ਸਕੂਲ ਸਟਾਫ ਵੱਲੋਂ ਉਪ ਪ੍ਰਧਾਨ ਸੰਤੋਖ ਸਿੰਘ ਸੇਠੀ , ਕੁਲਜੀਤ ਸਿੰਘ ਸਾਹਨੀ ਰੈਜੀਡੈਂਟ ਪ੍ਰੈਜੀਡੈਂਟ ਅਤੇ ਸੈਕਟਰੀ ਐਜੂਕੇਸ਼ਨ ਅਮਰਜੀਤ ਸਿੰਘ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਨਿਸ਼ਾ ਗਰਗ, ਸਤਿੰਦਰ ਕੌਰ, ਰਜਿੰਦਰ ਕੌਰ, ਆਂਸ਼ੂ, ਜਸਪ੍ਰੀਤ ਕੌਰ ਸਮੇਤ ਸਮੂਹ ਸਟਾਫ ਅਤੇ ਸਕਾਲਰਸ਼ਿਪ ਲੈਣ ਵਾਲੇ ਵਿਦਿਆਰਥੀ ਹਾਜ਼ਰ ਸਨ।



# ਰਾਮਗੜ੍ਹੀਆ ਤੇ ਓਬੀਸੀ ਭਾਈਚਾਰੇ ਨੇ ਕੈਬਨਿਟ ਮੰਤਰੀ ਖਿਲਾਫ਼ ਚੋਣ ਕਮਿਸ਼ਨ ਨੂੰ ਦਿੱਤੀ ਸ਼ਿਕਾਇਤ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਵੀਰ ਸਿੰਘ ਸੈਣੀ )** ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ,ਆਲ ਇੰਡੀਆ ਬੈਕਵਰਡ ਕਲਾਸਿਜ਼ ਫੈਡਰੇਸ਼ਨ, ਸਮੁੱਚਾ ਰਾਮਗੜ੍ਹੀਆ ਭਾਈਚਾਰੇ ਅਤੇ ਓਬੀਸੀ ਵਰਗ ਦੇ ਇੱਕ ਵਫਦ ਨੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਰਾਮਗੜ੍ਹੀਆ ਅਤੇ ਸਵਰਨਕਾਰ ਕੌਮ ਖਿਲਾਫ਼ ਕੀਤੀ ਭੱਦੀ ਟਿੱਪਣੀ ਨੂੰ ਲੈ ਕੇ ਜ਼ਿਲਾ ਡਿਪਟੀ ਕਮਿਸ਼ਨਰ ਕਮ ਜ਼ਿਲਾ ਚੋਣ ਅਫ਼ਸਰ ਕੋਮਲ ਮਿੱਤਲ ਆਈਏਐੱਸ ਨੂੰ ਲਿਖਤੀ ਸ਼ਿਕਾਇਤ ਪੱਤਰ ਦਿੱਤਾ। ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਦੇ ਕੌਮੀ ਪ੍ਰਧਾਨ ਹਰਦੇਵ ਸਿੰਘ ਕੌਂਸਲ ਦੀ ਅਗਵਾਈ ਵਿੱਚ ਵਫਦ ਵਿੱਚ ਜਸਪਾਲ ਸਿੰਘ ਖੀਵਾ ਕੌਮੀ ਮੀਤ ਪ੍ਰਧਾਨ ਆਲ ਇੰਡੀਆ ਬੈਕਵਾਰਡ ਕਲਾਸਿਜ਼ ਫੈਡਰੇਸ਼ਨ,ਬਿਕਰਮਜੀਤ ਸਿੰਘ ਕਲਸੀ ਪ੍ਰਧਾਨ, ਹੁਸ਼ਿਆਰਪੁਰ ਸ਼ਹਿਰੀ-1 ਸ਼੍ਰੋਮਣੀ ਅਕਾਲੀ ਦਲ,ਚੇਅਰਮੈਨ ਕੁਲਦੀਪ ਸਿੰਘ ਖਾਂਬਾ,ਅਮਰਜੀਤ ਸਿੰਘ ਆਸੀ ਚੇਅਰਮੈਨ ਪੰਜਾਬ ਮੌਜੂਦ ਸਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਹਰਦੇਵ ਸਿੰਘ ਕੌਂਸਲ ਨੇ ਦੱਸਿਆ ਕਿ ਕੁੱਝ ਦਿਨ ਪਹਿਲਾਂ ਲੋਕ ਸਭਾ ਚੋਣਾਂ ਨੂੰ ਲੈ ਕੇ ਇੱਕ ਆਮ ਜਨ ਸਭਾ ਨੂੰ ਸੰਬੋਧਨ ਕਰਦੇ ਹੋਏ ਲਾਲਜੀਤ ਸਿੰਘ ਭੁੱਲਰ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਲੋਕ ਸਭਾ ਸੀਟ ਖਡੂਰ ਸਾਹਿਬ ਵੱਲੋਂ ਰਾਮਗੜ੍ਹੀਆ ਕੌਮ ਅਤੇ ਸਵਰਨਕਾਰ ਸੁਨਿਆਰਾ ਕੌਮ ਨੂੰ ਭੱਦੀ ਸਬਦਾਵਲੀ ਦੀ ਵਰਤੋਂ ਕਰਦੇ ਹੋਏ ਮੰਦ ਭਾਵਨਾ ਨਾਲ ਸੰਬੋਧਨ ਕਰਦਿਆਂ ਸਮੁੱਚੇ ਓਬੀਸੀ ਸਮਾਜ ਨੂੰ ਨੀਵਾਂ ਦਿਖਾਉਂਦੇ ਹੋਏ ਸਾਡੀ ਕੌਮ ਦਾ ਮਜਾਕ ਉੜਾਇਆ ਗਿਆ। ਇਸ ਮੌਕੇ ਰਾਮਗੜ੍ਹੀਆ ਸਮਾਜ ਦੇ ਵਫਦ ਵੱਲੋਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਪਾਸੋਂ ਮੰਗ ਕੀਤੀ ਗਈ ਕਿ ਲਾਲਜੀਤ ਸਿੰਘ ਭੁੱਲਰ ਨੂੰ ਕੈਬਨਿਟ ਮੰਤਰੀ ਦੇ ਸੰਵਿਧਾਨਿਕ ਅਹੁਦੇ ਤੋਂ ਬਰਖਾਸਤ ਕਰਨ ਦੇ ਨਾਲ ਨਾਲ ਲੋਕ ਸਭਾ ਸੀਟ ਤੋਂ ਉਮੀਦਵਾਰੀ ਰੱਦ ਕੀਤੀ ਜਾਵੇ ਅਤੇ ਉਕਤ ਮੰਤਰੀ ਵਲੋਂ ਆਪਣੇ ਸੰਵਿਧਾਨਿਕ ਅਹੁਦੇ ਦੀ ਸੌਂਹ ਚੁੱਕਣ ਵੇਲੇ ਲਏ ਹਲਫ ਨੂੰ ਭੰਗ ਕਰਨ ਅਤੇ ਮੰਦ ਭਾਵਨਾ ਨਾਲ ਜਾਤੀ ਸੂਚਕ ਸ਼ਬਦ ਦੀ ਵਰਤੋਂ ਕਰਦੇ ਹੋਏ ਸਮਾਜ ਦਾ ਮਜ਼ਾਕ ਉਡਾਉਣ ਦੇ ਦੋਸ਼ ਵਿੱਚ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਸ਼ਿਕਾਇਤ ਦਾ ਇੱਕ ਉਤਾਰਾ ਮੁੱਖ ਚੋਣ ਕਮਿਸ਼ਨਰ ਪੰਜਾਬ ਅਤੇ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਨੂੰ ਕਾਰਵਾਈ ਲਈ ਭੇਜਿਆ ਗਿਆ। ਇਸ ਮੌਕੇ ਚੇਅਰਮੈਨ ਕੁਲਦੀਪ ਸਿੰਘ ਖਾਂਬਾ,ਅਮਰਜੀਤ ਸਿੰਘ ਆਸੀ ਚੇਅਰਮੈਨ ਪੰਜਾਬ, ਮਲਕੀਤ ਸਿੰਘ ਮਰਵਾਹਾ ਸੀਨੀਅਰ ਮੀਤ ਪ੍ਰਧਾਨ,ਜਸਪਾਲ ਸਿੰਘ ਖੀਵਾ ਕੌਮੀ ਮੀਤ ਪ੍ਰਧਾਨ ਆਲ ਇੰਡੀਆ ਬੈਕਵਰਡ ਕਲਾਸਿਜ਼ ਫੈਡਰੇਸ਼ਨ, ਪਰਮਜੀਤ ਸਿੰਘ ਕਲਿਆਣ, ਰਵਿੰਦਰ ਸਿੰਘ ਚੱਡਾ ਪੰਜਾਬ ਪ੍ਰਧਾਨ,ਗੁਰਦੇਵ ਸਿੰਘ ਐਕ. ਜਨਰਲ ਸਕੱਤਰ,ਬਿਕਰਮਜੀਤ ਸਿੰਘ ਕਲਸੀ ਪ੍ਰਧਾਨ ਹੁਸ਼ਿਆਰਪੁਰ ਸ਼ਹਿਰੀ-1 ਸ਼੍ਰੋਮਣੀ ਅਕਾਲੀ ਦਲ, ਗੁਰਬਿੰਦਰ ਸਿੰਘ ਪਲਾਹਾ ਮੀਡੀਆ ਸਲਾਹਕਾਰ,ਜਸਵੰਤ ਸਿੰਘ ਭੋਗਲ ਸੀ.ਮੀਤ ਪ੍ਰਧਾਨ,ਜਗਦੀਪ ਸਿੰਘ ਸੀਹਰਾ ਮੀਤ ਪ੍ਰਧਾਨ ਇੰਡੀਆ,ਅਵਤਾਰ ਸਿੰਘ ਲਾਇਲ ਵਾਇਸ ਚੇਅਰਮੈਨ ਪੰਜਾਬ,ਹਰਦੀਪ ਸਿੰਘ ਰਾਜੂ, ਸਰਬਜੀਤ ਸਿੰਘ ਚੱਡਾ ਆਦਿ ਵੱਖ- ਵੱਖ ਰਾਮਗੜ੍ਹੀਆ ਭਾਈਚਾਰਿਆਂ ਦੇ ਨੁਮਾਇੰਦੇ ਮੌਜੂਦ ਸਨ।

# ਮੈਡੀਕਲ ਤੇ ਖੂਨਦਾਨ ਕੈਂਪ ਲਗਾਇਆ




**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਦੋਆਬਾ ਏਕਤਾ ਕਲੱਬ ਵਲੋਂ ਡਾ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਪਿੰਡ ਬਡੇਸਰੋਂ ਵਿਖੇ ਖ਼ੂਨਦਾਨ ਕੈਂਪ ਅਤੇ ਮੁਫ਼ਤ ਮੈਡੀਕਲ ਕੈਂਪ ਸਤਨਾਮ ਬਲੱਡ ਬੈਂਕ ਹੁਸ਼ਿਆਰਪੁਰ ਅਤੇ ਆਈ ਵੀ ਵਾਈ ਹਸਪਤਾਲ ਨਵਾਂਸ਼ਹਿਰ ਦੀ ਪੂਰੀ ਟੀਮ ਦੇ ਸਹਿਯੋਗ ਨਾਲ ਲਗਾਇਆ ਗਿਆ। ਉਦਘਾਟਨ ਐਨ ਆਰ ਆਈ ਮਾਤਾ ਭਜਨ ਕੌਰ ਬਡੇਸਰੋਂ ਵਲੋਂ ਰੀਬਨ ਕੱਟ ਕੇ ਕੀਤਾ ਗਿਆ । ਕੈਂਪ ਵਿੱਚ ਮੁਫ਼ਤ ਈ ਸੀ ਜੀ ਅਤੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਕੈਂਪ ਵਿੱਚ 32 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ। ਅਸ਼ੋਕ ਬਡੇਸਰੋਂ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਖ਼ੂਨ ਦਾਨ ਕਰਨਾ ਚਾਹੀਦਾ ਹੈ ਤਾਂ ਜੋ ਜ਼ਰੂਰਤ ਪੈਣ 'ਤੇ ਕਿਸੇ ਲੋੜਵੰਦ ਦੇ ਕੰਮ ਆ ਸਕੇ। ਇਸ ਮੌਕੇ ਕਾਮਰੇਡ ਦਰਸ਼ਨ ਸਿੰਘ ਮੱਟੂ, ਬੀਬੀ ਸੁਭਾਸ਼ ਮੱਟੂ,ਜੱਸਾ ਭੱਜਲ, ਰੌਕੀ ਮੋਲਾ ,ਇੰਦਰਜੀਤ ਬਰਿਆਣਾ, ਗੁਰਸੇਵਕ ਧਮਾਈ ,ਦਵਿੰਦਰਪਾਲ, ਗੁਰਦੀਪ ਬੋਪਾਰਾਏ ਅਤੇ ਸਮੂਹ ਪਿੰਡ ਵਾਸੀ ਹਾਜ਼ਰ ਸਨ ।

# ਜਲਾਲਪੁਰ ਵੱਲੋਂ ਭੇਜੀ ਗਈ 11ਵੀਂ ਪੀ ਜੀ ਆਈ ਲੰਗਰ ਸੇਵਾ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ) -** ਵੇਦਾਂਤ ਅਚਾਰੀਆ ਸਵਾਮੀ ਚੇਤਨਾ ਨੰਦ ਭੂਰੀਵਾਲਿਆਂ ਦੀ ਕ੍ਰਿਪਾ ਨਾਲ ਪੀਜੀਆਈ ਚੰਡੀਗੜ੍ਹ ਵਿਖੇ ਪੁੱਜਦੇ ਮਰੀਜਾਂ ਲਈ ਲਗਾਤਾਰ ਪਿਛਲੇ ਕਈ ਮਹੀਨਿਆਂ ਤੋਂ ਰੋਜਾਨਾ ਲੰਗਰ ਭੇਜਣ ਦੀ ਸ਼ੁਰੂ ਕੀਤੀ ਸੇਵਾ ਤਹਿਤ ਪਿੰਡ ਜਲਾਲਪੁਰ ਤੋ ਸੰਗਤਾਂ ਵੱਲੋਂ ਲੰਗਰ ਤਿਆਰ ਕਰਕੇ ਪੀਜੀਆਈ ਲਈ ਭੇਜਿਆ ਗਿਆ। ਇਸ ਮੌਕੇ 'ਤੇ ਪਿੰਡ ਦੀਆਂ ਸੰਗਤਾਂ ਨੇ ਕਿਹਾ ਕਿ ਭੂਰੀਵਾਲੇ ਗੁਰਗੱਦੀ ਪਰੰਪਰਾ ਦੇ ਮਿਸ਼ਨ 'ਚ ਭੁੱਖੇ ਨੂੰ ਅੰਨ੍ਹ, ਪਿਆਸੇ ਨੂੰ ਪਾਣੀ, ਨਿਰਵਸਤਰ ਨੂੰ ਵਸਤਰ ਦਾਨ ਕਰਨਾ ਹੀ ਹੈ। ਇਸ ਮੌਕੇ 'ਤੇ ਸਤਨਾਮ ਜਲਾਲਪੁਰ, ਰਿਟਾ.ਡੀ ਐਸ ਪੀ ਬਨਾਰਸੀ ਦਾਸ, ਸਾਬਕਾ ਸਰਪੰਚ ਰਾਮ ਕਿਸ਼ਨ, ਸੁਰਿੰਦਰ ਭਾਟੀਆ, ਰਾਮ ਲਾਲ ਬਜਾੜ, ਸੰਜੀਵ ਕੁਮਾਰ, ਨਵੀਨ ਭਾਟੀਆ, ਮਨੋਹਰ ਲਾਲ ਤੇ ਬਹੁਤ ਸਾਰੇ ਸੇਵਾਦਾਰ ਬੀਬੀਆਂ ਨੇ ਇਹ ਸੇਵਾ ਨਿਭਾਈ।

# ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਸੂਬਾਈ ਡੈਲੀਗੇਟ ਅਜਲਾਸ ਦੌਰਾਨ ਸੂਬਾ ਕਮੇਟੀ ਦੇ ਨਵੇਂ ਅਹੁਦੇਦਾਰਾਂ ਦੀ ਚੋਣ





**ਜਲੰਧਰ ( ਰਾਜੇਸ਼ ਥਾਪਾ /ਜਗਤਾਰ ਸਿੰਘ ਭੁੰਗਰਨੀ)** ਸਥਾਨਕ ਕਾਮਰੇਡ ਜਸਵੰਤ ਸਿੰਘ ਸਮਰਾ ਭਵਨ ਵਿਖੇ ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ 1680 , ਸੈਕਟਰ 22 ਬੀ , ਚੰਡੀਗੜ੍ਹ ਦਾ ਸੂਬਾਈ ਡੈਲੀਗੇਟ ਅਜਲਾਸ ਕੀਤਾ ਗਿਆ। ਇਸ ਅਜਲਾਸ ਦੀ ਪ੍ਰਧਾਨਗੀ ਸੂਬਾਈ ਚੇਅਰਮੈਨ ਗੁਰਦੀਪ ਸਿੰਘ ਮੋਤੀ, ਸੂਬਾ ਪ੍ਰਧਾਨ ਗੁਰਮੇਲ ਸਿੰਘ ਮੈਲਡੇ, ਜਗਦੀਸ਼ ਸਿੰਘ ਚਾਹਲ, ਅਵਤਾਰ ਸਿੰਘ ਗਗੜਾ , ਸਤਿਆ ਪਾਲ ਗੁਪਤਾ, ਅਵਤਾਰ ਸਿੰਘ ਤਾਰੀ , ਬਲਦੇਵ ਸਿੰਘ ਸਹਿਦੇਵ , ਗੁਰਜੀਤ ਸਿੰਘ ਘੋੜੇਵਾਹ, ਜਗਤਾਰ ਸਿੰਘ ਭੁੰਗਰਨੀ, ਜਸਵਿੰਦਰ ਪਾਲ ਉੱਘੀ ਅਤੇ ਬਲਕਾਰ ਵਲਟੋਹਾ ਨੇ ਕੀਤੀ । ਸਭ ਤੋਂ ਪਹਿਲਾਂ ਪਿਛਲੇ ਸਮੇਂ ਦੌਰਾਨ ਵਿਛੜੀਆਂ ਵੱਖ ਵੱਖ ਸ਼ਖ਼ਸ਼ੀਅਤਾਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਕਾਨਫਰੰਸ ਦਾ ਉਦਘਾਟਨ ਜਥੇਬੰਦੀ ਦੇ ਸੂਬਾਈ ਚੇਅਰਮੈਨ ਗੁਰਦੀਪ ਸਿੰਘ ਮੋਤੀ ਨੇ ਕਰਦਿਆਂ ਦੇਸ਼ ਵਿੱਚ ਪਿਛਲੇ 10 ਸਾਲਾਂ ਤੋਂ ਹੁਕਮਰਾਨ ਭਾਜਪਾ ਅਤੇ ਪੰਜਾਬ ਵਿੱਚ ਹੁਕਮਰਾਨ ਆਮ ਆਦਮੀ ਪਾਰਟੀ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਲੋਕ, ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਨੀਤੀਆਂ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ। ਉਹਨਾਂ ਸਮੂਹ ਪੈਨਸ਼ਨਰਾਂ , ਮੁਲਾਜ਼ਮਾ ਅਤੇ ਇਨਸਾਫ ਪਸੰਦ ਲੋਕਾਂ ਨੂੰ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਅਤੇ ਆਪ ਦੇ ਉਮੀਦਵਾਰਾਂ ਨੂੰ ਸਬਕ ਸਿਖਾਉਣ ਦਾ ਸੱਦਾ ਦਿੱਤਾ। ਇਸ ਉਪਰੰਤ ਜਨਰਲ ਸਕੱਤਰ ਅਵਤਾਰ ਸਿੰਘ ਗਗੜਾ ਨੇ ਆਪਣੇ ਕਾਰਜਕਾਲ ਦੌਰਾਨ ਕੀਤੀਆਂ ਗਈਆਂ ਸਰਗਰਮੀਆਂ ਦੀ ਜਥੇਬੰਦਕ ਰਿਪੋਰਟ ਪੇਸ਼ ਕੀਤੀ। ਇਸ ਰਿਪੋਰਟ ਤੇ ਵੱਖ ਵੱਖ ਬੁਲਾਰਿਆਂ ਬਲਰਾਜ ਸਿੰਘ ਭੰਗੂ, ਮਨਜੀਤ ਸਿੰਘ ਮਨਸੂਰਾਂ, ਅੰਗਰੇਜ ਸਿੰਘ, ਭੁਪਿੰਦਰ ਸਿੰਘ ਸੇਖੋ, ਸੁੱਚਾ ਸਿੰਘ ਤਰਨਤਾਰਨ, ਬਲਵੰਤ ਸਿੰਘ ਸੰਧੂ ਜ਼ੀਰਾ ,ਹਰਬੰਸ ਸਿੰਘ ਰੋਪੜ ,ਸੇਵਾ ਸਿੰਘ ਨੰਗਲ, ਕਾਮਰੇਡ ਅਮਰੀਕ ਸਿੰਘ ਪਠਾਨਕੋਟ , ਗੁਰਬਖਸ਼ ਸਿੰਘ ਢਿੱਲੋ ,ਹਰਿੰਦਰ ਸਿੰਘ ਚੀਮਾ, ਪ੍ਰੇਮ ਚਾਵਲਾ ,ਹਰਦੇਵ ਸਿੰਘ ਨਵਾਂ ਸ਼ਹਿਰ ,ਗੁਰਮੀਤ ਸਿੰਘ ਚੰਡੀਗੜ੍ਹ, ਸੱਤ ਪਾਲ ਸਿੰਘ ਭੱਟੀ, ਜਗਤਾਰ ਸਿੰਘ ਭੁੰਗਰਨੀ , ਸਵਰਨ ਸਿੰਘ ਹਠੂਰ ਨੇ ਭਾਗ ਲਿਆ ।

ਆਗੂਆਂ ਨੇ ਆਪਣੇ ਸੰਬੋਧਨ ਵਿੱਚ ਕੇਂਦਰੀ ਹੁਕਮਰਾਨ ਮੋਦੀ ਸਰਕਾਰ ਵੱਲੋਂ ਵੱਡੇ ਪੱਧਰ ਤੇ ਵੱਖ-ਵੱਖ ਵਿਭਾਗਾਂ ਦਾ ਤੇਜ਼ੀ ਨਾਲ ਨਿੱਜੀਕਰਨ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਨਾ ਕਰਨ, ਲੇਬਰ ਕਾਨੂੰਨਾਂ ਵਿੱਚ ਮਜ਼ਦੂਰ ਵਿਰੋਧੀ ਸੋਧਾਂ ਕਰਕੇ ਮੁਲਾਜ਼ਮਾਂ ਤੇ ਮਜ਼ਦੂਰਾਂ ਦੇ ਹੱਕਾਂ ਤੇ ਡਾਕਾ ਮਾਰਨ ਦੀ ਸਖ਼ਤ ਨਿੰਦਾ ਕੀਤੀ। ਇਸ ਦੇ ਨਾਲ ਹੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਹੁਕਮਰਾਨ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵੀ ਪੈਨਸ਼ਨਰਾਂ ਦੀਆਂ ਲੰਬੇ ਸਮੇਂ ਤੋਂ ਲਟਕ ਰਹੀਆਂ ਹੱਕੀ ਅਤੇ ਜਾਇਜ਼ ਮੰਗਾਂ ਨਾ ਮੰਨੇ ਜਾਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।

ਅਜਲਾਸ ਦੌਰਾਨ ਪਿਛਲੀ ਸੂਬਾ ਕਮੇਟੀ ਨੂੰ ਭੰਗ ਕੀਤਾ ਗਿਆ ਅਤੇ ਜਥੇਬੰਦੀ ਦੇ ਸੂਬਾ ਸਲਾਹਕਾਰ ਬਲਦੇਵ ਸਿੰਘ ਸਹਿਦੇਵ ਨੇ ਨਵੀਂ ਟੀਮ ਦੇ ਆਗੂਆਂ ਦਾ ਪੈਨਲ ਪੇਸ਼ ਕੀਤਾ। ਇਸ ਪੈਨਲ ਨੂੰ ਸਾਰੇ ਡੈਲੀਗੇਟਾਂ ਨੇ ਨਾਅਰਿਆਂ ਦੀ ਗੂੰਜ ਵਿੱਚ ਪ੍ਰਵਾਨ ਕਰ ਲਿਆ ਗਿਆ ਅਤੇ ਸੂਬਾ ਕਮੇਟੀ ਦੇ ਨਵੇਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਜਿਸ ਅਨੁਸਾਰ ਸਰਪ੍ਰਸਤ ਚਰਨ ਸਿੰਘ ਸਰਾਭਾ , ਚੇਅਰਮੈਨ ਗੁਰਦੀਪ ਸਿੰਘ ਮੋਤੀ, ਵਰਕਿੰਗ ਚੇਅਰਮੈਨ ਅਵਤਾਰ ਸਿੰਘ ਗਗੜਾ ਮੁੱਖ ਸਲਾਹਕਾਰ ਬਲਦੇਵ ਸਿੰਘ ਸਹਿਦੇਵ, ਗੁਰਮੇਲ ਸਿੰਘ ਮੈਲਡੇ, ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ, ਸੀਨੀਅਰ ਮੀਤ ਪ੍ਰਧਾਨ ਜਗਤਾਰ ਸਿੰਘ ਭੁੰਗਰਨੀ, ਗੁਰਜੀਤ ਸਿੰਘ ਘੋੜੇਵਾਹ,, ਜਨਰਲ ਸਕੱਤਰ ਪ੍ਰੇਮ ਚਾਵਲਾ, ਅਡੀਸ਼ਨਲ ਜਨਰਲ ਸਕੱਤਰ ਸਤਿਆ ਪਾਲ ਗੁਪਤਾ, ਵਿੱਤ ਸਕੱਤਰ ਪ੍ਰਿਤਪਾਲ ਸਿੰਘ ਪੰਡੋਰੀ , ਜਥੇਬੰਦਕ ਸਕੱਤਰ ਅਵਤਾਰ ਸਿੰਘ ਤਾਰੀ, ਪ੍ਰੈਸ ਸਕੱਤਰ ਕੁਲਵੰਤ ਸਿੰਘ ਚਾਨੀ ਚੁਣੇ ਗਏ। ਸਰਬ ਸੰਮਤੀ ਨਾਲ ਪਾਸ ਕੀਤੇ ਗਏ ਇੱਕ ਮਤੇ ਰਾਹੀਂ 1 ਜੂਨ ਨੂੰ ਪੰਜਾਬ ਵਿੱਚ ਹੋ ਰਹੀਆਂ ਲੋਕ ਸਭਾ ਚੋਣਾਂ ਦੌਰਾਨ ਆਪਣੇ ਵੋਟ ਦੇ ਲੋਕਤੰਤਰੀ ਹੱਕ ਦੀ ਵੱਧ ਤੋਂ ਵੱਧ ਵਰਤੋਂ ਕਰਨ ਸਬੰਧੀ ਪੈਨਸ਼ਨਰਾਂ ਨੂੰ ਜਾਗਰੂਕ ਕੀਤਾ ਗਿਆ ਅਤੇ ਭਾਜਪਾ ਅਤੇ ਆਪ ਨੂੰ ਸਬਕ ਸਿਖਾਉਣ ਅਤੇ ਮਾਤ ਦੇਣ ਦਾ ਐਲਾਨ ਕੀਤਾ ਗਿਆ। ਇਸ ਤੋਂ ਇਲਾਵਾ 1 ਮਈ ਨੂੰ ਕੌਮਾਂਤਰੀ ਮਜ਼ਦੂਰ ਦਿਵਸ ਸਾਰੇ ਜ਼ਿਲ੍ਹਿਆਂ ਵਿੱਚ ਵੱਡੇ ਪੱਧਰ 'ਤੇ ਮਨਾਉਣ ਦਾ ਫੈਸਲਾ ਕੀਤਾ ਗਿਆ।ਇਸ ਮੌਕੇ ਨਵੀ ਚੁਣੀ ਟੀਮ ਦੇ ਅਹੁਦੇਦਾਰਾਂ ਵੱਲੋਂ ਜਲੰਧਰ ਜਿਲੇ ਦੇ ਪੰਜ ਸਾਥੀ ਜਿੰਨਾਂ ਉਮਰ 65/70 ਦੀ ਹੋਣ ਤੇ ਕ੍ਰਮਵਾਰ ਅੰਮ੍ਰਿਤਪਾਲ ਸਿੰਘ,ਪਰਮਜੀਤ ਕੁਮਾਰ, ਜੋਗਿੰਦਰ ਸਿੰਘ ,ਕਿਸ਼ਨ ਦਾਸ ਅਤੇ ਦਿਲਬਾਗ ਸਿੰਘ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਪੈਨਸ਼ਨਰ ਆਗੂ ਸਤਪਾਲ ਸਿੰਘ ਸਹਿਗਲ,ਬੂਟਾ ਸਿੰਘ ਭੱਟੀ, ਬਚਿੱਤਰ ਸਿੰਘ ਧੋਥੜ,ਮਨਜੀਤ ਸਿੰਘ ਗਿੱਲ, ਇਕਬਾਲ ਸਿੰਘ,ਸੰਤੋਖ ਸਿੰਘ , ਵਿਜੇ ਕੁਮਾਰ ਸ਼ਰਮਾਂ, ਨਸੀਬ ਸਿੰਘ ਜੜਤੌਂ,ਸੁਬਾਸ਼ ਚੰਦਰ ਪਰਮਜੀਤ ਸਿੰਘ ਜਗਰਾਉ ਆਦਿ ਸ਼ਾਮਲ ਸਨ।

# ਵਿਸਾਖੀ ਦਾ ਦਿਹਾੜਾ ਮਨਾਇਆ



**ਸ਼ਾਹਕੋਟ (ਗਿਆਨ ਸੈਦਪੁਰੀ)**- ਪੰਜਾਬੀਆਂ ਨੇ ਵਿਸਾਖੀ ਦਾ ਦਿਹਾੜਾ ਉਸ ਸਮੇਂ ਤੋਂ ਹੀ ਮਨਾਉਣਾ ਸ਼ੁਰੂ ਕਰ ਦਿੱਤਾ ਸੀ, ਜਦੋਂ ਉਹਨਾਂ ਨੇ ਪੰਜਾਬ ਦੀ ਧਰਤੀ 'ਤੇ ਪਹਿਲੀ ਵਾਰ ਪੱਕੀਆਂ ਹੋਈਆਂ ਕਣਕਾਂ ਦੀ ਵਾਢੀ ਕਰਕੇ ਕਣਕ ਦੇ ਸੁਨਿਹਰੀ ਦਾਣਿਆਂ ਨਾਲ ਆਪਣੇ ਭੜੋਲੇ ਭਰੇ ਸਨ। ਉਕਤ ਵਿਚਾਰਾਂ ਦਾ ਪ੍ਰਗਟਾਵਾ ਫੁਲਵਾੜੀ ਸਕੂਲ ਦੇ ਪ੍ਰਿੰਸੀਪਲ ਲਖਬੀਰ ਸਿੰਘ ਨੇ ਸਕੂਲ ਦੇ ਵਿਹੜੇ ਵਿੱਚ ਲਗਾਏ ਗਏ ਵਿਸਾਖੀ ਮੇਲੇ ਸਮੇਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕੀਤਾ। ਪੂਰੇ ਸਕੂਲ ਅਤੇ ਪੰਡਾਲ ਨੂੰ ਸਕੂਲ ਦੇ ਮੈਡਮ ਹਰਪ੍ਰੀਤ ਕੌਰ ਦੀ ਅਗਵਾਈ ਵਿੱਚ ਸਮੂਹ ਸਟਾਫ ਨੇ ਰੰਗ-ਬਿਰੰਗੇ ਬੈਨਰਾਂ ਨਾਲ ਸਜਾਇਆ। ਇਸ ਸਮਾਗਮ 'ਚ ਗਿੱਧੇ, ਭੰਗੜੇ, ਕੋਰੀਓਗ੍ਰਾਫੀ, ਐਕਸ਼ਨ ਸੌਂਗ, ਕਵਿਤਾਵਾਂ ਅਤੇ ਗੀਤਾਂ ਦੀਆਂ ਵੰਨਗੀਆਂ ਨਾਲ ਵਿਦਿਆਰਥੀਆਂ ਨੇ ਲਗਾਤਾਰ ਦੋ ਘੰਟੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਸਕੂਲ ਦੇ ਐਜੂਕੇਟਰ ਪ੍ਰਦੀਪ ਕੁਮਾਰ ਮਹਿਤਾ ਅਤੇ ਮੈਡਮ ਹਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਵਿਸਾਖੀ ਦੀ ਮਹੱਤਤਾ ਬਾਰੇ ਦੱਸਿਆ। ਸਟੇਜ ਸੰਚਾਲਨ ਮੈਡਮ ਪ੍ਰਭਜੋਤ ਕੌਰ ਅਤੇ ਸਕੂਲ ਵਿਦਿਆਰਥਣਾਂ ਨੇ ਸਾਂਝੇ ਤੌਰ 'ਤੇ ਕੀਤਾ। ਇਸ ਮੌਕੇ ਸਕੂਲ ਦੇ ਅਧਿਆਪਕ ਰਮੇਸ਼ ਸ਼ਰਮਾ, ਰਣਜੀਤ ਸਿੰਘ, ਅਮਰਜੀਤ ਸਿੰਘ ਖੋਸਾ, ਨਿਸ਼ਾਨ ਸਿੰਘ, ਮੈਡਮ ਗੀਟਾ ਵਿਜ, ਗੀਟਾ ਸ਼ਰਮਾ, ਰੁਪਿੰਦਰ ਕੌਰ, ਜਗਦੀਪ ਕੌਰ, ਹਰਪ੍ਰੀਤ ਕੌਰ, ਜਸਵਿੰਦਰ ਕੌਰ, ਕਮਲਦੀਪ, ਨਰਿੰਦਰ ਕੌਰ, ਤਜਿੰਦਰ ਕੌਰ, ਮੁਕੇਸ਼ ਰਾਣੀ, ਰਮਨ, ਮਨਪ੍ਰੀਤ ਕੌਰ, ਸੰਦੀਪ ਕੌਰ, ਹਰਵਿੰਦਰ ਕੌਰ, ਸਰਬਜੀਤ ਕੌਰ, ਸਰਬਜੀਤ ਸਿੰਘ ਹਾਜਰ ਸਨ ਅਤੇ ਹਰ ਰੋਜ ਸਕੂਲ ਦੇ ਵਿਦਿਆਰਥੀਆਂ ਨੂੰ ਸਮੇਂ ਸਿਰ ਸਕੂਲ ਪਚਾਉਣ ਵਾਲੇ ਡਰਾਈਵਰ ਸਾਹਿਬਾਨ ਮਜੂਦ ਸਨ। ਵੀਡਿਓ ਗ੍ਰਾਫੀ ਸਕੂਲ ਦੇ ਸ਼ੋਸ਼ਲ ਮੀਡੀਆ ਦੀ ਇੰਚਾਰਜ ਮਿਸ ਪਰਮਿੰਦਰ ਕੌਰ ਨੇ ਕੀਤੀ।

# ਜਗਤਾਰ ਸਿੰਘ ਖਾਲਸਾ ਦਾ 58ਵਾਂ ਜਨਮ ਦਿਨ ਮਨਾਇਆ

**ਸ਼ਾਹਕੋਟ(ਗਿਆਨ ਸੈਦਪੁਰੀ)** ਕੋ: ਸੁਸਾਇਟੀ ਢੰਡੋਵਾਲ ਦੇ ਪ੍ਰਧਾਨ ਜਗਤਾਰ ਸਿੰਘ ਖਾਲਸਾ ਨੇ ਆਪਣਾ 58ਵਾਂ ਜਨਮ ਦਿਨ ਮਨਾਇਆ। ਇਸ ਮੌਕੇ ਬਲਾਕ ਕਾਂਗਰਸ ਦੇ ਪ੍ਰਧਾਨ ਅਤੇ ਮਾਰਕਿਟ ਕਮੇਟੀ ਸ਼ਾਹਕੋਟ ਦੇ ਸਾਬਕਾ ਚੇਅਰਮੈਨ ਸੁਰਿੰਦਰਜੀਤ ਸਿੰਘ ਚੱਠਾ ਅਤੇ ਸੁਖਦੀਪ ਸਿੰਘ ਕੰਗ ਪੀਏ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਉਨ੍ਹਾਂ ਦੇ ਗ੍ਰਹਿ ਪਹੁੰਚ ਕੇ ਕੇਕ ਕਟਵਾ ਕੇ ਵਧਾਈਆਂ ਦਿੱਤੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਬਾ ਜਸਵੰਤ ਸਿੰਘ, ਕੁਲਵੰਤ ਕੌਰ(ਪਤਨੀ ਜਗਤਾਰ ਸਿੰਘ ਖਾਲਸਾ), ਪਹਿਲਵਾਨ ਨਛੱਤਰ ਸਿੰਘ ਸੱਤੀ ਢੰਡੋਵਾਲ, ਮਨਜੀਤ ਸਿੰਘ ਸੱਤਾ ਟਰਾਂਸਪੋਟਰ, ਰੌਮੀ ਗਿੱਲ ਸਾਬਕਾ ਮੈਂਬਰ ਨਗਰ ਪੰਚਾਇਤ ਸ਼ਾਹਕੋਟ, ਬੰਟੀ ਬਠੱਲਾ ਪ੍ਰਧਾਨ ਅਰੋੜਾ ਮਹਾਂ ਸਭਾ ਯੂਨਿਟ ਸ਼ਾਹਕੋਟ, ਅਮਨਦੀਪ ਸੈਦਪੁਰੀ ਜ਼ਿਲ੍ਹਾ ਮੀਡੀਆ ਇਨਚਾਰਜ ਕਾਂਗਰਸ ਹਾਜ਼ਰ ਸਨ।

# ਸਾਦਗੀ, ਨਿਮਰਤਾ ਤੇ ਦ੍ਰਿੜ੍ਹਤਾ ਹੀ ਮਹਾਨਤਾ ਦੇ ਲੱਛਣ : ਡਾ. ਪੰਨੂ



**ਸੁਲਤਾਨਪੁਰ ਲੋਧੀ ( ਹਨੀ )** ਗੁਰੂ ਨਾਨਕ ਖਾਲਸਾ ਕਾਲਜ ਵਿਖੇ ਸਾਲਾਨਾ ਇਨਾਮ ਵੰਡ ਸਮਾਗਮ ਦਾ ਆਯੋਜਨ ਬੜੀ ਧੂਮਧਾਮ ਨਾਲ ਕੀਤਾ ਗਿਆ । ਪ੍ਰਸਿੱਧ ਲੇਖਕ ਅਤੇ ਸਿੱਖ ਸਟੱਡੀਜ਼ ਦੇ ਵਿਦਵਾਨ ਡਾ. ਹਰਪਾਲ ਸਿੰਘ ਪੰਨੂ ( ਪ੍ਰੋ. ਚੰਡੀਗੜ੍ਹ ਯੂਨੀਵਰਸਿਟੀ ਮੋਹਾਲੀ ) ਮੁੱਖ ਮਹਿਮਾਨ ਅਤੇ ਕਾਲਜ ਦੀ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਇੰਜੀਨੀਅਰ ਸਵਰਨ ਸਿੰਘ, ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਤੇ ਸਕੱਤਰ ਮੈਨੇਜਿੰਗ ਕਮੇਟੀ ਗੁਰੂ ਨਾਨਕ ਖਾਲਸਾ ਕਾਲਜ, ਇੰਜੀਨੀਅਰ ਹਰਨਿਆਮਤ ਕੌਰ ਮੈਂਬਰ ਮੈਨੇਜਿੰਗ ਕਮੇਟੀ, ਇੰਜੀਨੀਅਰ ਨਿਮਰਤਾ ਕੌਰ ਉਪ-ਪ੍ਰਧਾਨ ਕਾਲਜ ਕਮੇਟੀ ਸਮਾਗਮ ਵਿਚ ਬਤੌਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ।ਇਸ ਦੌਰਾਨ ਨੰਦ ਸਿੰਘ, ਜਰਨੈਲ ਸਿੰਘ ਕਾਂਗਣਾ, ਸੁਮਿਤ ਸਿੰਘ ਮੈਂਬਰ ਮੈਨੇਜਿੰਗ ਕਮੇਟੀ, ਦਿਆਲ ਸਿੰਘ ਦੀਪੇਵਾਲ, ਇੰਜੀਨੀਅਰ ਅਰਵਿੰਦਰ ਸਿੰਘ, ਪ੍ਰਿੰਸੀਪਲ ਜਸਵਿੰਦਰ ਕੌਰ, ਸਰਪੰਚ ਜੋਗਿੰਦਰ ਸਿੰਘ, ਚਰਨਜੀਤ ਸਿੰਘ ਸਹੋਤਾ, ਦਲਜੀਤ ਕੌਰ, ਸਤਵੰਤ ਕੌਰ ਅਤੇ ਗੁਰਬਖਸ਼ ਕੌਰ ਵੀ ਸਮਾਗਮ ਵਿੱਚ ਉਚੇਚੇ ਤੌਰ 'ਤੇ ਸ਼ਾਮਲ ਹੋਏ । ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਜਸਬੀਰ ਕੌਰ ਨੇ ਕਾਲਜ ਦੀਆਂ ਸਾਲਾਨਾ ਗਤੀਵਿਧੀਆਂ ਅਤੇ ਪ੍ਰਾਪਤੀਆਂ ਸਬੰਧੀ ਚਾਨਣਾ ਪਾਇਆ ਅਤੇ ਸਮਾਗਮ ਵਿਚ ਪਹੁੰਚੇ ਮਹਿਮਾਨਾਂ ਦਾ ਧੰਨਵਾਦ ਕੀਤਾ । ਇਸ ਦੌਰਾਨ ਅਕਾਦਮਿਕ, ਸਪੋਰਟਸ ਅਤੇ ਸੱਭਿਆਚਾਰਕ ਖੇਤਰ ਵਿੱਚ ਮੱਲਾਂ ਮਾਰਨ ਵਾਲੇ 115 ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਕਾਲਜ ਦੀ ਐਮ.ਏ ਭਾਗ ਦੂਜਾ ਦੀ ਵਿਦਿਆਰਥਣ ਨਵਦੀਪ ਕੌਰ ਪੁੱਤਰੀ ਜਸਪ੍ਰੀਤ ਸਿੰਘ, ਆਤਮਾ ਸਿੰਘ ਐਕਸੀਲੈਂਸ ਐਵਾਰਡ 'ਤੇ ਕਬਜ਼ਾ ਕਰਨ 'ਚ ਸਫਲ ਰਹੀ । ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਡਾ. ਹਰਪਾਲ ਸਿੰਘ ਪੰਨੂ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਬਚਪਨ ਤੋਂ ਹੀ ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ ਅਤੇ ਵਿਦਿਆਰਥੀਆਂ ਦਾ ਮੁੱਖ ਨਿਸ਼ਾਨਾ ਵਿਦਿਆ ਪ੍ਰਾਪਤੀ ਹੋਣਾ ਚਾਹੀਦਾ ਹੈ, ਧਨ ਦੌਲਤ ਤਾਂ ਮਿਹਨਤ ਕਰਨ ਨਾਲ ਆਪੇ ਹੀ ਆ ਜਾਂਦੇ ਹਨ। ਉਹਨਾਂ ਕਿਹਾ ਕਿ ਸਾਦਗੀ, ਨਿਮਰਤਾ ਤੇ ਦ੍ਰਿੜ੍ਹਤਾ ਹੀ ਮਹਾਨਤਾ ਦੇ ਲੱਛਣ ਹਨ।

ਇਸ ਦੌਰਾਨ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ । ਅੰਤ ਵਿੱਚ ਵਿਦਿਆਰਥਣਾਂ ਨੇ ਲੋਕ ਨਾਚ ਗਿੱਧੇ ਦੀ ਪੇਸ਼ਕਾਰੀ ਕਰਕੇ ਸਮਾਗਮ ਨੂੰ ਯਾਦਗਾਰੀ ਬਣਾ ਦਿੱਤਾ। ਮੰਚ ਸੰਚਾਲਨ ਪ੍ਰੋ. ਸਿਮਰਜੀਤ ਕੌਰ ਅਤੇ ਪ੍ਰੋ. ਰਿਸ਼ੂ ਬਾਲਾ ਵੱਲੋਂ ਕੀਤਾ ਗਿਆ। ਇਸ ਮੌਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਆਰ.ਸੀ.ਐਫ ਦੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ, ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਦੇ ਪ੍ਰਿੰਸੀਪਲ ਰੇਨੂੰ ਅਰੋੜਾ, ਨਨਕਾਣਾ ਸਾਹਿਬ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਦੇ ਪ੍ਰਿੰਸੀਪਲ ਨਿਧੀ ਸੰਗੋਤਰਾ ਤੋਂ ਇਲਾਵਾ ਪ੍ਰੋ.ਸੁਖਪਾਲ ਸਿੰਘ ਕੋਆਰਡੀਨੇਟਰ ਗਰਲਜ਼ ਵਿੰਗ, ਡਾ. ਮਨੀ ਛਾਬੜਾ ਮੁਖੀ ਕਾਮਰਸ ਵਿਭਾਗ, ਪ੍ਰੋ. ਰਾਜਦੀਪ ਕੌਰ ਜੋਸਨ ਮੁਖੀ ਪੰਜਾਬੀ ਅਤੇ ਆਰਟਸ ਵਿਭਾਗ, ਪ੍ਰੋ. ਰਾਜਪ੍ਰੀਤ ਕੌਰ ਮੁਖੀ ਕੰਪਿਊਟਰ ਵਿਭਾਗ, ਪ੍ਰੋ. ਗੁਰਪ੍ਰੀਤ ਕੌਰ ਮੁਖੀ ਸੰਗੀਤ ਵਿਭਾਗ, ਜੁਗਰਾਜ ਸਿੰਘ, ਅਰਸ਼ਪ੍ਰੀਤ ਕੌਰ, ਜਸਪ੍ਰੀਤ ਕੌਰ, ਜਸਵੀਰ ਕੌਰ, ਮਨਮੀਤ ਕੌਰ, ਸਰਬਜੀਤ ਕੌਰ, ਹਰਪ੍ਰੀਤ ਸਿੰਘ, ਸੰਦੀਪ ਕੌਰ, ਹਰਿੰਦਰ ਕੌਰ, ਹਰਜਾਪ ਸਿੰਘ, ਨਿਵਿਆ ਸ਼ਰਮਾ, ਦੀਕਸ਼ਾ , ਡਾ. ਅਮਨਦੀਪ ਕੌਰ, ਇਸ਼ਿਤਾ ਅਮਰੀਕ ਸਿੰਘ, ਅਜਮੇਰ ਸਿੰਘ, ਅਮਨਦੀਪ ਕੌਰ, ਕਮਲਜੀਤ ਕੌਰ, ਕਿਰਨਦੀਪ ਕੌਰ ਆਦਿ ਸਟਾਫ਼ ਮੈਂਬਰ ਹਾਜ਼ਰ ਸਨ।

# ਵੱਖ-ਵੱਖ ਪਾਰਟੀਆਂ ਨਾਲ ਸੰਬੰਧਤ ਲੋਕ ਆਮ ਆਦਮੀ ਪਾਰਟੀ 'ਚ ਸ਼ਾਮਲ



**ਬੰਗਾ (ਅਵਤਾਰ ਕਲੇਰ)** ਹਲਕੇ ਦੇ ਪਿੰਡ ਕੱਟ ਵਿਖੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਕੁਲਜੀਤ ਸਿੰਘ ਸਰਹਾਲ ਦੀ ਅਗਵਾਈ 'ਚ ਵੱਖ ਵੱਖ ਪਾਰਟੀਆਂ ਨੂੰ ਛੱਡ ਕੇ ਲੋਕ ਸ੍ਰੀ ਅਨੰਦਪੁਰ ਸਾਹਿਬ ਤੋਂ ਪਾਰਟੀ ਦੇ ਉਮੀਦਵਾਰ ਮਲਵਿੰਦਰ ਸਿੰਘ ਕੰਗ ਦੀ ਹਾਜ਼ਰੀ ਵਿੱਚ ਆਮ ਆਦਮੀ ਪਾਰਟੀ 'ਚ ਸ਼ਾਮਿਲ ਹੋਏ। ਸਰਹਾਲ ਨੇ ਪਾਰਟੀ 'ਚ ਸ਼ਾਮਿਲ ਹੋਏ ਵਿਅਕਤੀਆਂ ਦਾ ਨਿੱਘਾ ਸਵਾਗਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਨੂੰ ਲੋਕ ਪਸੰਦ ਕਰਦੇ ਹਨ। ਲੋਕ ਸਭਾ ਹਲਕਾ ਸ਼੍ਰੀ ਆਨੰਦਪੁਰ ਸਾਹਿਬ ਤੋਂ ਉਮੀਦਵਾਰ ਮਲਵਿੰਦਰ ਸਿੰਘ ਕੰਗ ਨੇ ਸ਼ਾਮਿਲ ਹੋਏ ਵਿਅਕਤੀਆਂ ਨੂੰ ਸਿਰੋਪਾਓ ਭੇਂਟ ਕਰਕੇ ਸਨਮਾਨਿਤ ਕੀਤਾ।

ਇਸ ਮੌਕੇ ਤੇਜਸਪ੍ਰੀਤ ਸਿੰਘ ਰੌਬੀ ਕੰਗ, ਮੈਡਮ ਹਰਜੋਤ ਕੌਰ ਲੋਹਟੀਆ, ਗੁਰਮਿੰਦਰ ਸਿੰਘ ਕੱਟ, ਜਗਜੀਤ ਸਿੰਘ ਬਲਾਕੀਪੁਰ, ਰਣਜੀਤ ਸਿੰਘ ਮੰਤਰੀ, ਕੁਲਵਰਨ ਸਿੰਘ,ਹਰਜੀਤ ਸਿੰਘ ਸੋਢੀ, ਗੁਰਦੀਪ ਸਿੰਘ ਦੀਪਾ, ਹਰਵਿੰਦਰ ਸਿੰਘ, ਮਨਦੀਪਸਿੰਘ, ਹਰਜਿੰਦਰ ਸਿੰਘ, ਕੁਲਦੀਪ ਰਾਜ, ਮੇਜਰ ਸਿੰਘ, ਜਸਵੀਰ ਸਿੰਘ,ਰਣਜੀਤ ਕੁਮਾਰ, ਅਵਤਾਰ ਸਿੰਘ ਲਾਡੀ, ਸੁਰਿੰਦਰ ਸਿੰਘ ਆਦਿ ਹਾਜ਼ਰ ਸਨ।

# ਵੋਟਾਂ ਦੀ ਖਾਤਰ ਪੰਥਕ ਮਖੌਟਾ ਪਾਉਣ ਦਾ ਯਤਨ ਕਰ ਰਿਹੈ ਖਹਿਰਾ - ਡਾ. ਜੱਖੂ

**ਫਗਵਾੜਾ ( ਡਾ. ਰਮਨ )** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਮੀਤ ਪ੍ਰਧਾਨ ਅਤੇ ਮੁੱਖ ਬੁਲਾਰੇ ਡਾ. ਹਰਜਿੰਦਰ ਸਿੰਘ ਜੱਖੂ ਨੇ ਸੰਗਰੂਰ ਲੋਕ ਸਭਾ ਹਲਕੇ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੂੰ ਕਾਤਲ ਜਮਾਤ ਦਾ ਨੁਮਾਇੰਦਾ ਕਰਾਰ ਦਿੰਦਿਆਂ ਕਿਹਾ ਕਿ ਸਿਰਫ ਵੋਟਾਂ ਹਾਸਲ ਕਰਨ ਲਈ ਉਸਨੇ ਪੰਥਕ ਮਖੌਟਾ ਪਾ ਲਿਆ ਹੈ। ਇੱਥੇ ਜਾਰੀ ਇਕ ਪ੍ਰੈਸ ਬਿਆਨ ਵਿਚ ਡਾ. ਜੱਖੂ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਵਾਉਣ ਵਾਲੀ ਅਤੇ 1984 ਦੇ ਸਿੱਖ ਕਤਲੇਆਮ ਦੀ ਜ਼ਿੰਮੇਵਾਰ ਕਾਂਗਰਸ ਪਾਰਟੀ ਹੈ ਅਤੇ ਸੁਖਪਾਲ ਖਹਿਰਾ ਉਸਦਾ ਸਿਪਾਹਸਲਾਰ ਹੈ। ਉਹਨਾਂ ਕਿਹਾ ਕਿ ਪੰਥਕ ਆਵਾਜ ਅਤੇ ਨਿਧੜਕ ਆਗੂ ਸਿਮਰਨਜੀਤ ਸਿੰਘ ਮਾਨ 'ਤੇ ਚਿੱਕੜ ਉਛਾਲਣ ਦੀ ਬਜਾਏ ਸੁਖਪਾਲ ਖਹਿਰਾ ਜੇਕਰ ਆਪਣੇ ਆਗੂ ਰਾਹੁਲ ਗਾਂਧੀ ਨੂੰ ਸੰਗਰੂਰ ਲੋਕ ਸਭਾ ਹਲਕੇ ਤੋਂ ਚੋਣ ਲੜਾਉਣ ਤਾਂ ਹਲਕੇ ਦੀ ਜਨਤਾ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿਤਾਰਾ ਕਰ ਦੇਵੇਗੀ। ਉਹਨਾਂ ਸੁਖਪਾਲ ਖਹਿਰਾ ਨੂੰ ਸੰਗਰੂਰ ਤੋਂ ਉਮੀਦਵਾਰ ਬਨਾਉਣ ਵਿਚ ਕੇਂਦਰੀ ਏਜੰਸੀਆਂ ਅਤੇ ਕਾਂਗਰਸ ਪਾਰਟੀ ਦੀ ਆਪਸੀ ਮਿਲੀਭੁਗਤ ਹੋਣ ਦੀ ਗੱਲ ਵੀ ਕਹੀ ਅਤੇ ਪੰਜਾਬ ਸਰਕਾਰ ਵਲੋਂ ਖਹਿਰਾ ਦੇ ਖਿਲਾਫ ਕੇਸ ਵਾਪਸ ਲੈਣ ਪ੍ਰਤੀ ਵੀ ਸਵਾਲ ਖੜੇ ਕੀਤੇ। ਉਹਨਾਂ ਕਾਂਗਰਸ ਉਮੀਦਵਾਰ ਨੂੰ ਤਾੜਨਾ ਕਰਦਿਆਂ ਕਿਹਾ ਕਿ ਜੇਕਰ ਸੁਖਪਾਲ ਸਿੰਘ ਖਹਿਰਾ ਨੇ ਆਪਣੀ ਜੁਬਾਨ ਬੰਦ ਨਾ ਕੀਤੀ ਤਾਂ ਪਰਦੇ ਪਿੱਛੇ ਦੇ ਸਾਰੇ ਰਾਜ ਜਨਤਕ ਕੀਤੇ ਜਾਣਗੇ। ਉਹਨਾਂ ਦਾਅਵਾ ਕੀਤਾ ਕਿ ਸਿਮਰਨਜੀਤ ਸਿੰਘ ਮਾਨ ਸੰਗਰੂਰ ਲੋਕ ਸਭਾ ਹਲਕੇ ਤੋਂ ਇਕ ਵਾਰ ਫਿਰ ਸ਼ਾਨਦਾਰ ਜਿੱਤ ਹਾਸਲ ਕਰਨਗੇ।

# ਯੂ ਪੀ ਐਸ ਸੀ ਪ੍ਰੀਖਿਆ 'ਚ ਭਾਗ ਲੈਣ ਵਾਲੇ ਵਿਦਿਆਰਥੀਆਂ ਲਈ ਆਨਲਾਈਨ ਸੈਮੀਨਾਰ



**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ)** ਜ਼ਿਲ੍ਹਾ ਪ੍ਰਸ਼ਾਸਨ ਹੁਸ਼ਿਆਰਪੁਰ ਵੱਲੋਂ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀ ਅਗਵਾਈ ਹੇਠ ਚਲਾਈ ਜਾ ਰਹੀ ਡਿਜਿਟਲ ਲਾਇਬ੍ਰੇਰੀ ਵਿਖੇ ਵਿਦਿਆਰਥੀਆਂ ਦੀ ਸਹੂਲਤ ਅਤੇ ਉਨ੍ਹਾਂ ਦੇ ਮਾਰਗ ਦਰਸ਼ਨ ਲਈ ਕਰਵਾਏ ਜਾਂਦੇ ਸੈਮੀਨਾਰਾਂ ਦੀ ਲੜੀ ਤਹਿਤ ਯੂ ਪੀ ਐਸ ਸੀ ਪ੍ਰੀਖਿਆ ਦੀ ਤਿਆਰੀ ਕਰਨ ਵਾਲੇ ਵਿਦਿਆਰਥੀਆਂ ਲਈ ਇਕ ਆਨਲਾਈਨ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿਚ ਵੱਖ-ਵੱਖ ਕਾਲਜਾਂ, ਜਿਵੇਂ ਕਿ ਸਰਕਾਰੀ ਕਾਲਜ ਹੁਸ਼ਿਆਰਪੁਰ, ਡੀ ਏ ਵੀ ਕਾਲਜ ਹੁਸ਼ਿਆਰਪੁਰ, ਐਸ ਡੀ ਕਾਲਜ ਹੁਸ਼ਿਆਰਪੁਰ ਆਦਿ, ਦੇ 100 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਸਹਾਇਕ ਕਮਿਸ਼ਨਰ ਦਿਵਿਆ ਪੀ, ਆਈ ਏ ਐਸ ਅਤੇ ਡੀ ਡੀ ਐਫ ਜੋਇਆ ਸਿੱਦੀਕੀ ਨੇ ਵਿਸ਼ੇਸ਼ ਤੌਰ 'ਤੇ ਸ਼ਿਕਰਤ ਕੀਤੀ ਅਤੇ ਵਿਦਿਆਰਥੀਆਂ ਨੂੰ ਇਸ ਪ੍ਰੀਖਿਆ ਦੀ ਤਿਆਰੀ ਲਈ ਪ੍ਰੇਰਿਤ ਕੀਤਾ।ਮੋਟੀਵੇਸ਼ਨਲ ਸਪੀਕਰ ਅਤੇ ਰਾਜਨੀਤੀ ਸ਼ਾਸਤਰ ਦੇ ਮਾਹਿਰ ਸ਼ੁਭਰਾ ਰੰਜਨ ਵੱਲੋਂ ਇਸ ਆਨਲਾਈਨ ਸੈਮੀਨਾਰ ਨੂੰ ਸੰਬੋਧਿਤ ਕੀਤਾ ਗਿਆ, ਜਿਸ ਵਿਚ ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਯੂ ਪੀ ਐਸ ਈ ਪ੍ਰੀਖਿਆ ਦੀ ਤਿਆਰੀ ਸਬੰਧੀ ਖਾਸ ਨੁਕਤੇ ਦੱਸੇ ਗਏ। ਹੁਸ਼ਿਆਰਪੁਰ ਇੰਸਟੀਚਿਊਟ ਆਫ ਆਟੋਮੋਟਿਵ ਐਂਡ ਡਰਾਈਵਿੰਗ ਸਕਿੱਲਜ਼ ਦੇ ਪ੍ਰਿੰਸੀਪਲ ਮੰਗੇਸ਼ ਸੂਦ ਨੇ ਇਸ ਮੌਕੇ ਦੱਸਿਆ ਕਿ ਮਾਰਚ 2023 ਤੋਂ ਚਲਾਈ ਜਾ ਰਹੀ ਇਸ ਡਿਜੀਟਲ ਲਾਇਬ੍ਰੇਰੀ ਵਿਚ ਹਰ ਤਰ੍ਹਾਂ ਦੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਲਈ ਆਫਲਾਈਨ ਅਤੇ ਆਨਲਾਈਨ ਕਿਤਾਬਾਂ ਅਤੇ ਸਟੱਡੀ ਸੁਵਿਧਾਵਾਂ ਉਪਲਬੱਧ ਹਨ। ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ ਵਿਚ ਲੱਗਭਗ 600 ਦੇ ਕਰੀਬ ਵਿਦਿਆਰਥੀ ਇਸ ਲਾਇਬ੍ਰੇਰੀ ਦਾ ਭਰਪੂਰ ਲਾਭ ਲੈ ਰਹੇ ਹਨ। ਇਸ ਮੌਕੇ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਸੰਦੀਪ ਕੁਮਾਰ, ਕਾਊਂਸਲਰ ਅਦਿੱਤਿਆ ਰਾਣਾ, ਲਾਇਬ੍ਰੇਰੀਅਨ ਵਿਜੇ ਕੁਮਾਰ ਅਤੇ ਹੋਰ ਮੌਜੂਦ ਸਨ।

# ਸਰਕਾਰੀ ਸਕੂਲ ਤਾਜਪੁਰ ਦੀ ਵਿਦਿਆਰਥਣ ਨੇ ਹਾਸਲ ਕੀਤੀ ਮੈਰਿਟ



**ਮੋਰਿੰਡਾ( ਜੈਜੀ ਸਰਦਾਰ )** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਾਜ ਪੁਰ ਦੀ ਵਿਦਿਆਰਥਣ ਪਵਨਪ੍ਰੀਤ ਕੌਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਨਤੀਜੇ ਵਿੱਚ ਮੈਰਿਟ ਵਿੱਚ ਆ ਕੇ ਸਕੂਲ , ਸਟਾਫ, ਮਾਪਿਆਂ ਅਤੇ ਮੋਰਿੰਡਾ ਇਲਾਕੇ ਦਾ ਨਾਂਅ ਰੌਸ਼ਨ ਕੀਤਾ ਹੈ। ਪ੍ਰਿੰਸੀਪਲ ਅਤੇ ਬੀ ਐਂਨ ਓ ਮੋਰਿੰਡਾ ਸੁਰਿੰਦਰ ਕੁਮਾਰ ਘਈ ਨੇ ਦੱਸਿਆ ਕਿ ਮੋਰਿੰਡਾ ਬਲਾਕ ਵਿੱਚੋਂ ਇਸ ਵਿਦਿਆਰਥਣ ਨੇ ਹੀ ਮੈਰਿਟ ਵਿੱਚ ਥਾਂ ਬਣਾਈ ਹੈ। ਇਸ ਸਬੰਧੀ ਜਦੋਂ ਸਕੂਲ ਦੀ ਇਸ ਖੁਸ਼ਖਬਰੀ ਦਾ ਪਤਾ ਲੱਗਿਆ ਤਾਂ ਪ੍ਰਿੰਸੀਪਲ ਅਤੇ ਸਟਾਫ ਮੈਂਬਰ ਉਹਨਾਂ ਦੇ ਘਰ ਵਧਾਈ ਦੇਣ ਲਈ ਪੁੱਜੇ। ਇਸ ਮੌਕੇ ਉਹਨਾਂ ਦੇ ਮਾਤਾ ਬਲਵਿੰਦਰ ਕੌਰ ਪਿਤਾ ਧਰਮਿੰਦਰ ਸਿੰਘ ਨੇ ਕਿਹਾ ਕਿ ਉਹਨਾਂ ਨੂੰ ਆਪਣੀ ਧੀ ਉੱਤੇ ਮਾਣ ਹੈ ਜਿਸ ਨੇ ਆਪਣੀ ਮਿਹਨਤ ਨਾਲ ਮੈਰਿਟ ਵਿੱਚ ਸਥਾਨ ਹਾਸਲ ਕੀਤਾ ਹੈ। ਪਵਨਪ੍ਰੀਤ ਕੌਰ ਨੇ ਕਿਹਾ ਕਿ ਉਹ ਵੱਡੀ ਹੋਕੇ ਵਕੀਲ ਬਣਨਾ ਚਾਹੁੰਦੀ ਹੈ। ਪਿੰਡ ਦੀ ਸਰਪੰਚ ਰਣਦੀਪ ਕੌਰ, ਬਲਬੀਰ ਕੌਰ ਨੇ ਬੱਚੇ ਦੀ ਪ੍ਰਾਪਤੀ 'ਤੇ ਖ਼ੁਸ਼ੀ ਦਾ ਇਜਹਾਰ ਕੀਤਾ ਹੈ। ਇਸ ਮੌਕੇ ਇਸ ਮੌਕੇ , ਕੰਚਨ ਬਾਲਾ , ਗੁਰਇੰਦਰਜੀਤ ਸਿੰਘ ਮਾਨ , ਜੋਤੀ ਸਿੰਘ, ਕੰਵਲਜੀਤ ਕੌਰ, ਰਮਨਦੀਪ ਕੌਰ, ਜੋਤਪ੍ਰੀਤ ਸਿੰਘ, ,ਸਤਵਿੰਦਰ ਸਿੰਘ ਬਾਜਵਾ, ਇੰਦਰਜੀਤ ਸਿੰਘ ਸਟਾਫ ਮੈਂਬਰ ਅਤੇ ਜਸਬੀਰ ਸਿੰਘ ਸ਼ਾਂਤਪੁਰੀ ਆਦਿ ਵਧਾਈ ਦੇਣ ਵਾਲਿਆਂ ਵਿੱਚ ਸ਼ਾਮਿਲ ਸਨ।

# ਨੌਜਵਾਨ ਤੋਂ ਹੈਰੋਇਨ ਬਰਾਮਦ

**ਫਗਵਾੜਾ (ਡਾ. ਰਮਨ )**—ਐਸ.ਆਈ. ਬਿਸਮਨ ਸਿੰਘ ਸਾਹੀ ਇੰਚਾਰਜ ਸੀ.ਆਈ.ਏ ਸਟਾਫ ਫਗਵਾੜਾ ਦੀ ਪੁਲਸ ਪਾਰਟੀ ਵੱਲੋਂ ਇਕ ਨੌਜਵਾਨ ਕੋਲੋਂ 10 ਗ੍ਰਾਮ ਹੈਰੋਇਨ ਬ੍ਰਾਮਦ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ। ਵਤਸਲਾ ਗੁਪਤਾ ਸੀਨੀਅਰ ਪੁਲਸ ਕਪਤਾਨ ਕਪੂਰਥਲਾ ਨੇ ਦੱਸਿਆ ਕਿ ਸੀ.ਆਈ.ਏ ਸਟਾਫ ਫਗਵਾੜਾ ਦੀ ਟੀਮ ਪਲਾਹੀ ਰੋਡ 'ਤੇ ਗੁਰੂਦੁਆਰਾ ਬਾਬਾ ਘਨਈਆ ਤੋਂ ਜੀ.ਟੀ.ਰੋਡ ਨੂੰ ਜਾ ਰਹੇ ਸੀ ਤਾਂ ਅੱਗੋ ਜੀ.ਟੀ.ਰੋਡ ਤਰਫੋਂ ਇੱਕ ਮੋਨਾ ਨੌਜਵਾਨ ਪੈਦਲ ਆਉਂਦਾ ਦਿਖਾਈ ਦਿੱਤਾ ਜੋ ਪੁਲਸ ਪਾਰਟੀ ਨੂੰ ਦੇਖ ਕੇ ਯਕਦਮ ਦੌੜਨ ਲੱਗਾ ਤਾਂ ਪੁਲਸ ਪਾਰਟੀ ਨੇ ਨੌਜਵਾਨ ਨੂੰ ਗ੍ਰਿਫਤਾਰ ਕਰ ਲਿਆ, ਜਿਸਨੇ ਆਪਣਾ ਨਾਂਅ ਸੱਜੂ ਮਲੱਕ ਉਰਫ ਟੀਡਾ ਪੁੱਤਰ ਕੁਲਵਰਧਨ ਪਲਾਹੀ ਗੇਟ ਥਾਣਾ ਸਿਟੀ ਫਗਵਾੜਾ ਜ਼ਿਲ੍ਹਾ ਕਪੂਰਥਲਾ ਦੱਸਿਆ, ਜਿਸ ਪਾਸੋ 10 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ।



# ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ 'ਚ ਵਿਦਿਆਰਥੀਆਂ ਨੂੰ ਵੋਟਾਂ ਦਾ ਮਹੱਤਵ ਦੱਸਿਆ




**ਆਦਮਪੁਰ (ਪਰਮਜੀਤ ਸਿੰਘ)**- ਜ਼ਿਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਜਲੰਧਰ ਦੀ ਅਗਵਾਈ ਵਿੱਚ ਸਵੀਪ ਟੀਮ ਜਲੰਧਰ ਵਲੋਂ ਵੱਖ ਵੱਖ ਵਿਧਾਨ ਸਭਾਵਾਂ ਵਿਚ ਵੋਟਰਾਂ ਨੂੰ ਜਾਗਰੂਕ ਕਰਨ ਲਈ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਹਨ ।ਇਸੇ ਲੜੀ ਵਿਚ ਅੱਜ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਖਿਆਲਾ ਵਿਖੇ ਵੋਟਰ ਰਜਿਸਟ੍ਰੇਸ਼ਨ ਕੈਂਪ ਤੇ ਚੇਤਨਤਾ ਪ੍ਰੋਗਰਾਮ ਕਰਵਾਇਆ ਗਿਆ।ਇਸ ਮੌਕੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਧਰਮਜੀਤ ਸਿੰਘ ਪਰਮਾਰ, ਸਵੀਪ ਜ਼ਿਲ੍ਹਾ ਇੰਚਾਰਜ ਡਾ. ਸੁਰਜੀਤ ਲਾਲ, ਸਹਾਇਕ ਜ਼ਿਲ੍ਹਾ ਇੰਚਾਰਜ ਡਾ. ਅਸ਼ੋਕ ਸਹੋਤਾ, ਨੋਡਲ ਅਫ਼ਸਰ ਰਵਿੰਦਰਪਾਲ ਸਿੰਘ ਬੈਂਸ, ਨੋਡਲ ਅਫ਼ਸਰ ਲੈਕਚਰਾਰ ਗੁਰਿੰਦਰ ਸਿੰਘ, ਇੰਚਾਰਜ ਲੈਕਚਰਾਰ ਬ੍ਰਿਜ ਲਾਲ, ਅਸਿਸਟੈਂਟ ਨੋਡਲ ਅਫ਼ਸਰ ਕਮਲਜੀਤ ਕੜਿਆਣਾ ਵਲੋਂ ਸਵੀਪ ਗਤੀਵਿਧੀਆਂ ਦਾ ਸੰਚਾਲਨ ਕੀਤਾ ਗਿਆ ਤੇ ਸਾਰੇ ਵਿਦਿਆਰਥੀਆਂ ਨੂੰ ਵੋਟਾਂ ਬਣਾਉਣ ਤੇ ਵੋਟਾਂ ਪਾਉਣ ਲਈ ਪ੍ਰੇਰਿਤ ਕੀਤਾ ਗਿਆ ।

# ਡਾਕਟਰ 'ਤੇ ਹੋਏ ਹਮਲੇ ਦੇ ਵਿਰੋਧ 'ਚ ਰੋਸ ਮੁਜ਼ਾਹਰਾ



**ਮਾਹਿਲਪੁਰ (ਸਫਰੀ)** - ਕਮਿਊਨਿਟੀ ਹੈਲਥ ਸੈਂਟਰ ਮਾਹਿਲਪੁਰ ਵਿੱਚ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਐਸ ਐਮ ਓ ਡਾਕਟਰ ਸੁਨੀਲ ਕੁਮਾਰ ਭਗਤ 'ਤੇ ਹੋਏ ਹਮਲੇ ਦੇ ਵਿਰੋਧ ਵਿੱਚ ਦੋ ਘੰਟੇ ਲਈ ਸੀ ਐਚ ਸੀ ਮਾਹਿਲਪੁਰ ਵਿੱਚ ਓ ਪੀ ਡੀ ਵਿਚ ਮੁਕੰਮਲ ਤੌਰ ਮਰੀਜ਼ਾਂ ਦੀ ਚੈਕਅੱਪ ਦਾ ਕੰਮ ਠੱਪ ਰੱਖਿਆ ਗਿਆ । ਸੀਨੀਅਰ ਮੈਡੀਕਲ ਅਫਸਰ ਜਸਵੰਤ ਸਿੰਘ ਥਿੰਦ ਨੇ ਕਿਹਾ ਕਿ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਦੀ ਸੁਰੱਖਿਆ ਲਈ ਪੁਲਸ ਸਹਾਇਤਾ 24 ਘੰਟੇ ਉਪਲਬਧ ਹੋਣੀ ਚਾਹੀਦੀ ਹੈ । ਜੇ ਡਾਕਟਰ ਹੀ ਸੁਰੱਖਿਅਤ ਨਹੀਂ ਤਾਂ ਮਰੀਜ਼ਾਂ ਨੂੰ ਕੌਣ ਵੇਖੇਗਾ । ਉਨ੍ਹਾਂ ਕਿਹਾ ਕਿ ਸਿਵਲ ਹਸਪਤਾਲ ਹੁਸ਼ਿਆਰਪੁਰ ਵਿੱਚ ਐਸ ਐਮ ਓ ਡਾਕਟਰ ਸੁਨੀਲ ਕੁਮਾਰ ਭਗਤ 'ਤੇ ਹੋਏ ਹਮਲੇ ਦੀ ਮੰਦਭਾਗੀ ਘਟਨਾ ਦੇ ਜ਼ਿੰਮੇਵਾਰ ਵਿਅਕਤੀਆਂ 'ਤੇ ਕੜੀ ਤੋਂ ਕੜੀ ਕਾਰਵਾਈ ਹੋਣੀ ਚਾਹੀਦੀ ਹੈ ਤਾਂ ਕਿ ਹਸਪਤਾਲ ਵਿਚ ਸਾਰੇ ਕਰਮਚਾਰੀ ਬੇਖ਼ੌਫ਼ ਆਪਣੀਆਂ ਸੇਵਾਵਾਂ ਪ੍ਰਦਾਨ ਕਰ ਸਕਣ । ਮਾਹਿਲਪੁਰ ਦੇ ਇਕ ਡਾਕਟਰ ਨੇ ਤਾਂ ਇਹ ਵੀ ਕਿਹਾ ਕਿ ਪੁਲਸ ਸੁਰੱਖਿਆ ਨਾ ਹੋਣ ਕਰਕੇ ਸਾਨੂੰ ਗੁੰਡਾ ਅਨਸਰਾਂ ਤੋਂ ਆਪਣੀ ਸੁਰੱਖਿਆ ਵਾਸਤੇ ਰਾਤ ਦੀ ਡਿਊਟੀ ਸਮੇਂ ਆਪਣੇ ਕੋਲ ਬੇਸਬਾਲ ਰੱਖਣੇ ਪੈਂਦੇ ਹਨ। ਇਸ ਮੌਕੇ ਐਸ ਐਮ ਓ ਡਾਕਟਰ ਜਸਵੰਤ ਸਿੰਘ ਥਿੰਦ, ਡੈਂਟਲ ਸਰਜਨ ਜਸਵੀਰ ਕੌਰ, ਸਰਜੀਕਲ ਸਪੈਸ਼ਲਿਸਟ ਡਾਕਟਰ ਬਲਜਿੰਦਰ ਸਿੰਘ, ਮੈਡੀਕਲ ਅਫਸਰ ਡਾਕਟਰ ਮਨਜੀਤ ਕੌਰ, ਡਾਕਟਰ ਪਰਮਿੰਦਰ ਸਿੰਘ, ਰੇਡੀਓਗ੍ਰਾਫਰ ਅਵਤਾਰ ਸਿੰਘ, ਸਟਾਫ ਨਰਸ ਕਮਲਜੀਤ ਕੌਰ ਸਰਵਣ ਸਿੰਘ, ਸੁਖਜਿੰਦਰ ਕੌਰ ਤੋਂ ਇਲਾਵਾ ਸਮੂਹ ਸਟਾਫ ਹਾਜ਼ਰ ਸੀ।

# ਕੇਵਲ ਕ੍ਰਿਸ਼ਨ ਹੰਸ ਨੂੰ ਭਰਪੂਰ ਸ਼ਰਧਾਂਜਲੀਆਂ



**ਸਾਹਕੋਟ (ਗਿਆਨ ਸੈਦਪੁਰੀ)** ਸੇਵਾ ਮੁਕਤ ਟਿਊਬਵੈੱਲ ਅਪਰੇਟਰ ਕੇਵਲ ਕ੍ਰਿਸ਼ਨ ਹੰਸ ਨੂੰ ਵੱਖ ਵੱਖ ਆਗੂਆਂ ਵੱਲੋਂ ਭਰਪੂਰ ਸਰਧਾਂਜ਼ਲੀਆਂ ਭੇਟ ਕੀਤੀਆਂ ਗਈਆ। ਉਹ ਸੰਖੇਪ ਜਿਹੀ ਬਿਮਾਰੀ ਪਿੱਛੋਂ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ। ਸ਼ੁੱਕਰਵਾਰ ਨੂੰ ਸੀ ਐਨ ਆਈ ਚਰਚ ਮੋਗਾ ਰੋਡ ਸਾਹਕੋਟ ਵਿਖੇ ਉਨ੍ਹਾਂ ਨਮਿਤ ਪ੍ਰਾਰਥਨਾ ਸਭਾ ਵਿੱਚ ਸੈਂਕੜੇ ਲੋਕ ਸਾਮਲ ਹੋਏ। ਇਸ ਮੌਕੇ ਪਾਦਰੀ ਜੌਰਜ ਮਸੀਹ ਨੇ ਖੁਦਾ ਦਾ ਕਲਾਮ ਪੜ੍ਹਿਆ। ਉਨ੍ਹਾਂ ਨੇ ਮਸੀਹੀ ਫਲਸਫੇ ਮੁਤਾਬਕ ਜ਼ਿੰਦਗੀ ਅਤੇ ਮੌਤ ਬਾਰੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਪ੍ਰਭੂ ਯਿਸੂ ਮਸੀਹ ਦੀਆਂ ਸਿੱਖਿਆਵਾਂ ਅਨੁਸਾਰ ਜ਼ਿੰਦਗੀ ਜੀਊਣ ਦਾ ਉਪਦੇਸ਼ ਵੀ ਦਿੱਤਾ।

ਡਾ. ਇਕਬਾਲ ਭੱਟੀ ਅਤੇ ਹੋਰਨਾਂ ਨੇ ਮਸੀਹੀ ਭਜਨ ਗਾ ਕੇ ਪ੍ਰਭੂ ਯਿਸੂ ਮਸੀਹ ਨੂੰ ਯਾਦ ਕੀਤਾ। ਇਸ ਮੌਕੇ ਨਗਰ ਪੰਚਾਇਤ ਸਾਹਕੋਟ ਦੇ ਸਾਬਕਾ ਪ੍ਰਧਾਨ ਸਤੀਸ਼ ਰਿਹਾਨ ਨੇ ਭਾਵ ਪੂਰਤ ਸ਼ਬਦਾਂ ਵਿੱਚ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕੇਵਲ ਕ੍ਰਿਸ਼ਨ ਹੰਸ ਦੀ ਜ਼ਿੰਦਗੀ ਦੇ ਵੱਖ ਵੱਖ ਪਹਿਲੂਆਂ ਦਾ ਜਿਕਰ ਕੀਤਾ। ਸਿਸਟਰ ਨਸਰੀਨ ਨੇ ਕੇਵਲ ਕ੍ਰਿਸਨ ਹੰਸ ਨਾਲ ਜੁੜੀਆਂ ਪ੍ਰਵਾਰਕ ਯਾਦਾਂ ਤਾਜੀਆਂ ਕੀਤੀਆਂ। ਦੇਸ ਰਾਜ ਜਾਫਰਵਾਲ ਨੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਨ੍ਹਾਂ ਨੂੰ ਕੰਮੀਆਂ ਦੇ ਵਿਹੜੇ ਦਾ ਸੂਰਜ ਕਹਿ ਕੇ ਉਨ੍ਹਾਂ ਦੇ ਵਿਅਕਤੀਤਵ ਬਾਰੇ ਚਾਨਣਾ ਪਾਇਆ। ਕਾਂਗਰਸ ਪਾਰਟੀ ਦੇ ਬਲਾਕ ਪ੍ਰਧਾਨ ਅਤੇ ਮਾਰਕਿਟ ਕਮੇਟੀ ਸਾਹਕੋਟ ਦੇ ਸਾਬਕਾ ਚੇਅਰਮੈਨ ਸੁਰਿੰਦਰਜੀਤ ਸਿੰਘ ਚੱਠਾ ਨੇ ਵੀ ਸ਼ਰਧਾਂ ਦੇ ਫੁੱਲ ਭੇਟ ਕੀਤੇ। ਸਟੇਜ ਸੰਚਾਲਨ ਸੀ ਐਨ ਆਈ ਚਰਚ ਦੇ ਆਗੂ ਜਸਵਿੰਦਰ ਗਿੱਲ ਨੇ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੇਵਲ ਕ੍ਰਿਸ਼ਨ ਹੰਸ ਦੀਆਂ ਧੀਆਂ ਨੀਲਮ ਤੇ ਪ੍ਰਵੀਨ, ਉਨ੍ਹਾਂ ਦੇ ਪੁੱਤਰ ਬਿੱਟੂ ਤੇ ਅਸ਼ੋਕ, ਪੰਜਾਬ ਕ੍ਰਿਸਚਨ ਮੂਵਮੈਂਟ ਦੇ ਯੂਥ ਵਿੰਗ ਦੇ ਸੂਬਾ ਪ੍ਰਧਾਨ ਸੁਧੀਰ ਨਾਹਰ, ਰਾਜ ਕੁਮਾਰ ਆਦਿ ਹਾਜ਼ਰ ਸਨ।

# ਗਰਮੀ ਦੇ ਮੌਸਮ ਤੋਂ ਬਚਾਓ ਲਈ ਆਪਣੇ ਆਪ ਨੂੰ ਹਾਈਡ੍ਰੇਟਿਡ ਰੱਖਿਆ ਜਾਵੇ : ਡਿਪਟੀ ਕਮਿਸ਼ਨਰ

**ਨਵਾਂਸ਼ਹਿਰ (ਮਨੋਜ ਲਾਡੀ)**-ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਗਰਮੀ ਦੇ ਮੌਸਮ ਦੌਰਾਨ ਗਰਮ ਹਵਾਵਾਂ ਤੋਂ ਬਚਾਓ ਲਈ ਦੁਪਹਿਰ ਨੂੰ ਕੇਵਲ ਜ਼ਰੂਰੀ ਕੰਮ ਹੋਣ 'ਤੇ ਹੀ ਘਰੋਂ ਬਾਹਰ ਨਿਕਲਿਆ ਜਾਵੇ ਅਤੇ ਘਰੋਂ ਬਾਹਰ ਜਾਣ ਤੋਂ ਪਹਿਲਾਂ ਆਪਣਾ ਸਿਰ ਢਕ ਕੇ ਰੱਖਿਆ ਜਾਵੇ। ਇਸ ਲਈ ਕੱਪੜਾ, ਟੋਪੀ ਜਾਂ ਛਤਰੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਹਲਕੇ ਫਿੱਕੇ ਰੰਗ ਅਤੇ ਢਿੱਲੇ ਸੂਤੀ ਕੱਪੜਿਆਂ ਦੀ ਵਰਤੋਂ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਗਰਮੀ ਦੇ ਮੌਸਮ ਦੌਰਾਨ ਅੱਖਾਂ ਦੀ ਸੁਰੱਖਿਆ ਲਈ ਚਸ਼ਮਾ ਅਤੇ ਚਮੜੀ ਦੀ ਸੁਰੱਖਿਆ ਲਈ ਕਿਸੇ ਵੀ ਕਰੀਮ ਦੀ ਵਰਤੋਂ ਕੀਤੀ ਜਾ ਸਕਦੀ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਗਰਮੀ ਦੇ ਮੌਸਮ ਵਿੱਚ ਜ਼ਿਆਦਾ ਤੋਂ ਜ਼ਿਆਦਾ ਪਾਣੀ ਪੀਣਾ ਚਾਹੀਦਾ ਹੈ। ਜੇਕਰ ਕੋਈ ਦਿਲ, ਕਿਡਨੀ ਜਾਂ ਲਿਵਰ ਦੀ ਬਿਮਾਰੀ ਤੋਂ ਪੀੜਿਤ ਹੈ ਤਾਂ ਪਾਣੀ ਦੀ ਵਰਤੋਂ ਡਾਕਟਰੀ ਸਲਾਹ ਅਨੁਸਾਰ ਹੀ ਕਰਨੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਮੌਸਮ ਦੀਆਂ ਖ਼ਬਰਾਂ ਸੰਬੰਧੀ ਜਾਣਕਾਰੀ ਲਈ ਰੇਡੀਓ, ਟੀ.ਵੀ., ਅਖ਼ਬਾਰ ਜਾਂ ਮੌਸਮ ਦੀ ਸੂਚਨਾ ਨਾਲ ਸਬੰਧਤ ਮੋਬਾਇਲ ਐਪ ਦੀ ਵਰਤੋਂ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਆਪਣੇ ਆਪ ਨੂੰ ਹਾਈਡ੍ਰੇਟਿਡ ਰੱਖਣ ਲਈ ਓ.ਆਰ.ਐਸ. ਘੋਲ ਜਾਂ ਘਰ ਵਿੱਚ ਤਿਆਰ ਕੀਤੇ ਤਰਲ ਪਦਾਰਥ ਜਿਵੇਂ ਕਿ ਲੱਸੀ, (ਚੌਲਾਂ ਦਾ ਪਾਣੀ), ਨਿੰਬੂ ਪਾਣੀ, ਨਾਰੀਅਲ ਪਾਣੀ ਆਦਿ ਦੀ ਵਰਤੋਂ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਸਨਸਟ੍ਰੋਕ ਨਾਲ ਪ੍ਰਭਾਵਿਤ ਵਿਅਕਤੀ ਸਿੱਲ੍ਹੇ ਕੱਪੜੇ ਦੀ ਵਰਤੋਂ ਕਰੇ ਤੇ ਸਿਰ 'ਤੇ ਪਾਣੀ ਪਾਏ।ਇਸ ਤੋਂ ਇਲਾਵਾ ਵਿਅਕਤੀ ਨੂੰ ਓ.ਆਰ.ਐਸ ਜਾਂ ਨਿੰਬੂ ਪਾਣੀ ਪੀਣ ਲਈ ਦਿੱਤਾ ਜਾ ਸਕਦਾ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਸ਼ੂਆਂ ਨੂੰ ਗਰਮੀ ਤੋਂ ਬਚਾਉਣ ਲਈ ਸਵੇਰੇ 11:00 ਵਜੇ ਤੋਂ ਸ਼ਾਮ ਦੇ 4:00 ਵਜੇ ਤੱਕ ਕੰਮ ਨਾ ਕਰਵਾਇਆ ਜਾਵੇ ਅਤੇ ਪਸ਼ੂਆਂ ਨੂੰ ਛਾਂ ਵਿੱਚ ਰੱਖਿਆ ਜਾਵੇ ਤੇ ਪੀਣ ਲਈ ਠੰਢਾ ਪਾਣੀ ਦਿੱਤਾ ਜਾਵੇ। ਉਨ੍ਹਾਂ ਦੱਸਿਆ ਕਿ ਜ਼ਿਆਦਾ ਗਰਮੀ ਵਿੱਚ ਪਸ਼ੂਆਂ ਦੇ ਨੇੜੇ ਪਾਣੀ ਦਾ ਛਿੜਕਾਅ ਕੀਤੀ ਜਾਵੇ।

# ਓਵਰਲੋਡ ਟਿੱਪਰਾਂ 'ਤੇ ਨੱਥ ਪਾਵੇ ਸਰਕਾਰ-ਬਾਜਵਾ



**ਕਾਲਾ ਸੰਘਿਆਂ (ਮਨਜੀਤ ਮਾਨ)**-ਕਾਲ਼ਾ ਸੰਘਿਆਂ ਦੇ ਗੁਰਦੁਆਰਾ ਸੰਤ ਬਾਬਾ ਕਾਹਨ ਦਾਸ ਵਿਖੇ ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਸਥਾਨਕ ਆਗੂਆਂ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਬਾਜਵਾ ਦੀ ਅਗਵਾਈ ਹੇਠ ਕੀਤੀ ਗਈ। ਬਾਜਵਾ, ਮੀਤ ਪ੍ਰਧਾਨ ਰਘਬੀਰ ਸਿੰਘ ਅਤੇ ਸਥਾਨਕ ਕਸਬੇ ਦੇ ਪ੍ਰਧਾਨ ਪਲਵਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਾਵਰਕਾਮ ਵਿਭਾਗ ਝੋਨੇ ਦੇ ਸੀਜ਼ਨ ਤੋਂ ਪਹਿਲਾਂ ਆਪਣੀ ਮੁਰੰਮਤ ਆਦਿ ਦਾ ਕੰਮ ਪੂਰਾ ਕਰੇ ਤਾਂ ਕਿ ਝੋਨੇ ਦੀ ਬਿਜਾਈ ਸਮੇਂ ਕਿਸਾਨਾਂ ਨੂੰ ਕੋਈ ਮੁਸ਼ਕਿਲ ਨਾ ਆ ਸਕੇ।ਲੋਕਾਂ ਵੱਲੋਂ ਜੱਥੇਬੰਦੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਇਹ ਓਵਰਲੋਡ ਟਿੱਪਰ ਸੜਕਾਂ 'ਤੇ ਬਹੁਤ ਜ਼ਿਆਦਾ ਸਪੀਡ ਵਿੱਚ ਜਾਂਦੇ ਹਨ ਅਤੇ ਇਹ ਟਿੱਪਰ ਮਿੱਟੀ ਨਾਲ ਬਹੁਤ ਉਪਰ ਤੱਕ ਭਰੇ ਹੋਣ ਕਰਕੇ ਮਿੱਟੀ ਉੱਡ ਕੇ ਰਾਹਗੀਰਾਂ ਤੇ ਦੋ ਪਹੀਆ ਵਾਹਨਾਂ ਵਾਲਿਆਂ ਦੀਆਂ ਅੱਖਾਂ ਵਿੱਚ ਪੈਂਦੀ ਹੈ ਜਿਸ ਕਾਰਨ ਵੱਡਾ ਹਾਦਸਾ ਵਾਪਰ ਸਕਦਾ ਹੈ। ਪਹਿਲਾਂ ਹਾਦਸੇ ਵਾਪਰ ਵੀ ਚੁੱਕੇ ਹਨ। ਆਗੂਆਂ ਨੇ ਕਿਹਾ ਕਿ ਲੋਕਾਂ ਦੀ ਜਾਨ ਦਾ ਖੌਅ ਬਣੇ ਇਹਨਾਂ ਓਵਰਲੋਡ ਟਿੱਪਰਾਂ 'ਤੇ ਨੱਥ ਪਾਵੇ ਅਤੇ ਇਹਨਾਂ 'ਤੇ ਲੱਦੀ ਮਿੱਟੀ ਨੂੰ ਢੱਕ ਕੇ ਲਿਜਾਣ ਸਮੇਤ ਹੋਰ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀਆਂ ਹਦਾਇਤਾਂ ਜਾਰੀ ਕਰੇ। ਜੇਕਰ ਪ੍ਰਸ਼ਾਸਨ ਵੱਲੋਂ ਢਿੱਲ ਵਰਤੀ ਗਈ ਤਾਂ ਕਾਲਾ ਸੰਘਿਆਂ ਵਿਖੇ ਧਰਨਾ ਦਿੱਤਾ ਜਾਵੇਗਾ। ਇਸ ਮੌਕੇ ਸੂਬਾ ਜਨਰਲ ਸਕੱਤਰ ਰਛਪਾਲ ਸਿੰਘ,ਕਾਮਰੇਡ ਪਰਗਣ ਸਿੰਘ, ਬਲਵਿੰਦਰ ਸਿੰਘ ਕਾਲ਼ਾ, ਕਸ਼ਮੀਰ ਸਿੰਘ, ਜ਼ਿੰਦਰ ਸਿੰਘ, ਕੁਲਦੀਪ ਕੁਮਾਰ ਲੂੰਬਾ ਸਮੇਤ ਹੋਰ ਜੱਥੇਬੰਦੀ ਵਰਕਰ ਹਾਜ਼ਰ ਸਨ।

# ਸੀਨੀਅਰ ਸੈਕੰਡਰੀ ਸਕੂਲ ਝਾਵਾਂ ਦਾ ਦਸਵੀਂ ਕਲਾਸ ਦਾ ਨਤੀਜਾ 100 ਫੀਸਦੀ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਗੁਰੂ ਨਾਨਕ ਮਿਸ਼ਨ ਹਸਪਤਾਲ ਟਰੱਸਟ ਜਲੰਧਰ ਅਧੀਨ ਚੱਲ ਰਹੇ ਗੁਰੂ ਨਾਨਕ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਝਾਵਾਂ ਵਿਖੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨਿਆ ਗਿਆ ਦਸਵੀਂ ਕਲਾਸ ਦਾ ਨਤੀਜਾ ਸ਼ਾਨਦਾਰ ਤੇ 100 ਫੀਸਦੀ ਰਿਹਾ। ਇਸ ਸਬੰਧੀ ਸਕੂਲ ਦੇ ਮੈਨੇਜਰ ਬਲਵੀਰ ਸਿੰਘ ਤੇ ਪ੍ਰਿੰਸੀਪਲ ਰਜਿੰਦਰ ਕੁਮਾਰੀ ਨੇ ਦੱਸਿਆ ਕਿ ਦਸਵੀਂ ਕਲਾਸ ਦੀ ਸਲਾਨਾ ਪ੍ਰੀਖਿਆ ਚੋਂ ਸਕੂਲ ਦੇ 3 ਹੋਣਹਾਰ ਵਿਦਿਆਰਥੀਆਂ ਨੇ ਮੈਰਿਟ ਵਿੱਚ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ।ਉਨਾਂ ਹੋਰ ਦੱਸਿਆ ਕਿ ਸਕੂਲ ਦੀ ਵਿਦਿਆਰਥਣ ਤਨਵੀਰ ਕੌਰ ਨੇ 632/650 ਅੰਕ, ਗੁਰਕਿਰਨ ਸਿੰਘ ਨੇ 628/650 ਅੰਕ ਤੇ ਪ੍ਰਦੀਪ ਕੌਰ ਨੇ 627/650 ਅੰਕ ਪ੍ਰਾਪਤ ਕਰਕੇ ਜਿੱਥੇ ਮੈਰਿਟ ਲਿਸਟ ਵਿੱਚ ਸਥਾਨ ਹਾਸਲ ਕੀਤਾ ਉੱਥੇ ਹੀ ਇਨ੍ਹਾਂ ਵਿਦਿਆਰਥੀਆਂ ਨੇ ਕ੍ਰਮਵਾਰ ਸਕੂਲ ਚੋਂ ਪਹਿਲਾ, ਦੂਸਰਾ ਤੇ ਤੀਸਰਾ ਸਥਾਨ ਹਾਸਲ ਕੀਤਾ। ਸਕੂਲ ਦੇ ਮੈਨੇਜਰ ਬਲਵੀਰ ਸਿੰਘ ਤੇ ਪ੍ਰਿੰਸੀਪਲ ਰਜਿੰਦਰ ਕੁਮਾਰੀ ਨੇ ਹੋਰ ਦੱਸਿਆ ਕਿ ਸਲਾਨਾ ਪ੍ਰੀਖਿਆ ਵਿੱਚ ਸਕੂਲ ਦੇ 12 ਵਿਦਿਆਰਥੀਆਂ ਨੇ 90% ਤੋਂ ਉੱਪਰ, 21 ਵਿਦਿਆਰਥੀਆਂ ਨੇ 80% ਤੋਂ ਉੱਪਰ ਅਤੇ 11 ਵਿਦਿਆਰਥੀਆਂ ਨੇ 70% ਤੋਂ ਉੱਪਰ ਅੰਕ ਪ੍ਰਾਪਤ ਕਰਕੇ ਦਸਵੀਂ ਦੀ ਇਹ ਸਲਾਨਾ ਪ੍ਰੀਖਿਆ ਪਾਸ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਸਕੂਲ ਦੇ ਇਸ ਸ਼ਾਨਦਾਰ ਨਤੀਜੇ 'ਤੇ ਗੁਰੂ ਨਾਨਕ ਮਿਸ਼ਨ ਹਸਪਤਾਲ ਟਰੱਸਟ ਦੇ ਪ੍ਰਧਾਨ ਗੁਰਬਖਸ਼ ਸਿੰਘ, ਸਕੂਲ ਮੈਨੇਜਰ ਬਲਵੀਰ ਸਿੰਘ ਤੇ ਪ੍ਰਿੰਸੀਪਲ ਰਜਿੰਦਰ ਕੁਮਾਰੀ ਨੇ ਸਾਰੇ ਵਿਦਿਆਰਥੀਆਂ, ਉਨ੍ਹਾਂ ਦੇ ਮਾਤਾ ਪਿਤਾ, ਸਮੁੱਚੇ ਮਿਹਨਤੀ ਸਟਾਫ ਨੂੰ ਮੁਬਾਰਕਬਾਦ ਦਿੱਤੀ।

# ਮਨਰੇਗਾ ਵਰਕਰਾਂ ਨੂੰ ਦਸੰਬਰ 2023, ਜਨਵਰੀ ਤੇ ਫਰਵਰੀ 2024 ਦੀ ਨਹੀਂ ਮਿਲੀ ਉਜਰਤ : ਧੀਮਾਨ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਕੰਮ ਉਤੇ ਪਸੀਨਾ ਬਹਾਉਣ ਤੋਂ ਬਾਅਦ ਵੀ ਮਨਰੇਗਾ ਵਰਕਰਾਂ ਨੂੰ ਕੀਤੇ ਕੰਮ ਦੀ ਉਜਰਤ ਲਈ 4, 4 ਮਹੀਨੇ ਇੰਤਜਾਰ ਕਰਨ ਤੋਂ ਬਾਅਦ ਵੀ ਨਿਯਮਾਂ ਤਹਿਤ ਉਜ਼ਰਤ ਦਾ ਨਾ ਮਿਲਣਾ ਅਤਿ ਮਾੜਾ ਹੈ। ਮਨਰੇਗਾ ਲੇਬਰ ਮੂਵਮੈਂਟ ਵਲੋਂ ਪਿੰਡ ਬੱਸੀ ਗੁਲਾਮ ਹੁਸੈਨ ਵਿਚ ਮਨਰੇਗਾ ਵਰਕਰਾਂ ਨੂੰ ਕੀਤੇ ਕੰਮ ਦੀ ਉਜਰਤ ਨਾ ਮਿਲਣ ਨੂੰ ਲੈ ਕੇ ਮੂਵਮੈਂਟ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਮੇਟ ਨਿਰਮਲ ਕੌਰ ਨੂੰ ਨਾਲ ਲੈ ਕੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਵਰਕਰਾਂ ਨੇ ਦੱਸਿਆ ਕਿ ਉਹ ਇਸ ਮੰਹਿਗਾਈ ਦੇ ਯੁੱਗ 'ਚ ਦਿਹਾੜੀ ਨਾ ਮਿਲਣ ਕਰਕੇ ਬਹੁਤ ਮੁਸ਼ਕਲ 'ਚ ਹਨ ਤੇ ਧੀਮਾਨ ਨੇ ਵਰਕਰਾਂ ਨੂੰ ਨਾਲ ਲੈ ਕੇ ਪੰਜਾਬ ਸਰਕਾਰ ਦੇ ਬਲਾਕ 1 ਹੁਸਿਆਰਪੁਰ ਦੇ ਬੀ ਡੀ ਪੀ ਓ ਅਤੇ ਸਰਕਾਰ ਵਿਰੁਧ ਮੁਜਾਹਰਾ ਕਰਦਿਆਂ ਸਖਤ ਨਿੰਦਾ ਕੀਤੀ ਤੇ ਕਿਹਾ ਕਿ ਇਹ ਸਭ ਕੁਝ ਸਰਕਾਰ ਦੀਆ ਅਣਗਹਿਲੀਆ ਕਾਰਨ ਹੋ ਰਿਹਾ ਹੈ। ਮਨੇਗਾ ਵਰਕਰਾਂ ਨੇ ਦੱਸਿਆ ਕਿ ਸੁਰਜੀਤ ਕੌਰ ਜਾਬ ਕਾਰਡ ਨੰ: 36 ਨੂੰ ਫਰਵਰੀ 2024 'ਚ 13 ਦਿਨਾ ਦੇ ਪੈਸੇ ਨਹੀਂ ਮਿਲੇ, ਇਸੇ ਤਰ੍ਹਾਂ ਤਰਸੇਮ ਕੌਰ (ਜਾਬ ਕਾਰਡ ਨੰਬਰ 88) ਦਸੰਬਰ 23 'ਚ 10 ਦਿਨਾਂ ਅਤੇ ਫਰਵਰੀ 24 'ਚ 13 ਦਿਨਾਂ ਦੇ ਕੰਮ ਦੀ ਉਜ਼ਰਤ ਨਹੀਂ ਮਿਲੀ, ਨੀਲਮ (37) ਫਰਵਰੀ 24 'ਚ 13 ਦਿਨ ਦੇ ਕੰਮ ਦੇ, ਬਲਵੀਰ ਕੌਰ, ਦਸੰਬਰ 23 ਦੇ 13 ਦਿਨਾਂ ਦੇ, ਕਮਲਜੀਤ ਕੌਰ ਜਾਬ ਕਾਰਡ ਨੰਬਰ 11 ਨੂੰ 13 ਦਿਨਾਂ ਅਤੇ 7 ਦਿਨਾਂ ਦੇ ਕੰਡੀ ਕਨਾਲ 'ਤੇ ਕੀਤੇ ਕੰਮ ਦੇ, ਭੋਲੀ ਜਾਬ ਕਾਰਡ ਨੰਬਰ 07 ਨੂੰ 13 ਦਿਨਾਂ ਦੇ ਫਰਵਰੀ 24 ਵਿਚ ਅਤੇ 13 ਦਿਨਾ ਦੇ ਜਨਵਰੀ 2024 'ਚ ਕੀਤੇ ਕੰਮ ਦੀ ਉਜ਼ਰਤ ਨਹੀਂ ਮਿਲੀ, ਸੁਨੀਤਾ ਜਾਬ ਕਾਰਡ ਨੰ:14 ਨੂੰ 13 ਦਿਨਾ ਦੇ ਫਰਵਰੀ 2024 ਦੇ, ਮੀਨਾ ਜਾਬ ਕਾਰਡ ਨੰ:75 ਨੂੰ 13 ਦਿਨਾ ਦੇ ਫਰਵਰੀ 24 ਦੇ 13 ਦਿਨਾਂ ਦੇ ਮਾਰਚ 2024 ਦੇ, ਮਨਜੋਤ ਕੌਰ ਜਾਬ ਕਾਰਡ ਨੰ: 77 ਨੂੰ 11 ਦਿਨਾ ਦੇ ਦਸੰਬਰ 2023 ਦੇ ਅਤੇ 9 ਦਿਨਾਂ ਦੇ ਜਨਵਰੀ 2024 ਦੇ, ਬਿਮਲਾ ਰਾਣੀ ਜਾਬ ਕਾਰਡ ਨੰ: 83 ਨੂੰ ਦਸੰਬਰ 2023 ਦੇ 07 ਦਿਨਾ ਦੇ ਅਤੇ ਜਨਵਰੀ 2024 ਦੇ 13 ਦਿਨਾਂ ਦੇ,ਕਾਂਤਾ ਦੇਵੀ ਜਾਬ ਕਾਰਡ ਨੰ: 84 ਲੂੰ ਜਨਵਰੀ 24 ਦੇ 13 ਦਿਨਾਂ ਦੇ ਤੇ ਦਸੰਬਰ 23 ਦੇ 07 ਦਿਨਾਂ ਦੇ ਅਤੇ ਇਸੇ ਤਰ੍ਹਾਂ ਮੇਟ ਨੂੰ ਵੀ ਜਨਵਰੀ 2024 ਦੇ 13 ਦਿਨਾਂ ਦੇ ਅਤੇ ਫਰਵਰੀ 2024 ਦੇ 13 ਦਿਨਾਂ ਦੇ ਕੀਤੇ ਕੰਮ ਦੀ ਉਜਰਤ ਨਹੀਂ ਮਿਲੀ। ਧੀਮਾਨ ਨੇ ਦਸਿਆ ਕਿ ਇਹ ਸਭ ਕੁਝ ਸਰਕਾਰੀ ਅਤੇ ਸਬੰਧਤ ਅਧਿਕਾਰੀਆਂ ਦੀਆਂ ਗਲਤੀਆਂ ਕਾਰਨ ਹੁੰਦਾ ਹੈ। ਜਦੋਂ ਕਿ ਮਗਨਰੇਗਾ ਦਾ ਸਪੈਸਨ ਬਜਟ ਤਹਿ ਹੁੰਦਾ ਹੈ।ਨਿਯਮਾਂ ਅਨੁਸਾਰ ਅਗਰ ਕਿਸੇ ਵੀ ਮਨਰੇਗਾ ਵਰਕਰ ਨੂੰ 15 ਦਿਨਾ ਤੋਂ ਬਾਅਦ ਕੀਤੇ ਕੰਮ ਦੀ ਉਜਰਤ ਮਿਲਦੀ ਹੈ ਤਾਂ ਉਹ ਮਨਰੇਗਾ ਵਰਕਰ ਦੇਰੀ ਭੁਗਤਾਨ ਐਕਟ 1936 ਦੇ ਤਹਿਤ 1500 ਰੁ: ਤੋਂ ਲੈ ਕੇ 3000 ਰੁ: ਦੇ ਲੇਟ ਉਜਰਤ ਭੱਤੇ ਦਾ ਹੱਕਦਾਰ ਹੈ। ਪਰ ਹੋ ਕੀ ਰਿਹਾ ਹੈ ਮਨਰੇਗਾ ਵਰਕਰਾਂ ਨੂੰ ਮਿਲਣ ਵਾਲਾ ਭੱਤਾ ਜਾਣਬੁਝ ਕੇ ਹੇਠਲੇ ਪਧੱਰ ਉਤੇ ਨਹੀਂ ਦਿਤਾ ਜਾਂਦਾ ਜਦੋਂ ਕਿ ਇਹ ਸੰਵਿਧਾਨਕ ਹੱਕ ਹੈ। ਜਿਲ੍ਹਾਂ ਪੱਧਰ ਉਤੇ ਮਗਨਰੇਗਾ ਬਜਟ ਦੇ ਹਿੱਸੇ ਉਤੇ ਬੈਠੇ ਕੁਝ ਭ੍ਰਿਸ਼ਟਾਚਾਰੀ ਸਮੇਤ ਬੀਡੀਪੀਓ ਮੌਜਾਂ ਕਰ ਰਹੇ ਹਨ। ਹੁੰਦਾ ਇਹ ਹੈ ਕਿ ਵਰਕਰਾਂ ਨੂੰ ਅਲੱਗ ਅਲੱਗ ਤਰੀਕਿਆਂ ਨਾਲ ਕੰਮ ਨਾ ਦੇਣ ਦੀਆਂ ਕਹਾਵਤਾ ਪਾ ਕੇ ਦਵਾ ਦਿੱਤਾ ਜਾਂਦਾ ਹੈ। ਧੀਮਾਨ ਨੇ ਦੱਸਿਆ ਕਿ ਉਨ੍ਹਾਂ ਨੇ ਮਗਨਰੇਗਾ ਅੰਦਰ ਕਈ ਘਪਲੇ ਉਜਾਗਰ ਕੀਤੇ ਪਰ ਸਬੰਧਤ ਬੀ ਡੀ ਪੀ ਓ'ਜ਼ ਅਤੇ ਹੋਰ ਉਚ ਅਧਿਕਾਰੀ ਵਿਭਾਗੀ ਗਲਤੀਆਂ ਕਹਿ ਕਿ ਉਨ੍ਹਾਂ ਉਤੇ ਮਿੱਟੀ ਪਾ ਦਿੰਦੇ ਹਨ। ਮਗਨਰੇਗਾ ਵਿਚ ਘਪਲੇ ਸਭ ਮਿਲੀ ਭੁੱਗਤ ਨਾਲ ਚਲਦੇ ਹਨ। ਧੀਮਾਨ ਨੇ ਇਸ ਸਬੰਧ 'ਚ ਲੋਕਪਾਲ ਮਗਨਰੇਗਾ ਹੁਸ਼ਿਆਰਪੁਰ ਨੂੰ ਸਕਾਇਤ ਕੀਤੀ ਤੇ ਮੰਗ ਕੀਤੀ ਕਿ ਨਿਯਮਾਂ ਅਨੁਸਾਰੇ ਲੇਟ ਉਜਰਤ ਭੁਗਤਾਨ ਐਕਟ ਅਨੁਸਾਰ ਸਾਰੇ ਮਗਨਰੇਗਾ ਵਰਕਰਾਂ ਨੂੰ 3000 ਰੁ: ਮੁਆਵਜੇ ਸਮੇਤ ਉਜ਼ਰਤ ਦਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ। ਉਨ੍ਹਾਂ ਮੰਗ ਕੀਤੀ ਕਿ ਬਲਾਕ 1 ਦੇ ਬੀਡੀਪੀਓ ਦੀ ਤੁਰੰਤ ਬਦਲੀ ਕੀਤੀ ਜਾਵੇ ਤਾਂ ਕਿ ਹੁਸ਼ਿਆਰਪੁਰ ਦਾ ਪੰਚਾਂਇਤੀ ਵਿਭਾਗ ਭ੍ਰਿਸ਼ਟਾਚਾਰ ਤੋਂ ਮੁਕਤ ਹੋ ਸਕੇ।

# ਮੁਹੱਲਾ ਕਲੀਨਿਕ 'ਚ ਡਿਊਟੀ ਕਰ ਰਹੇ ਡਾਕਟਰ 'ਤੇ ਗੈਰ-ਹਾਜ਼ਰ ਰਹਿਣ ਦੇ ਦੋਸ਼



**ਗੁਰਾਇਆ (ਬਿੰਦਰ ਸੁੰਮਨ)**-ਨੇੜਲੇ ਪਿੰਡ ਪਾਸਲਾ ਦੇ ਰਜਿੰਦਰ ਸਿੰਘ ਪੰਚ, ਰਾਕੇਸ਼ ਕੁਮਾਰ, ਕੁਲਵੰਤ ਸਿੰਘ, ਹਰਨੇਕ ਸਿੰਘ, ਸੇਵਾ ਸਿੰਘ, ਹੰਸ ਰਾਜ, ਸੁਰਿੰਦਰ ਸਿੰਘ ਸਾਬਕਾ ਪੰਚ, ਜੀਵਨ ਦਾਸ, ਮੇਲੀ ਲਾਲ, ਬੂਟਾ ਰਾਮ, ਸੋਡੀ ਰਾਮ, ਜੋਬਨ ਸਿੰਘ, ਸੋਹਣ ਲਾਲ, ਜੋਗਿੰਦਰ ਸਿੰਘ, ਹਰਬੰਸ ਲਾਲ, ਲੇਖ ਰਾਜ, ਤੇਜੂ ਰਾਮ, ਸੋਮ ਰਾਜ, ਸੁਰਜੀਤ ਰਾਮ, ਜੋਗੀ ਠੇਕੇਦਾਰ, ਸਿੰਦਰ ਪਾਲ, ਸੋਮਾ ਤੋਂ ਇਲਾਵਾ ਪਿੰਡ ਵਾਸੀਆਂ ਦੋਸ਼ ਲਗਾਇਆ ਕਿ ਪਿੰਡ ਵਿੱਚ ਜੋ ਮੁਹੱਲਾ ਕਲੀਨਿਕ ਖੋਲ੍ਹਿਆ ਗਿਆ ਹੈ, ਇਸ ਵਿੱਚ ਡਿਊਟੀ ਕਰ ਰਹੇ ਡਾਕਟਰ ਹਮੇਸ਼ਾ ਹੀ ਲੇਟ ਆਉਂਦੇ ਹਨ ਜਾਂ ਆਉਂਦੇ ਨਹੀਂ। ਉਨ੍ਹਾਂ ਕਿਹਾ ਕਿ ਮੁਹੱਲਾ ਕਲੀਨਿਕ ਵਿੱਚ ਡਿਊਟੀ ਕਰ ਰਹੇ ਡਾਕਟਰ ਵਲੋਂ ਪਿੰਡ ਵਿੱਚ ਆਪਣੀ ਪ੍ਰਾਈਵੇਟ ਕਲੀਨਿਕ ਖੋਲ੍ਹ ਕੇ ਮੋਟੀ ਕਮਾਈ ਕਰ ਰਿਹਾ ਹੈ। ਪਿੰਡ ਵਾਸੀਆਂ ਨੇ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਇਸ ਡਾਕਟਰ ਨੂੰ ਪਿੰਡ 'ਚੋਂ ਬਦਲਿਆ ਜਾਵੇ। ਉਧਰ ਡਿਊਟੀ ਕਰ ਰਹੇ ਡਾਕਟਰ ਨੇ ਕਿਹਾ ਕਿ ਕਈ ਵਾਰ ਮਹਿਕਮੇ ਦੇ ਕੰਮਾਂ ਕਾਰਨ ਜੰਡਿਆਲਾ, ਜਲੰਧਰ ਜਾਣਾ ਪੈਂਦਾ ਹੈ। ਇਸ ਕਰਕੇ ਲੇਟ ਹੋ ਜਾਂਦੇ ਹਾਂ। ਪਿੰਡ ਵਿੱਚ ਕਲੀਨਿਕ ਖੋਲ੍ਹਣ ਸਬੰਧੀ ਉਨ੍ਹਾਂ ਕਿਹਾ ਕਿ ਡਿਊਟੀ ਤੋਂ ਬਾਅਦ ਪਿੰਡ ਵਿੱਚ ਕਲੀਨਿਕ ਖੋਲ੍ਹੀਦੀ ਹੈ। ਮਰੀਜ਼ਾਂ ਪਾਸੋਂ ਨਾਮਾਤਰ ਪੈਸੇ ਲੈ ਕੇ ਦਵਾਈ ਦਿੱਤੀ ਜਾਂਦੀ ਹੈ।

# ਐੱਸ ਐੱਸ ਜੈਨ ਸਭਾ ਨੇ ਡੀ ਸੀ ਨੂੰ ਸੌਂਪਿਆ ਮੰਗ ਪੱਤਰ

**ਨਵਾਂਸ਼ਹਿਰ (ਮਨੋਜ ਲਾਡੀ)** ਐੱਸ.ਐੱਸ. ਜੈਨ ਸਭਾ ਦੇ ਵਫ਼ਦ ਨੇ ਅਹਿੰਸਾ ਦੇ ਅਵਤਾਰ ਭਗਵਾਨ ਮਹਾਂਵੀਰ ਸਵਾਮੀ ਜੀ ਜਯਤੀ ਮੌਕੇ 21 ਅਪ੍ਰੈਲ ਨੂੰ ਜ਼ਿਲ੍ਹੇ ਭਰ ਦੀਆਂ ਆਂਡਾ- ਮੀਟ ਦੀਆਂ ਦੁਕਾਨਾਂ ਅਤੇ ਬੁੱਚੜਖ਼ਾਨੇ ਬੰਦ ਰੱਖਣ ਦੀ ਮੰਗ ਨੂੰ ਲੈ ਕੇ ਡੀ. ਸੀ. ਨੂੰ ਮੰਗ ਪੱਤਰ ਸੌਂਪਿਆ ਅਤੇ ਐੱਸ. ਐੱਸ. ਜੈਨ ਸਭਾ ਦੇ ਜਨਰਲ ਸਕੱਤਰ ਰਤਨ ਕੁਮਾਰ ਜੈਨ ਅਤੇ ਖ਼ਜਾਨਚੀ ਰਾਕੇਸ਼ ਜੈਨ ਬੱਬੀ ਨੇ ਦੱਸਿਆ ਕਿ ਭਗਵਾਨ ਮਹਾਂਵੀਰ ਸਵਾਮੀ ਨੇ ਪੂਰੀ ਦੁਨੀਆਂ ਨੂੰ ਜੀਓ ਅਤੇ ਜਿਊਣ ਦਿਓ ਦਾ ਸੰਦੇਸ਼ ਦਿੱਤਾ ਹੈ। ਭਗਵਾਨ ਮਹਾਂਵੀਰ ਜਯੰਤੀ ਦਾ ਦਿਨ ਪੂਰੇ ਭਾਰਤ 'ਚ ਅਹਿੰਸਾ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਵੀ ਜ਼ਿਲ੍ਹੇ 'ਚ ਆਂਡੇ ਮੀਟ ਦੀਆਂ ਦੁਕਾਨਾਂ ਅਤੇ ਬੁੱਚੜਖ਼ਾਨੇ ਪੂਰੀ ਤਰ੍ਹਾਂ ਬੰਦ ਰਹਿਣੇ ਚਾਹੀਦੇ ਹਨ ਤਾਂ ਜੋ ਉਸ ਦਿਨ ਨੂੰ ਸਹੀ ਢੰਗ ਨਾਲ ਅਹਿੰਸਾ ਦਿਵਸ ਵਜੋਂ ਮਨਾਇਆ ਜਾ ਸਕੇ । ਇਸ ਮੌਕੇ ਰਤਨ ਕੁਮਾਰ ਜੈਨ, ਰਾਕੇਸ਼ ਜੈਨ ਬੱਬੀ, ਮਨੋਜ ਜੈਨ, ਲਲਿਤ ਜੈਨ ਆਦਿ ਹਾਜ਼ਰ ਸਨ ›

# ਰੁਜ਼ਗਾਰ ਪ੍ਰਾਪਤੀ ਮੁਹਿੰਮ ਤਹਿਤ ਏ ਆਈ ਐੱਸ ਐੱਫ ਤੇ ਸਰਵ ਭਾਰਤ ਨੌਜਵਾਨ ਸਭਾ ਵੱਲੋਂ ਟ੍ਰੇਨਿੰਗ ਕੈਂਪ

■ ਨੌਜਵਾਨ ਲੋਕ ਸਭਾ ਚੋਣਾਂ 'ਚ ਰੁਜ਼ਗਾਰ ਦੀ ਗਾਰੰਟੀ ਦਾ ਕਾਨੂੰਨ ਪਾਸ ਕਰਵਾਉਣ ਸੰਬੰਧੀ ਰਾਜਸੀ ਆਗੂਆਂ ਨੂੰ ਕਰਨ ਸਵਾਲ : ਢਾਬਾਂ, ਧਰਮੂਵਾਲਾ

■ 'ਬਨੇਗਾ' ਪਾਸ ਹੋਣ ਨਾਲ ਦੇਸ਼ ਆਰਥਿਕ ਤੌਰ 'ਤੇ ਖੁਸ਼ਹਾਲ ਹੋਵੇਗਾ : ਅੰਮ੍ਰਿਤ ਕੌਰ, ਅਮਨਦੀਪ ਕੌਰ



**ਜਲਾਲਾਬਾਦ (ਜੀਤ ਕੁਮਾਰ, ਜੰਗੀਰ ਕੌਰ, ਰਣਬੀਰ ਕੌਰ ਢਾਬਾਂ)**-ਰੁਜ਼ਗਾਰ ਪ੍ਰਾਪਤੀ ਮੁਹਿੰਮ ਤਹਿਤ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਤੇ ਸਰਵ ਭਾਰਤ ਨੌਜਵਾਨ ਸਭਾ ਦੇ ਸੂਬਾ ਕਮੇਟੀ ਬਲਾਕ ਜਲਾਲਾਬਾਦ ਵੱਲੋਂ ਸ਼ਹੀਦ ਭਗਤ ਸਿੰਘ ਭਵਨ ਵਿਖੇ ਵਿਦਿਆਰਥੀਆਂ ਤੇ ਨੌਜਵਾਨਾਂ ਨੂੰ ਬੁਲਾਰੇ ਬਣਾਉਣ ਲਈ ਇੱਕ ਟ੍ਰੇਨਿੰਗ ਕੈਂਪ ਲਾਇਆ ਗਿਆ, ਜਿਸ ਦੀ ਅਗਵਾਈ ਸਰਬ ਭਾਰਤ ਨੌਜਵਾਨ ਸਭਾ ਦੇ ਆਗੂ ਕਰਨੈਲ ਬੱਘੇਕੇ, ਬਲਵਿੰਦਰ ਮਹਾਲਮ ਤੇ ਅੰਮ੍ਰਿਤ ਕੌਰ ਕਾਠਗੜ੍ਹ ਨੇ ਕੀਤੀ। ਕੈਂਪ 'ਚ ਵਿਸ਼ੇਸ਼ ਤੌਰ 'ਤੇ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਐਡਵੋਕੇਟ ਪਰਮਜੀਤ ਢਾਬਾਂ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਮਨ ਧਰਮੂ ਵਾਲਾ ਨੇ ਹਾਜ਼ਰ ਵਿਦਿਆਰਥੀਆਂ ਤੇ ਨੌਜਵਾਨਾਂ ਨੂੰ ਬੁਲਾਰੇ ਬਣਾਉਣ ਲਈ ਵਿਸ਼ੇਸ਼ ਨੁਕਤੇ ਦੱਸੇ। ਇਸ ਮੌਕੇ ਟ੍ਰੇਨਿੰਗ ਕੈਂਪ ਵਿੱਚ ਹਾਜ਼ਰ ਵਿਦਿਆਰਥੀਆਂ ਤੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਸਾਥੀ ਪਰਮਜੀਤ ਢਾਬਾਂ ਤੇ ਰਮਨ ਧਰਮੂਵਾਲਾ ਨੇ ਕਿਹਾ ਕਿ ਇੱਕ ਚੇਤਨ ਨੌਜਵਾਨ ਜਦੋਂ ਆਪਣੀ ਗੱਲ ਕਹਿਣ ਲਈ ਬੁਲਾਰਾ ਬਣ ਜਾਂਦਾ ਹੈ ਤਾਂ ਉਹ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਮੋਹਰੀ ਰੋਲ ਅਦਾ ਕਰਦਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਦੇਸ਼ ਅੰਦਰ ਲੋਕ ਸਭਾ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ। ਇਨ੍ਹਾਂ ਚੋਣਾਂ ਵਿੱਚ ਚੇਤਨ ਜਵਾਨੀ ਨੂੰ ਆਪਣੇ ਰੁਜ਼ਗਾਰ ਦੀ ਗਾਰੰਟੀ ਲਈ ਦੇਸ਼ ਦੀ ਪਾਰਲੀਮੈਂਟ ਵਿੱਚ ਕਾਨੂੰਨ ਬਣੇ ਚੋਣ ਲੜ ਰਹੇ ਹਰ ਉਮੀਦਵਾਰ ਨੂੰ ਸਵਾਲ ਖੜਾ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਆਵਾਜ਼ ਬੁਲੰਦ ਕਰਾਂਗੇ ਤਾਂ ਹੱਕ ਪ੍ਰਾਪਤ ਕਰਨਾ ਸਾਡੀ ਗਰੰਟੀ ਬਣੇਗਾ। ਇਸ ਮੌਕੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੀ ਜ਼ਿਲ੍ਹਾ ਮੀਤ ਸਕੱਤਰ ਅੰਮ੍ਰਿਤ ਕੌਰ ਕਾਠਗੜ੍ਹ ਤੇ ਮੀਤ ਪ੍ਰਧਾਨ ਅਮਨਦੀਪ ਕੌਰ ਤੇਤਿਆਂਵਾਲੀ ਨੇ ਕਿਹਾ ਕਿ ਲੜਕੀਆਂ ਨੂੰ ਆਪਣੇ ਹੱਕ ਪ੍ਰਾਪਤ ਕਰਨ ਲਈ ਵੱਧ ਬੁਲਾਰੇ ਬਣਨ ਦੀ ਜ਼ਰੂਰਤ ਹੈ। ਆਗੂਆਂ ਨੇ ਕਿਹਾ ਕਿ ਦੇਸ਼ ਦੀ ਪਾਰਲੀਮੈਂਟ 'ਚ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ (ਬਨੇਗਾ) ਪਾਸ ਕਰਵਾਉਣ ਲਈ ਉਹ ਲਗਾਤਾਰ ਦੇਸ਼ ਦੀ ਜਵਾਨੀ ਨੂੰ ਲਾਮਬੰਦ ਕਰ ਰਹੇ ਹਨ। ਇਸ ਕਾਨੂੰਨ ਦੇ ਪਾਸ ਹੋਣ ਨਾਲ ਦੇਸ਼ ਦੀ ਜਵਾਨੀ ਆਪਣੇ ਦੇਸ਼ ਨੂੰ ਆਰਥਿਕ ਤੌਰ 'ਤੇ ਖੁਸ਼ਹਾਲ ਬਣਾ ਦੇਵੇਗੀ। ਉਨ੍ਹਾਂ ਕਿਹਾ ਕਿ ਇਸ ਕਾਨੂੰਨ ਤਹਿਤ ਹਰੇਕ 18 ਤੋਂ 58 ਸਾਲ ਦੇ ਇਸਤਰੀ ਮਰਦ ਨੂੰ ਰੁਜ਼ਗਾਰ ਦੀ ਗਰੰਟੀ ਲਈ ਅਣਸਿੱਖਿਅਤ ਨੂੰ ਘੱਟੋ ਘੱਟ 30 ਹਜ਼ਾਰ ਰੁਪਏ ਪ੍ਰਤੀ ਮਹੀਨਾ, ਅਰਧ ਸਿੱਖਿਅਤ ਲਈ 35000, ਸਿੱਖਿਅਤ ਲਈ 45 ਹਜ਼ਾਰ ਤੇ ਉੱਚ ਸਿੱਖਿਆ ਲਈ 60,000 ਪ੍ਰਤੀ ਮਹੀਨਾ ਤਨਖਾਹ ਦੀ ਗਰੰਟੀ ਲਈ ਸਰਗਰਮੀ ਹੋਰ ਤੇਜ਼ ਕਰਨਗੇ। ਉਕਤ ਆਗੂਆਂ ਨੇ ਕਿਹਾ ਕਿ ਦੇਸ਼ ਦੀ ਪਾਰਲੀਮੈਂਟ ਵਿੱਚ ਬਨੇਗਾ ਕਾਨੂੰਨ ਪਾਸ ਕਰਵਾਉਣ ਲਈ ਉਹ ਪਿੰਡ- ਪਿੰਡ ਘਰ-ਘਰ ਤੇ ਹਰ ਵਿਦਿਅਕ ਅਦਾਰੇ ਵਿੱਚ ਪਹੁੰਚ ਕਰਕੇ ਬਨੇਗਾ (ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ) ਕਾਨੂੰਨ ਪਾਸ ਕਰਵਾ ਕੇ ਹੀ ਦਮ ਲੈਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਬ ਭਾਰਤ ਨੌਜਵਾਨ ਸਭਾ ਦੇ ਆਗੂ ਗੁਰਦਿਆਲ ਸਿੰਘ, ਕਰਨੈਲ ਬੱਘੇਕੇ, ਬਲਵਿੰਦਰ ਮਹਾਲਮ, ਬਲਵੀਰ ਕਾਠਗੜ੍ਹ, ਕੁਲਦੀਪ ਸੰਤੋਖਾ, ਰਾਜਵਿੰਦਰ ਸਿੰਘ, ਗੁਰਪ੍ਰੀਤ ਹਜ਼ਾਰਾ, ਗੁਰਦੀਪ ਫਲੀਆਂਵਾਲਾ, ਸਨਮ ਬੱਘੇਕੇ, ਜਸਵਿੰਦਰ ਸਿੰਘ ਪਾਲੀ ਵਾਲਾ, ਕਮਲੇਸ਼ ਕਾਠਗੜ੍ਹ, ਦਿਨੇਸ਼ ਮੋਹਕਮ ਅਰਾਂਈ, ਮਨਜਿੰਦਰ ਕੌਰ ਬੱਗੇ ਕੇ, ਜਸਪ੍ਰੀਤ ਕਾਠਗੜ੍ਹ, ਹੁਸ਼ਿਆਰ ਸਿੰਘ, ਗੋਵਿੰਦ ਸਿੰਘ ਨੇ ਵੀ ਸੰਬੋਧਨ ਕੀਤਾ।

## ਜੱਸੀ ਪੌ ਵਾਲੀ 'ਚ ਕਿਸਾਨ ਜਾਗਰੂਕਤਾ ਕੈਂਪ ਲਾਇਆ

**ਬਠਿੰਡਾ (ਬਖਤੌਰ ਢਿੱਲੋਂ)**-ਮੁੱਖ ਖੇਤੀਬਾੜੀ ਅਫ਼ਸਰ ਬਠਿੰਡਾ ਡਾ. ਕਰਨਜੀਤ ਸਿੰਘ ਗਿੱਲ ਦੀ ਅਗਵਾਈ ਵਿੱਚ ਬਲਜਿੰਦਰ ਸਿੰਘ ਬਲਾਕ ਖੇਤੀਬਾੜੀ ਅਫ਼ਸਰ ਦੀ ਦੇਖ ਰੇਖ ਹੇਠ ਨਰਮੇ ਦੀ ਫ਼ਸਲ ਤੇ ਗੁਲਾਬੀ ਸੁੰਡੀ ਦੇ ਹਮਲੇ ਨੂੰ ਰੋਕਣ ਲਈ ਕਿਸਾਨਾਂ ਨੂੰ ਜਾਗਰੂਕ ਕਰਨ ਵਾਸਤੇ ਪਿੰਡ ਜੱਸੀ ਪੌ ਵਾਲੀ ਵਿਖੇ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਜਗਪਾਲ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ ਤੇ ਗੁਰਮਿਲਾਪ ਸਿੰਘ ਬਲਾਕ ਟੈਕਨਾਲੋਜੀ ਮੈਨੇਜਰ ਨੇ ਕਿਸਾਨਾਂ ਨੂੰ ਸੁਝਾਅ ਦਿੱਤੇ। ਉਨ੍ਹਾਂ ਦੱਸਿਆ ਕਿ ਨਰਮੇ ਦੀਆਂ ਪੁਰਾਣੀਆਂ ਛਿਟੀਆਂ ਨੂੰ ਖੇਤਾਂ ਦੇ ਕਿਨਾਰੇ ਨਹੀਂ ਰੱਖਣਾ ਚਾਹੀਦਾ ਤੇ ਛਿਟੀਆਂ ਝਾੜ ਕੇ ਸਿੱਧੀਆਂ ਖੜੀਆਂ ਕਰਕੇ ਰੱਖਣੀਆਂ ਚਾਹੀਦੀਆਂ ਹਨ। ਇਨ੍ਹਾਂ ਦੀ ਰਹਿੰਦ ਖੂੰਹਦ ਨੂੰ ਅੱਗ ਲਾ ਦਿੱਤੀ ਜਾਵੇ। ਉਨ੍ਹਾਂ ਰਾਇ ਦਿੱਤੀ ਕਿ ਨਰਮੇ ਦੀ ਅਗੇਤੀ ਬਿਜਾਈ ਨਾ ਕੀਤੀ ਜਾਵੇ ਤਾਂ ਜੋ ਗੁਲਾਬੀ ਸੁੰਡੀ ਦੇ ਹਮਲੇ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਸਾਨਾਂ ਨੂੰ ਕਣਕ ਦਾ ਬੀਜ ਆਪਣੇ ਪੱਧਰ 'ਤੇ ਆਪਣੇ ਖੇਤ ਵਿੱਚ ਹੀ ਤਿਆਰ ਕਰਨ ਲਈ ਪ੍ਰੇਰਿਤ ਕੀਤਾ ਤਾਂ ਜੋ ਕਿਸਾਨਾਂ ਨੂੰ ਮਹਿੰਗੇ ਭਾਅ ਦਾ ਬੀਜ ਬਜ਼ਾਰ 'ਚ ਨਾ ਖਰੀਦਣਾ ਪਵੇ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਣਕ ਦੀ ਨਾੜ ਨੂੰ ਅੱਗ ਨਾ ਲਾਈ ਜਾਵੇ, ਸਗੋਂ ਇਸ ਨੂੰ ਖੇਤ ਵਿੱਚ ਹੀ ਵਾਹ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਅਜਿਹਾ ਕਰਨ ਨਾਲ ਖੇਤ ਦੀ ਉਪਜਾਊ ਸ਼ਕਤੀ ਸੁਰੱਖਿਅਤ ਰਹਿੰਦੀ ਹੈ ਤੇ ਮਿੱਤਰ ਕੀੜਿਆਂ ਦਾ ਵੀ ਬਚਾਅ ਹੁੰਦਾ ਹੈ। ਉਨ੍ਹਾਂ ਕਿਸਾਨਾਂ ਵੱਲੋਂ ਉਠਾਏ ਸਵਾਲਾਂ ਦੇ ਜਵਾਬ ਦਿੰਦਿਆਂ ਸੁਝਾਅ ਦਿੱਤੇ। ਇਸ ਮੌਕੇ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

## ਅਗਰਵਾਲ ਧਰਮਸ਼ਾਲਾ ਮੰਦਰ 'ਚ ਰਾਮ ਨੌਮੀ ਦਾ ਤਿਉਹਾਰ ਮਨਾਇਆ



**ਸਮਾਣਾ (ਗੁਰਦਿਆਲ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਅਗਰਵਾਲ ਧਰਮਸ਼ਾਲਾ ਵਿਖੇ ਪ੍ਰਧਾਨ ਮਦਨ ਮਿੱਤਲ ਤੇ ਸਮੂਹ ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ ਮਨਾਏ ਗਏ ਰਾਮ ਨੌਮੀ ਦੇ ਤਿਉਹਾਰ ਮੌਕੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਤੇ ਰੋਟਰੀ ਕਲੱਬ ਦੇ ਡਿਸਟ੍ਰਿਕਟ ਗਵਰਨਰ ਅਮਿਤ ਸਿੰਗਲਾ ਸੀ.ਏ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਤੇ ਸ੍ਰੀ ਰਾਮ ਜੀ ਪ੍ਰਭੂ ਤੋਂ ਆਸ਼ੀਰਵਾਦ ਲਿਆ। ਇਸ ਮੌਕੇ ਸ੍ਰੀ ਰਮਾਇਣ ਜੀ ਦੇ ਪਾਠ ਦੇ ਭੋਗ ਪਾਏ ਗਏ ਤੇ ਅਗਰਵਾਲ ਸੰਕੀਰਤਨ ਮੰਡਲ ਦੀਆਂ ਬੀਬੀਆਂ ਵੱਲੋਂ ਭਗਵਾਨ ਸ੍ਰੀ ਰਾਮ ਚੰਦਰ ਦੇ ਜੀਵਨ ਸਬੰਧੀ ਭਜਨਾਂ ਰਾਹੀਂ ਗੁਣਗਾਨ ਕੀਤਾ ਗਿਆ। ਇਸ ਉਪਰੰਤ ਲੰਗਰ ਦਾ ਅਤੁੱਟ ਭੰਡਾਰਾ ਵੀ ਵਰਤਾਇਆ ਗਿਆ। ਇਸ ਮੌਕੇ ਸ੍ਰੀ ਸ਼ਾਮ ਬਿਹਾਰੀ ਜਿੰਦਲ, ਜਤਿੰਦਰ ਜੈਨ, ਰਾਜ ਕੁਮਾਰ ਹੈਪੀ ਢੀਂਗਰਾ, ਪ੍ਰਦੀਪ ਗੋਇਲ ਮਿੱਕਾ, ਬੀ ਕੇ ਗੁਪਤਾ ਮੀਨਾ, ਡਾ ਪ੍ਰੇਮ ਪਾਲ, ਰਜਤ ਗੋਇਲ, ਸੰਜੀਵ ਸ਼ੈਂਕੀ ਧੀਮਾਨ, ਪਿਆਰਾ ਲਾਲ ਬਾਂਸਲ, ਵੀਨਸ ਜਿੰਦਲ, ਰਜੀਵ ਸਿੰਗਲਾ, ਰਤਨ ਸਿੰਗਲਾ, ਰਮਨ ਮਹਿਤਾ, ਕਮਲ ਸ਼ਰਮਾ, ਹੈਪੀ ਸ਼ਰਮਾ, ਪੁਨੀਤ ਗਰਗ, ਵਿਕਾਸ ਜਿੰਦਲ, ਪੰਕਜ ਗਰਗ, ਪਵਨ ਸ਼ਾਸਤਰੀ, ਰਵੀ ਗਰਗ ਟੀਮ, ਅੰਕੁਸ਼ ਗੋਇਲ, ਸ਼ਸ਼ੀ ਭੂਸ਼ਣ, ਸੁਰਿੰਦਰ ਗੋਇਲ, ਅਨਿਲ ਗੁਪਤਾ, ਨਰਿੰਦਰ ਪੰਮੀ, ਨੀਰਜ ਬਾਂਸਲ, ਰਮਨ ਗੁਪਤਾ, ਸੁਮੀਤ ਗਰਗ, ਹੁਸਨ ਲਾਲ, ਵਿਕਾਸ ਵਰਮਾ ਤੇ ਵਿਸ਼ਾਲ ਗਰਗ ਆਦਿ ਵੀ ਮੌਜੂਦ ਰਹੇ।

## ਕਾਂਗਰਸ, ਭਾਜਪਾ ਤੇ 'ਆਪ' ਨੇ ਪੰਜਾਬ ਦੇ ਹਿੱਤਾਂ ਦਾ ਨੁਕਸਾਨ ਕੀਤਾ : ਝੂੰਦਾਂ



**ਮਹਿਲ ਕਲਾਂ (ਪਰਦੀਪ ਸਿੰਘ ਲੋਹਗੜ੍ਹ)**-ਸ਼੍ਰੋਮਣੀ ਅਕਾਲੀ ਦਲ ਦੇ ਲੋਕ ਸਭਾ ਹਲਕਾ ਸੰਗਰੂਰ ਤੋਂ ਉਮੀਦਵਾਰ ਇਕਬਾਲ ਸਿੰਘ ਝੂੰਦਾਂ ਵੱਲੋਂ ਸਰਕਲ ਮਹਿਲ ਕਲਾਂ ਦੇ ਅਕਾਲੀ ਆਗੂਆਂ/ਵਰਕਰਾਂ ਨਾਲ ਭਰਵੀਂ ਮੀਟਿੰਗ ਕਰਕੇ ਚੋਣ ਮੁਹਿੰਮ ਨੂੰ ਯੋਜਨਾਬੱਧ ਤਰੀਕੇ ਨਾਲ ਚਲਾਉਣ ਸਬੰਧੀ ਵਿਚਾਰ ਚਰਚਾ ਕੀਤੀ ਗਈ। ਇਕਬਾਲ ਸਿੰਘ ਝੂੰਦਾਂ ਨੇ ਕਿਹਾ ਕਿ ਪੰਜਾਬ ਦੇ ਹਰ ਹਿੱਤਾਂ ਨੂੰ ਅਕਾਲੀ ਦਲ ਤੋਂ ਬਗੈਰ ਕੋਈ ਨਹੀਂ ਸਮਝ ਸਕਦਾ। ਕਾਂਗਰਸ, ਬੀ.ਜੇ.ਪੀ. ਤੇ ਆਮ ਆਦਮੀ ਪਾਰਟੀ ਨੇ ਪੰਜਾਬ ਦੇ ਹਿੱਤਾਂ ਦਾ ਸਭ ਤੋਂ ਵੱਧ ਨੁਕਸਾਨ ਕੀਤਾ ਹੈ। ਇਨ੍ਹਾਂ ਰਾਜਨੀਤਕ ਪਾਰਟੀਆਂ 'ਚੋਂ ਕਿਸੇ ਨੇ ਵੀ ਪੰਜਾਬ ਦੀ ਆਵਾਜ਼ ਸੰਸਦ ਤੇ ਪੰਜਾਬ ਵਿਧਾਨ ਸਭਾ 'ਚ ਬੁਲੰਦ ਨਹੀਂ ਕੀਤੀ। ਸਗੋਂ ਪੰਜਾਬ ਦੇ ਹਿੱਤਾਂ ਨੂੰ ਲੋਕਾਂ ਦੇ ਚੇਤਿਆਂ ਤੋਂ ਵਿਸਾਰਨ ਦਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੂੰ ਜਿਉਂਦਾ ਰੱਖਣਾ ਸਾਡਾ ਸਾਰਿਆਂ ਦਾ ਫ਼ਰਜ਼ ਹੈ। ਉਨ੍ਹਾਂ ਸਮੂਹ ਅਕਾਲੀ ਵਰਕਰਾਂ ਨੂੰ ਤਕੜੇ ਹੋ ਕੇ ਮੋਰਚੇ ਸੰਭਾਲਣ ਦੀ ਅਪੀਲ ਕੀਤੀ। ਹਲਕਾ ਇੰਚਾਰਜ ਨਾਥ ਸਿੰਘ ਹਮੀਦੀ ਨੇ ਵਿਧਾਨ ਸਭਾ ਹਲਕਾ ਮਹਿਲ ਕਲਾਂ ਤੋਂ ਭਰਵੇਂ ਸਹਿਯੋਗ ਦਾ ਭਰੋਸਾ ਦਿੱਤਾ। ਇਸ ਸਮੇਂ ਕੌਮੀ ਮੀਤ ਪ੍ਰਧਾਨ ਰਿਕਾ ਕੁਤਬਾ ਬਾਹਮਣੀਆਂ, ਜਥੇ. ਪ੍ਰਿਤਪਾਲ ਸਿੰਘ ਛੀਨੀਵਾਲ, ਡਾ: ਸੁਖਵਿੰਦਰ ਸਿੰਘ ਨਿਹਾਲੂਵਾਲ, ਜਥੇ ਗੁਰਮੇਲ ਸਿੰਘ ਛੀਨੀਵਾਲ, ਸਰਕਲ ਪ੍ਰਧਾਨ ਸੁਖਵਿੰਦਰ ਸਿੰਘ ਸੁੱਖਾ, ਸਰਕਲ ਪ੍ਰਧਾਨ ਗੁਰਦੀਪ ਸਿੰਘ ਛਾਪਾ, ਸੇਵਕ ਸਿੰਘ ਕਲਾਲ ਮਾਜਰਾ, ਗੁਰਦੀਪ ਸਿੰਘ ਟਿਵਾਣਾ, ਕੁਲਦੀਪ ਸਿੰਘ ਮਾਣਕ, ਸੰਦੀਪ ਕੁਮਾਰ ਰਿੰਕੂ, ਬਲਵੰਤ ਸਿੰਘ ਛੀਨੀਵਾਲ, ਅਰਸ਼ਦੀਪ ਸਿੰਘ ਢੀਂਡਸਾ, ਭਰਪਿੰਦਰ ਸਿੰਘ ਕੁਤਬਾ ਤੇ ਜਗਿੰਦਰ ਸਿੰਘ ਕੁਤਬਾ ਆਦਿ ਹਾਜ਼ਰ ਸਨ।

## ਕਾਤਰਾਂ

### ਦਸਮੇਸ਼ ਕਾਨਵੈਂਟ ਸਕੂਲ ਦੀ ਵਿਦਿਆਰਥਣ ਮੈਰਿਟ 'ਚ



**ਸਰਦੂਲਗੜ੍ਹ (ਪੱਤਰ ਪ੍ਰੇਰਕ)**-ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਐਲਾਨੇ ਗਏ ਦਸਵੀਂ ਕਲਾਸ ਦੇ ਨਤੀਜੇ ਵਿੱਚ ਹਰ ਸਾਲ ਮੈਰਿਟ ਰੈਂਕ ਪ੍ਰਾਪਤ ਕਰਨ ਦਾ ਰਿਕਾਰਡ ਜਾਰੀ ਰੱਖਦਿਆਂ ਸਕੂਲ ਦੀ ਹੋਣਹਾਰ ਵਿਦਿਆਰਥਣ ਅਰਸ਼ ਸਪੁੱਤਰੀ ਸ੍ਰੀ ਜੀਵਨ ਕੁਮਾਰ ਵਾਸੀ ਸਰਦੂਲਗੜ੍ਹ ਨੇ ਬਿਨਾਂ ਕਿਸੇ ਟਿਊਸ਼ਨ ਜਾਂ ਕੋਚਿੰਗ ਦੇ 629/650 (97%) ਅੰਕ ਲੈ ਕੇ ਪੂਰੇ ਪੰਜਾਬ ਵਿੱਚੋਂ 17ਵਾਂ ਰੈਂਕ ਹਾਸਲ ਕਰਕੇ ਮਾਨਸਾ ਜ਼ਿਲ੍ਹੇ ਦੇ ਹਿੱਸੇ ਆਈਆਂ 4 ਮੈਰਿਟਾਂ ਵਿੱਚ ਆਪਣੀ ਜਗ੍ਹਾ ਬਣਾਈ। ਅਰਸ਼ ਦੀ ਇਸ ਪ੍ਰਾਪਤੀ 'ਤੇ ਸਕੂਲ ਦੇ ਪ੍ਰਿੰਸੀਪਲ ਸ: ਰੁਪਿੰਦਰ ਸਿੰਘ ਸੰਧੂ ਨੇ ਸਮੂਹ ਸਟਾਫ ਤੇ ਅਰਸ਼ ਦੇ ਮਾਪਿਆਂ ਨੂੰ ਵਧਾਈਆਂ ਦਿੰਦਿਆਂ ਦੱਸਿਆ ਕਿ ਸਕੂਲ ਵੱਲੋਂ ਅਰਸ਼ ਨੂੰ 11000/- ਰੁਪਏ ਦੀ ਨਗਦ ਰਾਸ਼ੀ ਨਾਲ ਸਨਮਾਨਤ ਕੀਤਾ ਜਾਵੇਗਾ।

### ਗੁਰਲੀਨ ਮੈਰੀਟੋਰੀਅਸ ਦੀ ਪ੍ਰਵੇਸ਼ ਪ੍ਰੀਖਿਆ 'ਚੋਂ ਪਾਸ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਕੂਲ ਆਫ ਐਮੀਨੈਂਸ ਤੇ ਮੈਰੀਟੋਰੀਅਸ ਸਕੂਲ ਦੀ ਸਾਂਝੀ ਪ੍ਰਵੇਸ਼ ਪ੍ਰੀਖਿਆ 30 ਮਾਰਚ ਨੂੰ ਕਰਵਾਈ ਗਈ ਸੀ, ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਪ੍ਰੀਖਿਆ ਨੂੰ ਸਰਕਾਰੀ ਮਿਡਲ ਸਕੂਲ ਛੌੜੀਆਂ ਦੀ ਵਿਦਿਆਰਥਣ ਗੁਰਲੀਨ ਕੌਰ ਨੇ ਵਧੀਆ ਅੰਕ ਪ੍ਰਾਪਤ ਕਰ ਪਾਸ ਕੀਤਾ। ਸਕੂਲ ਇੰਚਾਰਜ ਮੈਡਮ ਸੋਨਾਲੀ ਡੋਡਾ ਤੇ ਰਾਮਪਾਲ ਕੌਰ ਨੇ ਵਿਦਿਆਰਥਣ ਨੂੰ ਵਧਾਈ ਦਿੰਦੇ ਹੋਏ ਅੱਗੇ ਤੋਂ ਇਸੇ ਤਰ੍ਹਾਂ ਮਿਹਨਤ ਕਰਨ 'ਤੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

### ਨੌਜਵਾਨਾਂ ਦਾ ਰਾਹ ਦਸੇਰਾ ਸੁਖਮੰਦਰ ਸਿੰਘ



**ਭਗਤਾ ਭਾਈ ਕਾ (ਰਾਜੀਵ ਗੋਇਲ)**-ਭਾਈ ਬਹਿਲੋ ਸਾਬਕਾ ਸੈਨਿਕ ਯੂਨੀਅਨ ਵਿੱਚ ਪ੍ਰਧਾਨ ਵਜੋਂ ਆਪਣੀਆਂ ਸੇਵਾਵਾਂ ਨਿਭਾਉਣ ਵਾਲੇ ਸੁਖਮੰਦਰ ਸਿੰਘ ਵੱਲੋਂ ਇਲਾਕੇ ਦੇ ਸਾਬਕਾ ਸੈਨਿਕਾਂ ਨੂੰ ਨਜਿੱਠਣ ਤੇ ਫੌਜ 'ਚ ਭਰਤੀ ਹੋਣ ਵਾਲੇ ਨੌਜਵਾਨਾਂ ਦੀ ਮੱਦਦ ਲਈ ਆਪਣੇ ਕਦਮ ਅੱਗੇ ਵਧਾਏ ਜਾ ਰਹੇ ਹਨ। ਮਹਿਕਮੇ ਦੇ ਉੱਚ ਅਧਿਕਾਰੀਆਂ ਤੱਕ ਆਪਣੀ ਪਹੁੰਚ ਬਣਾਉਣ ਵਾਲੇ ਸੁਖਮੰਦਰ ਸਿੰਘ ਪਾਸ ਇਲਾਕੇ ਦੇ ਲੋਕ ਆਪਣਾ ਕੰਮ ਕਰਵਾਉਣ ਆਉਂਦੇ ਹਨ। ਦੱਸਣਾ ਬਣਦਾ ਹੈ ਕਿ ਸੁਖਮੰਦਰ ਸਿੰਘ ਬੱਚਿਆਂ ਨੂੰ ਫੌਜ 'ਚ ਭਰਤੀ ਹੋਣ ਲਈ ਰਾਹ ਦਸੇਰਾ ਦੀ ਭੂਮਿਕਾ ਨਿਭਾਅ ਰਹੇ ਹਨ।

### ਅੱਜ ਬਿਜਲੀ ਬੰਦ ਰਹੇਗੀ

**ਜਲਾਲਾਬਾਦ (ਜੀਤ ਕੁਮਾਰ)**-ਪਾਵਰਕਾਮ ਕਾਰਪੋਰੇਸ਼ਨ ਲਿਮ. ਜਲਾਲਾਬਾਦ ਸ਼ਹਿਰੀ ਦੇ ਐੱਸ.ਡੀ.ਓ. ਸੰਦੀਪ ਕੁਮਾਰ ਨੇ ਦੱਸਿਆ ਕਿ 20 ਅਪ੍ਰੈਲ 2024 ਨੂੰ ਜ਼ਰੂਰੀ ਮੈਂਟੀਨੈਂਸ ਦੇ ਕੰਮ ਕਰਨ ਲਈ 66 ਕੇ ਵੀ ਸਬ ਸਟੇਸ਼ਨ ਵੈਰੋਕੇ, 66 ਕੇ ਵੀ ਝਾੜੀਵਾਲਾ, 66 ਕੇ ਵੀ ਸਬ ਸਟੇਸ਼ਨ ਪੱਕਾ ਕਾਲੇਵਾਲਾ, 66 ਕੇ ਵੀ ਸਬ ਸਟੇਸ਼ਨ ਚੱਕ ਜਾਨੀਸਰ, 66 ਕੇ ਵੀ ਸਬ ਸਟੇਸ਼ਨ ਗਰੇਸਪਿਨਜ ਮਿੱਲ ਸੈਦੋਕੇ, 66 ਕੇ ਵੀ ਸਬ ਸਟੇਸ਼ਨ ਚੱਕ ਬੁੱਧੋਕੇ ਤੋਂ ਚਲਦੇ ਸਾਰੇ ਫੀਡਰਾਂ ਦੀ ਬਿਜਲੀ ਸਪਲਾਈ ਸਵੇਰੇ 9.30 ਵਜੇ ਤੋਂ 5.30 ਵਜੇ ਤੱਕ ਬੰਦ ਰਹੇਗੀ।

### 'ਆਪ' ਦੇ ਐੱਸ ਸੀ ਵਿੰਗ ਦੀ ਮੀਟਿੰਗ 'ਚ ਚੋਣਾਂ ਬਾਰੇ ਚਰਚਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਆਮ ਆਦਮੀ ਪਾਰਟੀ ਦੇ ਐੱਸ. ਸੀ. ਵਿੰਗ ਦੀ ਮੀਟਿੰਗ ਹਲਕਾ ਕੁਆਰਡੀਨੇਟਰ ਮਨਜੀਤ ਸਿੰਘ ਨਾਹਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਦੌਰਾਨ ਐੱਸ.ਸੀ. ਸਮਾਜ ਨੂੰ ਦਰਪੇਸ਼ ਆ ਰਹੀਆਂ ਮੁਸ਼ਕਲਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਦੌਰਾਨ ਹੀ ਆਮ ਆਦਮੀ ਪਾਰਟੀ ਵੱਲੋਂ ਪਿਛਲੇ ਦੋ ਸਾਲਾਂ ਵਿੱਚ ਕੀਤੇ ਗਏ ਵਿਕਾਸ ਕੰਮਾਂ ਬਾਰੇ ਵੀ ਗੱਲਬਾਤ ਕੀਤੀ ਗਈ ਤੇ ਇਹ ਵੀ ਫੈਸਲਾ ਕੀਤਾ ਗਿਆ ਕਿ ਇਨ੍ਹਾਂ ਕੰਮਾਂ ਬਾਰੇ ਲੋਕਾਂ ਨੂੰ ਪੂਰੀ ਤਰ੍ਹਾਂ ਨਾਲ ਜਾਣੂ ਕਰਵਾਇਆ ਜਾਵੇਗਾ। ਉਨ੍ਹਾ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੂੰ ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਉਮੀਦਵਾਰ ਐਲਾਨੇ ਜਾਣ ਦਾ ਸਵਾਗਤ ਕਰਦੇ ਹੋਏ ਐਲਾਨ ਕੀਤਾ ਕਿ ਉਹ ਕਾਕਾ ਬਰਾੜ ਨੂੰ ਜਿਤਾਉਣ ਲਈ ਪੂਰੀ ਵਾਹ ਲਗਾ ਦੇਣਗੇ ਅਤੇ ਪਿੰਡ ਪੱਧਰ ਤੱਕ ਕੰਮ ਕੀਤਾ ਜਾਵੇਗਾ। ਇਸ ਮੌਕੇ ਮਹਿੰਦਰਪਾਲ ਸਿੰਘ, ਸਵਰਨ ਸਿੰਘ, ਜਸਵੰਤ ਕੁਮਾਰ, ਅਮਰਜੀਤ ਸਿੰਘ, ਸਤਪਾਲ ਸਿੰਘ, ਜਗਦੀਸ਼ ਸਿੰਘ, ਬੇਅੰਤ ਸਿੰਘ, ਦੇਸ ਰਾਜ ਸਰਪੰਚ ਗੋਨਿਆਣਾ, ਮੱਖਣ ਸਿੰਘ, ਬੋਹੜ ਸਿੰਘ, ਮੇਜਰ ਸਿੰਘ, ਧਰਮ ਸਿੰਘ, ਪ੍ਰਤਾਪ ਸਿੰਘ, ਗੁਰਤੇਜ ਸਿੰਘ ਆਦਿ ਮੌਜੂਦ ਸਨ।

## ਬਾਬਾ ਮੋਨੀ ਜੀ ਡਿਗਰੀ ਕਾਲਜ ਦਾ ਨਤੀਜਾ ਸੌ ਫੀਸਦੀ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਬਾਬਾ ਮੋਨੀ ਜੀ ਡਿਗਰੀ ਕਾਲਜ ਲਹਿਰਾ ਮੁਹੱਬਤ ਦਾ ਗਿਆਰਵੀਂ ਮੈਡੀਕਲ ਤੇ ਆਰਟਸ ਦਾ ਨਤੀਜਾ ਸੌ ਫੀਸਦੀ ਰਿਹਾ। ਕਾਲਜ ਵੱਲੋਂ ਐਲਾਨੇ ਗਏ ਨਤੀਜੇ ਵਿੱਚ +1 (ਮੈਡੀਕਲ) ਵਿੱਚੋਂ ਜਸ਼ਨਪ੍ਰੀਤ ਕੌਰ (92.4%) ਪੁੱਤਰੀ ਨਛੱਤਰ ਸਿੰਘ 'ਵਿਧਾਨੀ' ਨੇ ਪਹਿਲਾ, ਕਮਲਜੀਤ ਕੌਰ (89.6%) ਪੁੱਤਰੀ ਗੁਰਪ੍ਰੀਤ ਸਿੰਘ 'ਸੇਲਬਰਾਹ' ਨੇ ਦੂਜਾ ਤੇ ਸਿਮਰਜੀਤ ਕੌਰ (87.2%) ਪੁੱਤਰੀ ਬਲਜੀਤ ਸਿੰਘ 'ਰਾਮਸਰਾ' ਨੇ ਤੀਜਾ ਅਤੇ +1 (ਆਰਟਸ) 'ਚੋਂ ਕਰਮਵੀਰ ਕੌਰ (85%) ਪੁੱਤਰੀ ਜਗਜੀਵਨ ਸਿੰਘ 'ਮਹਿਰਾਜ' ਨੇ ਪਹਿਲਾ, ਮਨਜੀਤ ਕੌਰ (84.6%) ਪੁੱਤਰੀ ਕੁਲਦੀਪ ਸਿੰਘ 'ਭਾਈਰੂਪਾ' ਨੇ ਦੂਜਾ ਤੇ ਅਨਮੋਲਪ੍ਰੀਤ ਕੌਰ (83.4%) ਪੁੱਤਰੀ ਅਜਮੇਰ ਸਿੰਘ 'ਵਿਧਾਨੀ' ਨੇ ਤੀਜਾ ਸਥਾਨ ਹਾਸਲ ਕਰਕੇ ਮਾਪਿਆਂ ਤੇ ਆਪਣੇ ਕਾਲਜ ਦਾ ਨਾਮ ਰੌਸ਼ਨ ਕੀਤਾ। ਬਾਕੀ ਸਾਰੀਆਂ ਵਿਦਿਆਰਥਣਾਂ ਨੇ ਪਹਿਲੇ ਦਰਜੇ ਵਿੱਚ ਪ੍ਰੀਖਿਆ ਪਾਸ ਕੀਤੀ। ਕਾਲਜ ਦੇ ਡਾਇਰੈਕਟਰ ਕੇਸਰ ਸਿੰਘ ਧਲੇਵਾਂ ਤੇ ਮੈਨੇਜਿੰਗ ਡਾਇਰੈਕਟਰ ਲਖਵੀਰ ਸਿੰਘ ਸਿੱਧੂ ਨੇ ਵਿਦਿਆਰਥੀਆਂ ਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ। ਕਾਲਜ ਦੇ ਪ੍ਰੋ. ਅਮਨਿੰਦਰ ਕੌਰ ਤੇ ਪ੍ਰੋ. ਦਿਨੇਸ਼ ਕੁਮਾਰ ਨੇ ਵਧਾਈ ਦਿੰਦਿਆਂ ਵਿਦਿਆਰਥਣਾਂ ਨੂੰ ਹੋਰ ਵਧੇਰੇ ਮਿਹਨਤ ਕਰਕੇ ਉਚੀਆਂ ਮੰਜ਼ਿਲਾਂ ਹਾਸਲ ਕਰਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਕਾਲਜ ਦਾ ਸਮੁੱਚਾ ਸਟਾਫ ਮੌਜੂਦ ਸੀ।

## ਸ਼ਨਾਇਆ ਨੇ ਮੋਗਾ ਜ਼ਿਲ੍ਹੇ 'ਚੋਂ ਪਹਿਲਾ ਤੇ ਪੰਜਾਬ 'ਚੋਂ ਪੰਜਵਾਂ ਸਥਾਨ ਹਾਸਲ ਕੀਤਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਾਘਾ ਪੁਰਾਣਾ ਹਲਕੇ ਦੀ ਵਿੱਦਿਅਕ ਖੇਤਰ ਵਿੱਚ ਬੁਲੰਦੀਆਂ ਨੂੰ ਛੂਹਣ ਵਾਲੀ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ, ਜੋ ਚੇਅਰਮੈਨ ਗੁਰਦੇਵ ਸਿੰਘ, ਪ੍ਰਿੰਸੀਪਲ ਸੰਦੀਪ ਮਹਿਤਾ ਦੀ ਰਹਿਨਮਾਈ ਵਿੱਚ ਹਮੇਸ਼ਾ ਵਿੱਦਿਆ ਦੇ ਖੇਤਰ ਵਿੱਚ ਅੱਗੇ ਵਧ ਰਹੀ ਹੈ। ਦਸਵੀਂ ਸ਼੍ਰੇਣੀ ਦੀਆਂ ਪੰਜ ਵਿਦਿਆਰਥਣਾਂ ਨੇ ਸੈਸ਼ਨ 2023-24 ਦੀ ਪੰਜਾਬ ਦੀ ਮੈਰਿਟ ਲਿਸਟ ਵਿੱਚ ਨਾਮ ਦਰਜ ਕਰਵਾਇਆ ਹੈ। ਜ਼ਿਕਰਯੋਗ ਹੈ ਕਿ ਵਿਦਿਆਰਥਣ ਸ਼ਨਾਇਆ ਮਹਿਤਾ ਨੇ 98.6 ਫੀਸਦੀ ਅੰਕ ਪ੍ਰਾਪਤ ਕਰਕੇ ਮੋਗਾ ਜ਼ਿਲ੍ਹਾ 'ਚੋਂ ਪਹਿਲਾ ਤੇ ਪੰਜਾਬ 'ਚੋਂ ਪੰਜਵਾਂ ਸਥਾਨ ਹਾਸਲ ਕੀਤਾ। ਇਸ ਤਰ੍ਹਾਂ ਕੰਗਨਾ ਅਰੋੜਾ ਨੇ 97.2 ਫੀਸਦੀ ਅੰਕ ਪ੍ਰਾਪਤ ਕਰ ਕੇ ਜ਼ਿਲ੍ਹੇ 'ਚੋਂ ਚੌਥਾ ਤੇ ਪੰਜਾਬ 'ਚੋਂ 14ਵਾਂ ਸਥਾਨ ਹਾਸਲ ਕੀਤਾ, ਯਸ਼ਿਕਾ ਮਿੱਤਲ ਨੇ 96.9 ਫੀਸਦੀ ਨਾਲ ਸੱਤਵਾਂ ਤੇ ਪੰਜਾਬ 'ਚੋਂ 16ਵਾਂ ਸਥਾਨ ਹਾਸਲ ਕੀਤਾ, ਮਹਿਕਵੀਰ ਤੇ ਗੁਰਵੀਰ ਕੌਰ ਨੇ 96.2 ਫੀਸਦੀ ਅੰਕ ਪ੍ਰਾਪਤ ਕਰਕੇ ਜ਼ਿਲ੍ਹੇ 'ਚੋਂ ਬਾਰਵਾਂ ਤੇ ਪੰਜਾਬ 'ਚੋਂ 18ਵਾਂ ਸਥਾਨ ਹਾਸਲ ਕੀਤਾ। ਇਸ ਖੁਸ਼ੀ ਦੇ ਮੌਕੇ ਸੰਸਥਾ ਦੇ ਚੇਅਰਮੈਨ ਗੁਰਦੇਵ ਸਿੰਘ, ਪ੍ਰਿੰਸੀਪਲ ਸੰਦੀਪ ਮਹਿਤਾ, ਕੋ-ਆਰਡੀਨੇਟਰ ਮੁਕੇਸ਼ ਅਰੋੜਾ, ਪ੍ਰਿੰਸੀਪਲ ਮੈਡਮ ਪਰਮਿੰਦਰ ਕੌਰ ਤੇ ਮੈਡਮ ਦੀਪਿਕਾ ਮਨਚੰਦਾ ਵੱਲੋਂ ਮੈਰਿਟ ਸੂਚੀ ਤੇ ਜ਼ਿਲ੍ਹੇ 'ਚੋਂ ਪਹਿਲੀਆਂ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਵਧਾਈ ਦਿੱਤੀ ਅਤੇ ਸੰਸਥਾ ਦੇ ਚੇਅਰਮੈਨ ਗੁਰਦੇਵ ਸਿੰਘ, ਪ੍ਰਿੰਸੀਪਲ ਸੰਦੀਪ ਮਹਿਤਾ ਵੱਲੋਂ 5100 ਰੁਪਏ ਦੀ ਨਗਦ ਰਾਸ਼ੀ ਦੇ ਕੇ ਸਨਮਨਤ ਕੀਤਾ ਗਿਆ। ਇਸ ਮੌਕੇ ਰਘਵੀਰ ਚੰਦ, ਮੈਡਮ ਸੁਧਾ ਮਹਿਤਾ ਤੇ ਐਡਵੋਕੇਟ ਰਾਜਾ ਸਿੰਘ ਆਦਿ ਹਾਜ਼ਰ ਸਨ।

## ਯੂਥ ਕਾਂਗਰਸ ਵੱਲੋਂ ਸੰਵਿਧਾਨ ਬਚਾਓ ਮੋਟਰਸਾਈਕਲ ਰੈਲੀ



**ਨਾਭਾ (ਵਰਿੰਦਰ ਵਰਮਾ)**-ਭਾਰਤ ਦੇ ਲੋਕਤੰਤਰ ਨੂੰ ਬਚਾਉਣ ਲਈ ਸੰਵਿਧਾਨ ਬਚਾਓ ਮੋਟਰਸਾਈਕਲ ਰੈਲੀ ਯੂਥ ਕਾਂਗਰਸ ਦੇ ਸਾਬਕਾ ਸੂਬਾ ਵਾਈਸ ਪ੍ਰਧਾਨ ਬਨੀ ਖੈਰਾ ਦੀ ਅਗਵਾਈ ਵਿੱਚ ਕੱਢੀ ਗਈ, ਜੋ ਬੌੜਾਂ ਗੇਟ ਸਥਿਤ ਭਗਵਾਨ ਸ੍ਰੀ ਵਾਲਮੀਕਿ ਮੰਦਿਰ ਤੋਂ ਸ਼ੁਰੂ ਹੋ ਕੇ ਵੱਖ-ਵੱਖ ਬਜ਼ਾਰਾਂ ਵਿੱਚੋਂ ਦੀ ਹੁੰਦੀ ਹੋਈ ਪਟਿਆਲਾ ਗੇਟ ਵਿਖੇ ਬਾਬਾ ਸਾਹਿਬ ਜੀ ਨੂੰ ਫੁੱਲ ਭੇਟ ਕਰਕੇ ਸਮਾਪਤ ਕੀਤੀ। ਇਸ ਮੋਟਰਸਾਈਕਲ ਰੈਲੀ ਵਿੱਚ ਪਟਿਆਲਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ, ਜ਼ਿਲ੍ਹਾ ਦਿਹਾਤੀ ਪ੍ਰਧਾਨ ਮਹੰਤ ਹਰਵਿੰਦਰ ਖਨੌੜਾ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਸੰਵਿਧਾਨ ਬਚਾਓ ਮੋਟਰਸਾਈਕਲ ਰੈਲੀ ਨੂੰ ਝੰਡੀ ਦੇਣ ਤੋਂ ਪਹਿਲਾਂ ਇਕੱਤਰ ਲੋਕਾਂ ਨੂੰ ਸੰਬੋਧਨ ਕਰਦਿਆਂ ਡਾਕਟਰ ਧਰਮਵੀਰ ਗਾਂਧੀ ਨੇ ਕਿਹਾ ਕਿ ਸੰਵਿਧਾਨ ਨੂੰ ਬਚਾਉਣ ਲਈ ਕਾਂਗਰਸ ਪਾਰਟੀ ਨੂੰ ਜਿਤਾਉਣਾ ਅਤਿ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਉਹ ਪਟਿਆਲਾ ਹਲਕੇ ਦੇ ਲੋਕਾਂ ਤੋਂ ਆਪਣੇ ਵੱਲੋਂ ਕਰਾਏ ਗਏ ਹਲਕੇ ਦੇ ਕੰਮਾਂ ਦੇ ਨਾਂਅ ਉਤੇ ਹੀ ਵੋਟ ਮੰਗ ਰਹੇ ਹਨ। ਮਹੰਤ ਖਨੌੜਾ ਨੇ ਕਾਂਗਰਸ ਹਾਈਕਮਾਂਡ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਡਾ. ਧਰਮਵੀਰ ਗਾਂਧੀ ਨੂੰ ਵੱਡੇ ਫਰਕ ਨਾਲ ਜਿਤਾਉਣ ਲਈ ਦਿਨ ਰਾਤ ਮਿਹਨਤ ਕਰ ਰਹੇ ਹਨ ਅਤੇ ਕਰਨਗੇ।

## ਕਰਮਜੀਤ ਅਨਮੋਲ ਦੇ ਹੱਕ 'ਚ ਮੋਟਰਸਾਈਕਲ ਰੈਲੀ ਅੱਜ

**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਹਲਕੇ ਦੀ ਵਿਧਾਇਕਾ ਡਾ: ਅਮਨਦੀਪ ਕੌਰ ਅਰੋੜਾ ਦੀ ਅਗਵਾਈ 'ਚ ਲੋਕ ਸਭਾ ਹਲਕਾ ਫ਼ਰੀਦਕੋਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਅਨਮੋਲ ਦੀ ਮੋਟਰਸਾਈਕਲ ਰੈਲੀ 20 ਅਪ੍ਰੈਲ ਨੂੰ ਸਵੇਰੇ 9 ਵਜੇ ਗੁਰਦੁਆਰਾ ਲੰਢੇਕੇ ਤੋਂ ਸ਼ੁਰੂ ਹੋਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਤੇ ਸਾਬਕਾ ਕੌਂਸਲਰ ਪ੍ਰੇਮ ਚੰਦ ਚੱਕੀਵਾਲਾ ਨੇ ਦੱਸਿਆ ਕਿ ਹਲਕਾ ਮੋਗਾ ਦੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦੀ ਅਗਵਾਈ ਹੇਠ ਮੋਗਾ ਤੋਂ ਕੱਢੀ ਜਾ ਰਹੀ ਮੋਟਰਸਾਈਕਲ ਰੈਲੀ ਵਿੱਚ ਕਰਮਜੀਤ ਅਨਮੋਲ ਤੇ ਅਦਾਕਾਰ ਬਿਨੂੰ ਢਿੱਲੋਂ ਰੋਡ ਸ਼ੋਅ ਦੌਰਾਨ ਲੋਕਾਂ ਨੂੰ ਸੰਬੋਧਨ ਵੀ ਕਰਨਗੇ। ਉਨ੍ਹਾ ਦੱਸਿਆ ਕਿ ਇਹ ਮੋਟਰਸਾਈਕਲ ਸਵੇਰੇ 9 ਵਜੇ ਗੁਰਦੁਆਰਾ ਲੰਢੇਕੇ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਮੇਨ ਬਜ਼ਾਰ, ਪ੍ਰਤਾਪ ਰੋਡ, ਰੇਲਵੇ ਰੋਡ ਆਦਿ ਬਾਜ਼ਾਰਾਂ ਵਿੱਚੋਂ ਦੀ ਹੁੰਦਾ ਹੋਇਆ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦੇ ਗ੍ਰਹਿ ਵਿਖੇ ਸਮਾਪਤ ਹੋਵੇਗਾ। ਸ਼ਾਮ ਉਨ੍ਹਾਂ ਆਮ ਆਦਮੀ ਪਾਰਟੀ ਦੇ ਅਹੁਦੇਦਾਰਾਂ, ਵਲੰਟੀਅਰਾਂ, ਕੌਂਸਲਰਾਂ ਤੇ ਸ਼ਹਿਰ ਵਾਸੀਆਂ ਨੂੰ ਇਸ ਰੋਡ ਸ਼ੋਅ ਦੌਰਾਨ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।

## ਸਾਕਸ਼ੀ ਨੇ ਮੈਰਿਟ 'ਚ ਸਥਾਨ ਹਾਸਲ ਕਰ ਗੌਰਮਿੰਟ ਗਰਲਜ਼ ਸਕੂਲ ਦਾ ਨਾਂਅ ਰੌਸ਼ਨ ਕੀਤਾ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਗੌਰਮੈਂਟ ਗਰਲਜ਼ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਮਦੋਟ (ਸਕੂਲ ਆਫ ਐਮੀਨੈਂਸ) ਦੀ ਵਿਦਿਆਰਥਣ ਸਾਕਸ਼ੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਜਮਾਤ ਦੇ ਐਲਾਨੇ ਨਤੀਜਿਆਂ ਦੌਰਾਨ ਪੰਜਾਬ ਵਿੱਚੋਂ 13ਵਾਂ ਸਥਾਨ ਹਾਸਲ ਕਰਕੇ ਆਪਣੇ ਸਕੂਲ, ਮਾਪਿਆਂ ਤੇ ਸਰਹੱਦੀ ਖੇਤਰ ਦਾ ਨਾਮ ਰੌਸ਼ਨ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਦੀ ਪ੍ਰਿੰਸੀਪਲ ਰਬੀਨਾ ਚੋਪੜਾ ਨੇ ਦੱਸਿਆ ਕਿ ਇਸ ਸਰਕਾਰੀ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਇਸ ਤੋਂ ਪਹਿਲਾਂ ਵੀ ਵੱਖ-ਵੱਖ ਖੇਤਰਾਂ ਵਿੱਚ ਕਾਫੀ ਪ੍ਰਾਪਤੀਆਂ ਕੀਤੀਆਂ ਗਈਆਂ ਹਨ, ਜਿਸ ਵਿੱਚ ਅੱਜ ਇੱਕ ਹੋਰ ਨਾਮ ਜੁੜਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸਕੂਲ ਦੀ ਦਸਵੀਂ ਜਮਾਤ ਦੀ ਵਿਦਿਆਰਥਣ ਸਾਕਸ਼ੀ ਪੁੱਤਰੀ ਲਖਵਿੰਦਰ ਸਿੰਘ ਵਾਸੀ ਜਾਮਾ ਰਖਾਈਆਂ ਹਿਠਾੜ ਵੱਲੋਂ ਕੁੱਲ 650 ਅੰਕਾਂ ਵਿੱਚੋਂ 633 (97.38%) ਅੰਕ ਪ੍ਰਾਪਤ ਕਰਕੇ ਪੰਜਾਬ ਵਿੱਚਾਂ 13ਵਾਂ ਸਥਾਨ ਹਾਸਲ ਕੀਤਾ ਹੈ, ਜੋ ਕਿ ਸਾਡੇ ਪੱਛੜੇ ਇਲਾਕੇ ਵਾਸਤੇ ਬੜੀ ਮਾਣ ਵਾਲੀ ਗੱਲ ਹੈ। ਵਿਦਿਆਰਥਣ ਦੇ ਮੈਰਿਟ 'ਚੋਂ ਤੇਰਵਾਂ ਸਥਾਨ ਹਾਸਲ ਕਰਨ 'ਤੇ ਬੀ ਪੀ ਈ ਓ ਜਸਵਿੰਦਰ ਸਿੰਘ ਸਕੂਲ ਪ੍ਰਿੰਸੀਪਲ ਰੁਬੀਨਾ ਚੋਪੜਾ, ਜਸਬੀਰ ਸਿੰਘ ਚੇਅਰਮੈਨ ਸਕੂਲ ਮੈਨਜਮੈਂਟ ਕਮੇਟੀ ਵੱਲੋਂ ਖੁਸ਼ੀਆਂ ਮਨਾਉਂਦਿਆਂ ਬੱਚੇ ਦੇ ਮਾਤਾ-ਪਿਤਾ ਨੂੰ ਵਧਾਈਆਂ ਦਿੱਤੀਆਂ ਗਈਆਂ।

ਇਸ ਸਬੰਧੀ ਗੱਲਬਾਤ ਕਰਦੇ ਹੋਏ ਐਡਵੋਕੇਟ ਰਜਨੀਸ਼ ਦਹੀਆ ਐੱਮ ਐੱਲ ਏ ਹਲਕਾ ਫਿਰੋਜ਼ਪੁਰ ਦਿਹਾਤੀ ਨੇ ਸਕੂਲ ਵਿਦਿਆਰਥਣ, ਉਸ ਦੇ ਮਾਤਾ-ਪਿਤਾ, ਸਕੂਲ ਪ੍ਰਿੰਸੀਪਲ ਤੇ ਸਮੂਹ ਸਟਾਫ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਜਦ ਤੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ, ਸਿੱਖਿਆ ਤੇ ਸਿਹਤ ਸਹੂਲਤਾਂ ਵੱਲ ਵਿਸ਼ੇਸ਼ ਤੌਰ 'ਤੇ ਧਿਆਨ ਦਿੱਤਾ ਜਾ ਰਿਹਾ।

## ਦਸਵੀਂ ਦੀ ਮੈਰਿਟ ਸੂਚੀ 'ਚ ਜ਼ਿਲ੍ਹੇ ਦੇ ਚਾਰ ਵਿਦਿਆਰਥੀਆਂ ਦਰਜ ਕਰਾਇਆ ਨਾਂਅ

**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਦਸਵੀਂ ਜਮਾਤ ਦੇ ਨਤੀਜਿਆਂ ਦੀ ਰਾਜ ਪੱਧਰੀ ਮੈਰਿਟ ਸੂਚੀ ਵਿੱਚ ਜ਼ਿਲ੍ਹਾ ਮਾਨਸਾ ਦੇ 4 ਵਿਦਿਆਰਥੀਆਂ ਨੇ ਆਪਣਾ ਨਾਮ ਦਰਜ ਕਰਵਾਇਆ ਹੈ। ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਭੁਪਿੰਦਰ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਕੰਨਿਆ ਮਾਨਸਾ ਦੀ ਵਿਦਿਆਰਥਣ ਰਾਣੀ ਕੌਰ ਨੇ 650 ਵਿੱਚੋਂ 632 ਅੰਕ ਪ੍ਰਾਪਤ ਕਰਕੇ ਜ਼ਿਲ੍ਹਾ ਮਾਨਸਾ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਗੰਢੂ ਕਲਾਂ ਦੀ ਵਿਦਿਆਰਥਣ ਜੈਸਮੀਨ ਜੱਸੀ ਨੇ 650 ਵਿੱਚੋਂ 630 ਅੰਕ ਪ੍ਰਾਪਤ ਕਰਕੇ ਰਾਜ ਪੱਧਰੀ ਮੈਰਿਟ ਸੂਚੀ ਵਿੱਚ ਨਾਮ ਦਰਜ ਕਰਵਾਇਆ ਹੈ। ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ), ਅਸ਼ੋਕ ਕੁਮਾਰ ਨੇ ਦੱਸਿਆ ਕਿ ਦਸਵੀਂ ਦੀ ਮੈਰਿਟ ਸੂਚੀ ਵਿੱਚੋਂ 2 ਵਿਦਿਆਰਥੀ ਸਰਕਾਰੀ ਸਕੂਲ ਨਾਲ ਸਬੰਧਤ ਹਨ ਤੇ 2 ਵਿਦਿਆਰਥੀ ਪ੍ਰਾਈਵੇਟ ਸਕੂਲ ਨਾਲ ਸਬੰਧਤ ਹਨ। ਰੈਗੂਲਰ ਵਿਦਿਆਰਥੀਆਂ ਦੀ ਜ਼ਿਲ੍ਹੇਵਾਰ ਪਾਸ ਪ੍ਰਤੀਸ਼ਤਤਾ ਵਿੱਚ ਜ਼ਿਲ੍ਹਾ ਮਾਨਸਾ ਨੇ 96.59 ਪ੍ਰਤੀਸ਼ਤ ਨਾਲ ਸੂਬੇ ਵਿੱਚੋਂ 16ਵਾਂ ਸਥਾਨ ਪ੍ਰਾਪਤ ਕੀਤਾ ਹੈ। ਉਨ੍ਹਾ ਕਿਹਾ ਕਿ ਮੈਰਿਟ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਵੀ ਕੀਤਾ ਜਾਵੇਗਾ।

## ਹੰਸ ਰਾਜ ਹੰਸ ਦਾ ਵਿਰੋਧ ਕਰਨ ਪਹੁੰਚੇ ਕਿਸਾਨ ਆਗੂ ਗ੍ਰਿਫ਼ਤਾਰ



**ਬਾਘਾਪੁਰਾਣਾ (ਮਨੀ ਸਿੰਗਲਾ)**-ਕਿਰਤੀ ਕਿਸਾਨ ਯੂਨੀਅਨ ਦੇ ਸੂਬਾਈ ਆਗੂ ਚਮਕੌਰ ਸਿੰਘ ਰੋਡੇ ਜ਼ਿਲ੍ਹਾ ਆਗੂ ਜਸਮੇਲ ਸਿੰਘ ਰਾਜੇਆਣਾ, ਜਗਵਿੰਦਰ ਕੌਰ ਰਾਜੇਆਣਾ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਕਿਸਾਨਾਂ ਖਿਲਾਫ਼ ਕਾਲੇ ਕਾਨੂੰਨ ਲਿਆਂਦੇ ਗਏ, ਜਿਸ ਖਿਲਾਫ਼ ਸਾਲ ਭਰ ਦਿੱਲੀ ਦੀਆਂ ਸੜਕਾਂ 'ਤੇ ਮੋਦੀ ਸਰਕਾਰ ਖ਼ਿਲਾਫ਼ ਡਟੇ ਰਹੇ ਕਿਸਾਨਾਂ-ਮਜ਼ਦੂਰਾਂ ਦੀਆਂ ਸ਼ਹਾਦਤਾਂ ਬੰਦੇ ਖਾਣੀ ਮੋਦੀ ਸਰਕਾਰ ਖਿਲਾਫ ਲੱਗੇ ਮੋਰਚੇ ਤੋਂ ਬਾਅਦ ਭਾਜਪਾ ਦਾ ਕਿਸਾਨਾਂ ਵੱਲੋਂ ਵੱਡੇ ਪੱਧਰ 'ਤੇ ਵਿਰੋਧ ਦਾ ਫੈਸਲਾ ਕੀਤਾ ਗਿਆ ਸੀ, ਜਿਸ ਕੜੀ ਵਜੋਂ ਭਾਜਪਾ ਦੇ ਫ਼ਰੀਦਕੋਟ ਤੋਂ ਹੰਸ ਰਾਜ ਹੰਸ ਦਾ ਵਿਰੋਧ ਕੀਤਾ ਗਿਆ। ਕਿਸਾਨ ਆਗੂਆਂ ਨੇ ਕਿਹਾ ਕਿ ਭਾਜਪਾ ਦੇ ਹਰ ਲੀਡਰ ਦਾ ਵਿਰੋਧ ਕੀਤਾ ਜਾਵੇਗਾ। ਬਾਘਾਪੁਰਾਣਾ ਥਾਣੇ ਵਿੱਚ ਕਿਰਤੀ ਕਿਸਾਨ ਯੂਨੀਅਨ ਔਰਤ ਵਿੰਗ ਦੇ ਆਗੂ ਛਿੰਦਰਪਾਲ ਕੌਰ ਰੋਡੇ, ਅੰਗਰੇਜ਼, ਮਨਜੀਤ ਰਾਜੇਆਣਾ, ਅਜਮੇਰ ਸਿੰਘ, ਬਲਵਿੰਦਰ ਸਿੰਘ, ਗੁਰਮੀਤ ਸਿੰਘ, ਗੁਰਜੰਟ ਸਿੰਘ ਛੋਟਾ ਘਰ, ਸਰਬਜੀਤ ਲੰਗੇਆਣਾ, ਨਿਰਮਲ ਨੱਥੂਵਾਲਾ, ਬਲਕਰਨ ਸਿੰਘ, ਸੁਖਜਿੰਦਰ ਸਿੰਘ ਨੂੰ ਵੀ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ।

## ਕਲਾਪੀਠ ਵੱਲੋਂ ਪੁਸਤਕ ਲੋਕ ਅਰਪਣ ਤੇ ਅਨਿਲ ਆਦਮ ਯਾਦਗਾਰੀ ਸਮਾਗਮ ਭਲਕੇ

**ਫ਼ਿਰੋਜ਼ਪੁਰ/ਮਮਦੋਟ (ਜਸਬੀਰ ਸਿੰਘ ਕੰਬੋਜ)**-ਸ਼ਬਦ ਸੱਭਿਆਚਾਰ ਦੇ ਪਸਾਰ ਲਈ ਨਿਰੰਤਰ ਯਤਨਸ਼ੀਲ ਸੰਸਥਾ ਕਲਾਪੀਠ (ਰਜਿ:) ਵੱਲੋਂ ਪੰਜਾਬੀ ਦੇ ਮਰਹੂਮ ਸ਼ਾਇਰ ਅਨਿਲ ਆਦਮ ਦੀ ਯਾਦ ਵਿੱਚ ਇੱਕ ਵਿਸ਼ਾਲ ਸਾਹਿਤਕ ਸਮਾਗਮ ਕਰਵਾਇਆ ਜਾ ਰਿਹਾ ਹੈ।ਇਸ ਸਮਾਗਮ ਵਿੱਚ ਅਨਿਲ ਆਦਮ ਦੀ ਨਵੀਂ ਛਪੀ ਕਾਵਿ ਕਿਤਾਬ '26 ਸਾਲ ਬਾਅਦ' ਲੋਕ ਅਰਪਿਤ ਕੀਤੀ ਜਾਵੇਗੀ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਹਰਮੀਤ ਵਿਦਿਆਰਥੀ ਨੇ ਦੱਸਿਆ ਕਿ 21 ਅਪ੍ਰੈਲ ਸਵੇਰੇ ਸਾਢੇ ਦਸ ਵਜੇ ਫ਼ਿਰੋਜ਼ਪੁਰ ਦੀ ਜ਼ਿਲ੍ਹਾ ਲਾਇਬ੍ਰੇਰੀ ਵਿੱਚ ਕਰਵਾਏ ਜਾ ਰਹੇ ਇਸ ਸਮਾਗਮ ਦੀ ਪ੍ਰਧਾਨਗੀ ਉੱਘੇ ਆਲੋਚਕ ਤੇ ਪ੍ਰਗਤੀਸ਼ੀਲ ਲੇਖਕ ਸੰਘ ਦੇ ਕੌਮੀ ਪ੍ਰਧਾਨ ਡਾ. ਸੁਖਦੇਵ ਸਿੰਘ ਸਿਰਸਾ ਕਰਨਗੇ, ਜਦੋਂਕਿ ਮੁੱਖ ਮਹਿਮਾਨ ਸਾਹਿਤ ਅਕੈਡਮੀ ਸਨਮਾਨ ਪ੍ਰਾਪਤ ਸ਼ਾਇਰ ਸਵਰਨਜੀਤ ਸਵੀ ਹੋਣਗੇ।ਉੱਘੇ ਸ਼ਾਇਰ ਤੇ ਆਲੋਚਕ ਹਰਵਿੰਦਰ ਭੰਡਾਲ ਅਤੇ ਮਨਜੀਤ ਪੁਰੀ ਇਸ ਪੁਸਤਕ ਬਾਰੇ ਪੇਪਰ ਪੜ੍ਹਨਗੇ।ਪ੍ਰੋ. ਗੁਰਤੇਜ ਕੋਹਾਰਵਾਲਾ ਅਨਿਲ ਆਦਮ ਦੀਆਂ ਕਵਿਤਾਵਾਂ ਦਾ ਪਾਠ ਕਰਨਗੇ। ਪ੍ਰੋ. ਜਸਪਾਲ ਘਈ, ਗੁਰਮੀਤ ਕੜਿਆਲਵੀ, ਪ੍ਰੋ. ਕੁਲਦੀਪ, ਸੱਤਪਾਲ ਭੀਖੀ, ਓਮ ਪ੍ਰਕਾਸ਼ ਸਰੋਏ ਅਨਿਲ ਆਦਮ ਦੀ ਸ਼ਖ਼ਸੀਅਤ ਤੇ ਉਸ ਨਾਲ ਜੁੜੀਆਂ ਆਪਣੀਆਂ ਯਾਦਾਂ ਬਾਰੇ ਵਿਚਾਰ ਰੱਖਣਗੇ।ਆਏ ਮਹਿਮਾਨਾਂ ਦਾ ਸੁਆਗਤ ਡਾ. ਪਰਮਵੀਰ ਗੋਂਦਾਰਾ ਤੇ ਧੰਨਵਾਦ ਡਾ. ਜਗਦੀਪ ਸਿੰਘ ਸੰਧੂ ਕਰਨਗੇ। ਸਮੁੱਚੇ ਸਮਾਗਮ ਦਾ ਸੰਚਾਲਨ ਨੌਜਵਾਨ ਆਲੋਚਕ ਤੇ ਅਨੁਵਾਦਕ ਸੁਖਜਿੰਦਰ ਕਰਨਗੇ।ਇਸ ਸਬੰਧੀ ਹੋਰ ਜਾਣਕਾਰੀ ਦੇਦੇ ਹੋਏ ਕਲਾਪੀਠ ਦੇ ਮੈਂਬਰਾਂ ਰਾਜੀਵ ਖ਼ਿਆਲ, ਸੁਰਿੰਦਰ ਕੰਬੋਜ, ਸੰਦੀਪ ਚੌਧਰੀ, ਸੁਖਵਿੰਦਰ ਭੁੱਲਰ, ਲਾਲ ਸਿੰਘ ਸੁਲਹਾਣੀ, ਸੁਰਿੰਦਰ ਢਿੱਲੋਂ, ਸਰਬਜੀਤ ਸਿੰਘ ਭਾਵੜਾ, ਸੁਖਦੇਵ ਭੱਟੀ ਤੇ ਹਰਮੀਤ ਵਿਦਿਆਰਥੀ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਸਮੁੱਚੇ ਪੰਜਾਬ ਤੋਂ ਅਨਿਲ ਆਦਮ ਤੇ ਉਸ ਦੀ ਕਵਿਤਾ ਨੂੰ ਪਿਆਰ ਕਰਨ ਵਾਲੇ ਲੇਖਕ, ਬੁੱਧੀਜੀਵੀ ਤੇ ਸਾਹਿਤ ਪ੍ਰੇਮੀ ਭਾਗ ਲੈਣਗੇ।

## 'ਆਪ' ਪੰਜਾਬ ਦੀਆਂ ਸਾਰੀਆਂ ਸੀਟਾਂ 'ਤੇ ਹੂੰਝਾ ਫੇਰ ਜਿੱਤ ਪ੍ਰਾਪਤ ਕਰੇਗਾ : ਬਲਕਾਰ ਸਿੱਧੂ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਲੋਕ ਸਭਾ ਚੋਣਾਂ 'ਚ ਕਾਂਗਰਸ, ਅਕਾਲੀ ਤੇ ਭਾਜਪਾ ਦਾ ਖਾਤਾ ਵੀ ਨਹੀਂ ਖੁੱਲ੍ਹਣਾ ਤੇ 'ਆਪ' ਪੰਜਾਬ ਦੀਆਂ ਸਾਰੀਆਂ ਲੋਕ ਸਭਾ ਸੀਟਾਂ 'ਤੇ ਹੂੰਝਾ ਫੇਰ ਜਿੱਤ ਪ੍ਰਾਪਤ ਕਰੇਗੀ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਇਕ ਬਲਕਾਰ ਸਿੱਧੂ ਨੇ ਲੋਕ ਸਭਾ ਹਲਕਾ ਫਰੀਦਕੋਟ ਤੋਂ ਉਮੀਦਵਾਰ ਕਰਮਜੀਤ ਅਨਮੋਲ ਦੇ ਹੱਕ ਵਿੱਚ ਚੋਣ ਪ੍ਰਚਾਰ ਨੂੰ ਭੋਡੀਪੁਰਾ 'ਚ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਚੱਲ ਰਹੀ 'ਆਪ' ਦੀ ਹਨੇਰੀ ਅੱਗੇ ਰਵਾਇਤੀ ਪਾਰਟੀਆਂ ਦੇ ਉਮੀਦਵਾਰ ਟਿਕ ਨਹੀਂ ਸਕਣਗੇ ਤੇ 'ਆਪ' ਦੇ ਉਮੀਦਵਾਰ ਵੱਡੀ ਲੀਡ ਨਾਲ ਸੀਟਾਂ ਜਿੱਤਣਗੇ। ਵਿਧਾਇਕ ਬਲਕਾਰ ਸਿੱਧੂ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਕਈ ਪਿੰਡਾਂ ਦੇ ਸਰਪੰਚ, ਪੰਚਾਇਤ ਮੈਂਬਰ ਤੇ ਸਿਆਸੀ ਪਾਰਟੀਆਂ ਦੇ ਆਗੂ ਮੁੱਖ ਮੰਤਰੀ ਭਗਵੰਤ ਮਾਨ ਦੀ ਲੋਕ ਪੱਖੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ 'ਆਪ' 'ਚ ਸ਼ਾਮਲ ਹੋਣਗੇ ਤੇ ਅੱਜ ਪਿੰਡ ਭੋਡੀਪੁਰਾ ਤੋਂ ਸੈਂਕੜੇ ਪਰਵਾਰ ਕਾਂਗਰਸ ਤੇ ਅਕਾਲੀ ਦਲ ਨੂੰ ਅਲਵਿਦਾ ਆਖ ਕੇ 'ਆਪ' 'ਚ ਸ਼ਾਮਲ ਹੋਏ ਹਨ ਤੇ ਇਨ੍ਹਾਂ ਦਾ ਆਪ ਪਾਰਟੀ 'ਚ ਸ਼ਾਮਲ ਹੋਣ 'ਤੇ ਨਿੱਘਾ ਸਵਾਗਤ ਕਰਦੇ ਹਾਂ। ਵਿਧਾਇਕ ਸਿੱਧੂ ਨੇ ਮੋਦੀ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਬਾਬਾ ਸਾਹਿਬ ਅੰਬੇਡਕਰ ਦੇ ਬਣਾਏ ਸੰਵਿਧਾਨ 'ਚ ਲੋਕਾਂ ਦੇ ਹੱਕਾਂ ਦੀ ਰਾਖੀ ਕੀਤੀ ਗਈ ਹੈ ਤੇ ਮੋਦੀ ਸਰਕਾਰ ਸੰਵਿਧਾਨ ਨੂੰ ਤੋੜ ਮਰੋੜ ਕੇ ਸਰਕਾਰੀ ਏਜੰਸੀਆਂ ਦੀ ਦੁਰਵਰਤੋਂ ਕਰਕੇ ਧੱਕੇ ਨਾਲ ਚੋਣਾਂ ਜਿੱਤਣਾ ਚਾਹੁੰਦੀ ਹੈ ਤੇ ਲੋਕਤੰਤਰ ਵਿੱਚ ਲੋਕਾਂ ਨੂੰ ਮਿਲੇ ਵੋਟ ਪਾਉਣ ਦੇ ਹੱਕਾਂ ਤੋਂ ਵਾਂਝਾ ਕਰਨਾ ਚਾਹੁੰਦੀ ਹੈ। ਇਸ ਮੌਕੇ ਵੱਡੀ ਗਿਣਤੀ ਵਿੱਚ ਪਿੰਡ ਭੋਡੀਪੁਰਾ ਦੇ ਲੋਕ ਹਾਜ਼ਰ ਸਨ।

## ਦੇਸ਼ ਭਗਤ 'ਵਰਸਿਟੀ ਨੇ ਨਾਰਥ ਅਮਰੀਕਾ ਦੀ 'ਵਰਸਿਟੀ ਨਾਲ ਕੀਤਾ ਸਿੱਖਿਆ ਸਮਝੌਤਾ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਨੇ ਸਿੱਖਿਆ ਦੇ ਖੇਤਰ ਵਿੱਚ ਕਈ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਹਨ। ਦੇਸ਼ ਭਗਤ ਯੂਨੀਵਰਸਿਟੀ ਇੰਡੀਆ ਤੇ ਦੇਸ਼ ਭਗਤ ਯੂਨੀਵਰਸਿਟੀ ਅਮਰੀਕਾ (ਡੀ ਬੀ ਯੂ ਆਈ/ਡੀ ਬੀ ਯੂ ਏ) ਨੇ ਦੋਹਾਂ ਸੰਸਥਾਵਾਂ ਵਿਚਕਾਰ ਸਿੱਖਿਆ ਤੇ ਅਕਾਦਮਿਕ ਆਦਾਨ-ਪ੍ਰਦਾਨ ਨੂੰ ਉਤਸ਼ਾਹਤ ਕਰਨ ਲਈ ਫੇਅਰ ਲੈਕਸ, ਫੇਅਰਫੈਕਸ, ਅਮਰੀਕਾ ਵਿੱਚ ਹੱਥ ਮਿਲਾਏ ਤੇ ਇੱਕ ਸਮਝੌਤੇ 'ਤੇ ਹਸਤਾਖਰ ਕੀਤੇ। ਇਸ ਅਕਾਦਮਿਕ ਸਹਿਯੋਗ ਦਾ ਉਦੇਸ਼ ਦੋ ਸੰਸਥਾਵਾਂ ਵਿਚਕਾਰ ਆਦਾਨ-ਪ੍ਰਦਾਨ ਦੇ ਸਾਰੇ ਮਾਮਲਿਆਂ ਵਿੱਚ ਨਜ਼ਦੀਕੀ ਸਹਿਯੋਗ ਕਰਨਾ ਹੈ, ਜਿੱਥੇ ਵਿਦਿਆਰਥੀ, ਫੈਕਲਟੀ ਲਾਮਬੰਦੀ ਸੱਭਿਆਚਾਰ ਦੇ ਆਦਾਨ-ਪ੍ਰਦਾਨ ਨੂੰ ਵਧਾਏਗੀ ਤੇ ਸਿੱਖਿਆ ਦੇ ਖੇਤਰ ਵਿੱਚ ਸਾਂਝੇ ਤੌਰ 'ਤੇ ਖੋਜ ਪ੍ਰੋਗਰਾਮਾਂ, ਪ੍ਰੋਜੈਕਟਾਂ, ਜਾਣਕਾਰੀ ਦੇ ਆਦਾਨ-ਪ੍ਰਦਾਨ ਤੇ ਇੰਟਰਨਸ਼ਿਪਾਂ ਨੂੰ ਵਧਾਏਗੀ। ਦੇਸ਼ ਭਗਤ ਯੂਨੀਵਰਸਿਟੀ ਇੰਡੀਆ ਡਿਪਲੋਮਾ, ਯੂਜੀ, ਪੀ ਜੀ ਤੇ ਪੀ ਐੱਚ ਡੀ ਲਈ 200 ਤੋਂ ਵੱਧ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰ ਰਹੀ ਹੈ। ਦੇਸ਼ ਭਗਤ ਯੂਨੀਵਰਸਿਟੀ ਅਮਰੀਕਾ ਸੇਂਟ ਵਿਨਸੈਂਟ ਤੇ ਗ੍ਰੇਨਾਡਾਈਨਜ਼ ਵਿਖੇ 5 ਸਾਲ ਐੱਮ.ਡੀ.ਬੀ.ਐੱਸ. ਦੀ ਪੜ੍ਹਾਈ ਕਰਵਾਉਂਦੀ ਹੈ। ਦੇਸ਼ ਭਗਤ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਡਾ: ਸੰਦੀਪ ਸਿੰਘ ਤੇ ਮਿਸ ਜਿਲ ਮਾਰਟਿਨ, ਪ੍ਰੈਜ਼ੀਡੈਂਟ ਉੱਤਰੀ ਅਮਰੀਕਾ ਯੂਨੀਵਰਸਿਟੀ, ਯੂਐੱਸਏ ਨੇ ਦੋਹਰੀ ਡਿਗਰੀ ਪ੍ਰੋਗਰਾਮਾਂ ਲਈ ਸ਼ਮੂਲੀਅਤ ਕਰਨ ਲਈ ਸਹਿਮਤੀ ਦਿੱਤੀ।

## ਸੁਮੀਤ ਖੁੱਡੀਆਂ ਨੇ 10 ਪਿੰਡਾਂ 'ਚ ਕੀਤੀਆਂ ਨੁੱਕੜ ਮੀਟਿੰਗਾਂ

■ ਵਲੰਟੀਅਰਾਂ ਨੂੰ ਤਕੜੇ ਹੋ ਕੇ ਹੰਭਲਾ ਮਾਰਨ ਲਈ ਕਿਹਾ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਬਠਿੰਡਾ ਲੋਕ ਸਭਾ ਹਲਕੇ ਤੋਂ ਆਪ ਦੇ ਉਮੀਦਵਾਰ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਦੇ ਹੱਕ ਵਿੱਚ ਉਨ੍ਹਾਂ ਦੇ ਸਪੁੱਤਰ ਸੁਮੀਤ ਖੁੱਡੀਆਂ ਵੱਲੋਂ ਭੁੱਚੋ ਮੰਡੀ ਵਿਧਾਨ ਸਭਾ ਹਲਕੇ ਦੇ 10 ਪਿੰਡਾਂ ਵਿੱਚ ਨੁੱਕੜ ਮੀਟਿੰਗਾਂ ਕੀਤੀਆਂ।ਉਨ੍ਹਾਂ ਹਲਕੇ ਦੇ ਪਿੰਡਾਂ ਕਲਿਆਣ ਸੁੱਖਾ, ਕਲਿਆਣ ਮਲਕੀ, ਕਲਿਆਣ ਸੱਦਾ, ਨਥਾਣਾ, ਭੈਣੀ, ਮਾੜੀ, ਬੱਜੋਆਣਾ ਆਦਿ ਪਿੰਡਾਂ ਦਾ ਦੌਰਾ ਕੀਤਾ।ਇਸ ਮੌਕੇ ਲੋਕਾਂ ਦੇ ਭਰਵੇਂ ਇਕੱਠਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਆਖਿਆ ਕਿ ਸੂਬੇ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਲੋਕਾਂ ਨੇ ਕਾਫੀ ਰਾਹਤ ਮਹਿਸੂਸ ਕੀਤੀ ਹੈ।ਉਨ੍ਹਾਂ ਕਿਹਾ ਕਿ ਰਵਾਇਤੀ ਪਾਰਟੀਆਂ ਨੇ ਆਪਣੇ 50 ਸਾਲਾਂ ਦੇ ਰਾਜ ਦੌਰਾਨ ਰੁਜ਼ਗਾਰ ਦੇ ਸਾਧਨ ਪੈਦਾ ਕਰਨ ਲਈ ਕੋਈ ਕਦਮ ਨਹੀਂ ਉਠਾਇਆ, ਜਿਸ ਕਾਰਨ ਬੇਰੁਜ਼ਗਾਰੀ ਵਧੀ ਤੇ ਉਸ ਨਾਲ ਨਸ਼ਿਆਂ ਵਰਗੀਆਂ ਅਲਾਮਤਾਂ ਵਿੱਚ ਵਾਧਾ ਹੋਇਆ।ਉਨ੍ਹਾਂ ਲੋਕਾਂ ਨੂੰ ਭਰੋਸਾ ਦਿੱਤਾ ਕਿ ਜੇਕਰ ਤੁਸੀਂ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਨੂੰ ਜਿਤਾ ਕੇ ਪਾਰਲੀਮੈਂਟ ਵਿੱਚ ਭੇਜਦੇ ਹੋ ਤਾਂ ਉਹ ਤੁਹਾਡੇ ਅਜਿਹੇ ਮਸਲਿਆਂ ਨੂੰ ਉਠਾ ਕੇ ਉਨ੍ਹਾਂ ਦਾ ਹੱਲ ਕਰਨ ਲਈ ਸਦਾ ਯਤਨਸ਼ੀਲ ਰਹਿਣਗੇ।ਉਨ੍ਹਾਂ ਕਿਹਾ ਕਿ ਉਹ ਤੁਹਾਡੇ ਬੱਚਿਆਂ ਲਈ ਰੁਜ਼ਗਾਰ ਦੇ ਸਾਧਨ ਪੈਦਾ ਕਰਨ ਲਈ ਹਰ ਸੰਭਵ ਯਤਨ ਕਰਨਗੇ।ਸੁਮੀਤ ਖੁੱਡੀਆਂ ਨੇ ਕਿਹਾ ਕਿ ਰੁਜ਼ਗਾਰ ਲਈ ਇੰਡਸਟਰੀ ਦੀ ਵੱਡੀ ਲੋੜ ਹੁੰਦੀ ਹੈ, ਪਰ ਪਿਛਲੇ ਸਮੇਂ ਦੌਰਾਨ ਰਵਾਇਤੀ ਪਾਰਟੀਆਂ ਦੇ ਆਗੂਆਂ ਵੱਲੋਂ ਇੰਡਸਟਰੀਆਂ ਵਿੱਚ ਧੱਕੇ ਨਾਲ ਆਪਣੇ ਹਿੱਸੇ ਰੱਖਣ ਕਾਰਨ ਸਨਅਤਕਾਰ ਡਰ ਗਏ ਸਨ, ਪਰ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਸਨਅਤਕਾਰ ਮੁੜ ਪੰਜਾਬ ਅੰਦਰ ਇੰਡਸਟਰੀ ਲਾਉਣ ਲਈ ਸੋਚ ਰਹੇ ਹਨ।ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਉਣ ਤਾਂ ਜੋ ਉਹ ਪਹਿਲਾਂ ਦੀ ਤਰ੍ਹਾਂ ਲੋਕ ਪੱਖੀ ਸਿਆਸਤ ਕਰਦਿਆਂ ਲੋਕ ਮਸਲਿਆਂ ਦਾ ਹੱਲ ਕਰ ਸਕਣ।ਇਸ ਮੌਕੇ ਆਮ ਲੋਕਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਆਗੂ ਤੇ ਵਲੰਟੀਅਰ ਵੱਡੀ ਗਿਣਤੀ ਹਾਜ਼ਰ ਸਨ।

## ਆਇਸਾ ਵੱਲੋਂ ਸਰਕਾਰੀ ਕਾਲਜ 'ਚ ਡਾ. ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਤ ਕਨਵੈਨਸ਼ਨ



**ਮਾਨਸਾ (ਆਤਮਾ ਸਿੰਘ ਪਮਾਰ)**

ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਪੰਜਾਬ ਵੱਲੋਂ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਵਿੱਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਤ ਕਨਵੈਨਸ਼ਨ ਕਰਵਾਈ ਗਈ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਰੈਡੀਕਲ ਪੀਪਲਜ਼ ਫੋਰਮ ਦੇ ਆਗੂ ਸੁਖਦਰਸ਼ਨ ਸਿੰਘ ਨੱਤ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੇ ਸਮਾਜਿਕ, ਰਾਜਨੀਤਕ ਤੇ ਆਰਥਿਕ ਨਾ-ਬਰਾਬਰੀ ਖਿਲਾਫ ਸੰਘਰਸ਼ ਲੜਦੇ ਹੋਏ ਭਾਰਤੀ ਸੰਵਿਧਾਨ ਲਿਖਣ ਤੱਕ ਅਹਿਮ ਭੂਮਿਕਾ ਨਿਭਾਈ। ਅੱਜ ਦੇਸ਼ ਭਰ ਵਿੱਚ ਬੀਜੇਪੀ, ਆਰ ਐੱਸ ਐੱਸ ਭਾਰਤੀ ਸੰਵਿਧਾਨ ਨੂੰ ਬਦਲ ਕੇ ਮੁੜ ਗੈਰ-ਬਰਾਬਰੀ ਵਾਲੀ ਮਨੂੰ ਸਿਮਰਤੀ ਨੂੰ ਭਾਰਤੀ ਸੰਵਿਧਾਨ ਬਣਾਏ ਜਾਣ ਲਈ ਪੱਬਾਂ ਭਾਰ ਹਨ। ਪ੍ਰੈੱਸ ਬਿਆਨ ਜਾਰੀ ਕਰਦਿਆਂ ਆਇਸਾ ਦੇ ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਖੋਖਰ ਨੇ ਕਿਹਾ ਕਿ ਦੇਸ਼ ਭਰ ਦੀਆਂ ਵਿੱਦਿਅਕ ਸੰਸਥਾਵਾਂ, ਜਮਹੂਰੀ ਸੰਸਥਾਵਾਂ ਤੇ ਜਨਤਕ ਅਦਾਰਿਆਂ ਵਿੱਚ ਫਿਰਕੂ ਫਾਸ਼ੀਵਾਦੀ ਵਿਚਾਰਧਾਰਾ ਦੇ ਵਿਅਕਤੀਆਂ ਨੂੰ ਮੁਖੀ ਬਣਾ ਕੇ ਸੰਵਿਧਾਨ ਵਿਰੋਧੀ ਏਜੰਡਾ ਫਿੱਟ ਕੀਤਾ ਜਾ ਰਿਹਾ ਹੈ। ਵਿਦਿਆਰਥੀ ਆਗੂ ਨੇ ਕਿਹਾ ਕਿ ਦੇਸ਼ ਅੰਦਰ ਨਵੀਂ ਸਿੱਖਿਆ ਨੀਤੀ 2020 ਦੁਆਰਾ ਸਿੱਖਿਆ ਦਾ ਭਗਵਾਂਕਰਨ ਤੇ ਨਿੱਜੀਕਰਨ ਕੀਤਾ ਜਾ ਰਿਹਾ ਹੈ। ਸਿੱਖਿਆ ਉੱਪਰ ਖਰਚ ਕੀਤੇ ਜਾਣ ਵਾਲੇ ਬਜਟ ਉੱਪਰ ਵੱਡੀ ਪੱਧਰ 'ਤੇ ਕੱਟ ਲਗਾ ਕੇ ਅਤੇ ਕੈਂਪਾਂ ਅੰਦਰ ਵਿਦਿਆਰਥੀਆਂ ਨੂੰ ਜਥੇਬੰਦ ਹੋਣ ਦੇ ਅਧਿਕਾਰ ਨੂੰ ਖਤਮ ਕਰਕੇ ਵਿਦਿਆਰਥੀਆਂ ਨੂੰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਪੜ੍ਹੋ, ਜੁੜੋ, ਸੰਘਰਸ਼ ਕਰੋ ਦੇ ਨਾਅਰੇ ਤੋਂ ਦੂਰ ਧੱਕਣ ਦੀਆਂ ਕੋਸ਼ਿਸ਼ਾਂ ਬਾ-ਦਸਤੂਰ ਜਾਰੀ ਹਨ। ਜ਼ਿਲ੍ਹਾ ਸਕੱਤਰ ਰਾਜਦੀਪ ਸਿੰਘ ਗੇਹਲੇ ਨੇ ਕਿਹਾ ਕਿ ਆਇਸਾ ਵੱਲੋਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੀ ਵਿਚਾਰਧਾਰਾ 'ਤੇ ਚਲਦਿਆਂ ਵਿਦਿਆਰਥੀਆਂ ਨੂੰ ਵਿੱਦਿਆ ਦੇ ਪ੍ਰਾਈਵੇਟ ਤੇ ਭਗਵੇਂਕਰਨ ਖਿਲਾਫ ਅਤੇ ਹਰ ਇੱਕ ਦੇ ਲਈ ਯੋਗਤਾ ਮੁਤਾਬਿਕ ਰੁਜ਼ਗਾਰ ਦੀ ਗਰੰਟੀ ਦੇ ਲਈ ਵਿੱਦਿਅਕ ਸੰਸਥਾਵਾਂ ਵਿੱਚ ਲਾਮਬੰਦ ਕੀਤਾ ਜਾਵੇਗਾ ਅਤੇ ਵਿਦਿਆਰਥੀਆਂ ਵੱਲੋਂ 'ਜੁਮਲਾ ਨਹੀਂ ਜਵਾਬ ਦਿਓ, ਦਸ ਸਾਲ ਦਾ ਹਿਸਾਬ ਦਿਓ' ਏਜੰਡੇ ਤਹਿਤ ਬੀਜੇਪੀ ਦੇ ਉਮੀਦਵਾਰਾਂ ਨੂੰ ਸਵਾਲ ਵੀ ਕੀਤੇ ਜਾਣਗੇ। ਇਸ ਮੌਕੇ ਸਹਾਇਕ ਜ਼ਿਲ੍ਹਾ ਸਕੱਤਰ ਜਸਪ੍ਰੀਤ ਕੌਰ ਮੌੜ, ਜ਼ਿਲ੍ਹਾ ਪ੍ਰੈੱਸ ਸਕੱਤਰ ਰਵਲੀਨ ਕੌਰ ਡੇਲੂਆਣਾ, ਜ਼ਿਲ੍ਹਾ ਸੋਸ਼ਲ ਮੀਡੀਆ ਸਕੱਤਰ ਅਮਨਦੀਪ ਸਿੰਘ ਰਾਮਪੁਰ ਮੰਡੇਰ, ਜ਼ਿਲ੍ਹਾ ਕਮੇਟੀ ਮੈਂਬਰ ਤੇ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਦੇ ਇਕਾਈ ਪ੍ਰਧਾਨ ਅਰਸ਼ਦੀਪ ਸਿੰਘ ਖੋਖਰ ਕਲਾਂ, ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਦੇ ਸਕੱਤਰ ਅਕਾਸ਼ਦੀਪ ਸਿੰਘ ਭਾਈ ਬਖਤੌਰ, ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਮੂਸਾ ਤੇ ਖਾਨ ਮੌੜ ਆਦਿ ਵਿਦਿਆਰਥੀ ਆਗੂਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਿਦਿਆਰਥੀ ਵੀ ਹਾਜ਼ਰ ਸਨ।

## ਲਾਇਨਜ਼ ਅੱਖਾਂ ਦੇ ਹਸਪਤਾਲ ਲਈ ਵਾਟਰ ਕੂਲਰ ਭੇਟ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸ੍ਰੀ ਗੁਰੂ ਤੇਗ ਬਹਾਦੁਰ ਪਬਲਿਕ ਸਕੂਲ ਦੇ ਚੇਅਰਮੈਨ ਸੁਖਜੀਤ ਸਿੰਘ ਹੈਪੀ ਕਾਲੇਕਾ ਤੇ ਪ੍ਰਬੰਧਕੀ ਕਮੇਟੀ ਵੱਲੋਂ ਲਾਇਨਜ਼ ਅੱਖਾਂ ਦੇ ਹਸਪਤਾਲ ਵਿੱਚ ਮਰੀਜ਼ਾਂ ਲਈ ਇੱਕ ਵੱਡਾ ਵਾਟਰ ਕੂਲਰ ਭੇਟ ਕੀਤਾ ਗਿਆ। ਲਾਇਨਜ਼ ਕਲੱਬ ਪਾਤੜਾਂ (ਨਿਆਲ) ਵੱਲੋਂ ਗੁਰੂ ਤੇਗ ਬਹਾਦੁਰ ਗੁਰੂਦਵਾਰਾ ਸਾਹਿਬ ਤੇ ਗੁਰੂ ਤੇਗ ਬਹਾਦੁਰ ਪਬਲਿਕ ਸਕੂਲ ਦੇ ਚੇਅਰਮੈਨ ਅਤੇ ਮੈਨੇਜਮੈਂਟ ਨੂੰ ਕੂਲਰ ਲਈ, ਕੈਂਪ ਵਿੱਚ ਮਰੀਜ਼ਾਂ ਲਈ ਲੰਗਰ ਤੇ ਸਾਲਾਨਾ ਫ੍ਰੀ ਆਪ੍ਰੇਸ਼ਨ ਕੈਂਪ ਲਗਾਉਣ ਲਈ ਮੋਮੈਂਟੋ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਹੈਪੀ ਕਾਲੇਕਾ ਚੇਅਰਮੈਨ, ਗੁਰਬਚਨ ਸਿੰਘ ਮਾਨ, ਕਰਮਜੀਤ ਸਿੰਘ ਪ੍ਰਧਾਨ, ਕੁਲਬੀਰ ਸਿੰਘ ਮੈਨੇਜਰ ਤੇ ਮਾਣਯੋਗ ਕਮੇਟੀ ਮੈਂਬਰਾਂ ਨੂੰ ਮੋਮੈਂਟੋ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਲਾਇਨ ਵੇਦ ਪੌਪਲੀ ਪ੍ਰਧਾਨ, ਸੰਤੋਸ਼ ਕੁਮਾਰ ਸਿੰਗਲਾ, ਵਾਈਸ ਚੇਅਰਮੈਨ, ਸੁਰਿੰਦਰ ਕੁਮਾਰ ਪੱਪੂ, ਕੀਮਤ ਉੱਪਲ, ਵਿਨੋਦ ਸ਼ਰਮਾ ਤੇ ਹੋਰ ਸੀਨੀਅਰ ਮੈਂਬਰ ਮੌਜੂਦ ਸਨ।

## ਇੰਡੀਅਨ ਮੈਡੀਕਲ ਐਸੋਸੀਏਸ਼ਨ ਵੱਲੋਂ ਸਰਹਿੰਦ 'ਚ ਕਾਨਫਰੰਸ

**ਸ੍ਰੀ ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਇੰਡੀਅਨ ਮੈਡੀਕਲ ਐਸੋਸੀਏਸ਼ਨ ਫਤਹਿਗੜ੍ਹ ਸਾਹਿਬ ਵੱਲੋਂ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਲੁਧਿਆਣਾ ਦੇ ਸਹਿਯੋਗ ਨਾਲ ਇੱਕ ਮਹੱਤਵਪੂਰਨ ਕਾਨਫਰੰਸ ਸਰਹਿੰਦ ਦੇ 'ਰਿਆਸਤ ਏ ਰਾਣਾ' ਹੋਟਲ ਵਿਖੇ ਕਰਵਾਈ ਗਈ। ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ.ਐੱਮ.ਏ.) ਫਤਿਹਗੜ੍ਹ ਸਾਹਿਬ ਦੇ ਪ੍ਰਧਾਨ ਡਾ. ਰਵਦੀਪ ਸਿੰਘ ਸੰਧੂ ਨੇ ਦੱਸਿਆ ਕਿ ਇਸ ਕਾਨਫਰੰਸ ਵਿੱਚ ਮੁੱਖ ਮਹਿਮਾਨ ਵਜੋਂ ਪੁੱਜੇ ਆਈ.ਐੱਮ.ਏ. ਦੇ ਸੂਬਾ ਪ੍ਰਧਾਨ ਡਾ. ਸੁਨੀਲ ਕਟਿਆਲ ਦਾ ਆਈ.ਐੱਮ.ਏ. ਫਤਿਹਗੜ੍ਹ ਸਾਹਿਬ ਵੱਲੋਂ ਸਵਾਗਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਕਾਨਫਰੰਸ ਵਿੱਚ ਲੈਕਚਰ ਦੇਣ ਲਈ ਉਚੇਚੇ ਤੌਰ 'ਤੇ ਪਹੁੰਚੇ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਲੁਧਿਆਣਾ ਦੇ ਐਸੋਸੀਏਟ ਡਾਇਰੈਕਟਰ ਤੇ ਇੰਟਰਵੈਸਨਲ ਕਾਰਡੀਓਲੋਜੀ ਦੇ ਮਾਹਰ ਡਾ. ਰਵਨਿੰਦਰ ਸਿੰਘ ਕੂਕਾ, ਗੈਸਟਰੋਨੋਲੋਜੀ ਦੇ ਮਾਹਰ ਡਾ. ਗੁਰਸਿਮਰਨ ਕੌਰ ਤੇ ਹਸਪਤਾਲ ਦੇ ਐਸੋਸੀਏਟ ਡਾਇਰੈਕਟਰ ਅਤੇ ਕ੍ਰਿਟੀਕਲ ਕੇਅਰ ਮਾਹਰ ਡਾ. ਪੁਨੀਤ ਚੋਪੜਾ ਨੇ ਸਿਹਤ ਦੇ ਖੇਤਰ ਵਿੱਚ ਹੋਈਆਂ ਨਵੀਆਂ ਖੋਜਾਂ ਤੇ ਨਵੀਨਤਮ ਇਲਾਜ ਪ੍ਰਣਾਲੀ ਸਬੰਧੀ ਕਈ ਮਹੱਤਵਪੂਰਨ ਜਾਣਕਾਰੀਆਂ ਅਤੇ ਨੁਕਤੇ ਐਸੋਸੀਏਸ਼ਨ ਦੇ ਮੈਂਬਰਾਂ ਨਾਲ ਸਾਂਝੇ ਕੀਤੇ।

20-APR-PAGE-11.qxd 4/19/2024 8:58 PM Page 1



## ਮੰਚ-ਰੰਗਮੰਚ ਵੱਲੋਂ 23ਵਾਂ ਰਾਸ਼ਟਰੀ ਰੰਗਮੰਚ ਉਤਸਵ ਭਲਕ ਤੋਂ



**ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)**-ਪ੍ਰਸਿੱਧ ਨਾਟ ਸੰਸਥਾ ਮੰਚ-ਰੰਗਮੰਚ ਅੰਮ੍ਰਿਤਸਰ 23ਵਾਂ ਰਾਸ਼ਟਰੀ ਰੰਗਮੰਚ ਉਤਸਵ - 2024 ਦਾ ਆਯੋਜਨ 21 ਅਪ੍ਰੈਲ ਤੋਂ 25 ਅਪ੍ਰੈਲ ਤੱਕ ਵਿਰਸਾ ਵਿਹਾਰ ਅੰਮ੍ਰਿਤਸਰ ਦੇ ਸਹਿਯੋਗ ਨਾਲ ਕਰਵਾਉਣ ਜਾ ਰਹੀ ਹੈ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਸ੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਨੇ ਦੱਸਿਆ ਕਿ ਇਸ ਨਾਟ ਉਤਸਵ ਵਿੱਚ ਨਾਮਵਰ ਨਾਟ ਸੰਸਥਾਵਾਂ ਆਪਣੇ ਬੇਹਤਰੀਨ ਨਾਟਕਾਂ ਦਾ ਮੰਚਨ ਕਰਨਗੀਆਂ।ਨਾਟ ਉਤਸਵ ਦੇ ਪਹਿਲੇ ਦਿਨ 21 ਅਪ੍ਰੈਲ ਨੂੰ ਮੰਚ-ਰੰਗਮੰਚ ਅੰਮ੍ਰਿਤਸਰ ਦੀ ਟੀਮ ਵੱਲੋਂ ਵਜੀਤ ਸਰਨੀਵੰਸ਼ ਦਾ ਲਿਖਿਆ ਅਤੇ ਕੇਵਲ ਧਾਲੀਵਾਲ ਦਾ ਨਿਰਦੇਸ਼ਤ ਕੀਤਾ ਪੰਜਾਬੀ ਨਾਟਕ 'ਮਾਹੀ ਮੇਰਾ ਥਾਣੇਦਾਰ' ਦਾ ਮੰਚਨ ਕੀਤਾ ਜਾਵੇਗਾ।ਦੂਜੇ ਦਿਨ 22 ਅਪ੍ਰੈਲ ਅੰਮ੍ਰਿਤਸਰ ਸਕੂਲ ਆਫ਼ ਡਰਾਮਾ ਦੀ ਟੀਮ ਵੱਲੋਂ ਅਲੱਖਨੰਦਨ ਦਾ ਲਿਖਿਆ ਅਤੇ ਵਿਸ਼ੂ ਸ਼ਰਮਾ ਦਾ ਨਿਰਦੇਸ਼ਤ ਕੀਤਾ ਨਾਟਕ 'ਨੰਗਾ ਰਾਜਾ' ਦਾ ਮੰਚਨ ਕੀਤਾ ਜਾਵੇਗਾ।ਤੀਜੇ ਦਿਨ 23 ਅਪ੍ਰੈਲ ਨੂੰ ਲੋਕ ਕਲਾ ਮੰਚ ਮੁੱਲਾਂਪੁਰ ਦੀ ਟੀਮ ਵੱਲੋਂ ਕੁਲਵਿੰਦਰ ਖਹਿਰਾ ਦਾ ਲਿਖਿਆ ਅਤੇ ਰਜਿੰਦਰ ਸਿੰਘ ਦਾ ਨਿਰਦੇਸ਼ਤ ਕੀਤਾ ਨਾਟਕ 'ਮੈਂ ਫਿਰ ਨਹੀਂ ਗਿਆ' ਦਾ ਮੰਚਨ ਕੀਤਾ ਜਾਵੇਗਾ।ਚੌਥੇ ਦਿਨ 24 ਅਪ੍ਰੈਲ ਨੂੰ ਅਦਾਕਾਰ ਮੰਚ ਮੋਹਾਲੀ ਦੀ ਟੀਮ ਵੱਲੋਂ ਡਾ. ਸਾਹਿਬ ਸਿੰਘ ਦਾ ਲਿਖਿਆ ਅਤੇ ਨਿਰਦੇਸ਼ਤ ਕੀਤਾ ਨਾਟਕ 'ਸੰਦੂਕੜੀ ਖੋਲ੍ਹ ਨਰੈਣਿਆ' ਦਾ ਮੰਚਨ ਕੀਤਾ ਜਾਵੇਗਾ।ਆਖਰੀ ਦਿਨ 25 ਅਪ੍ਰੈਲ ਨੂੰ ਰੰਗਮੰਚ ਸਮਰਾਲਾ ਦੀ ਟੀਮ ਵੱਲੋਂ ਰਾਜਵਿੰਦਰ ਸਮਰਾਲਾ ਦਾ ਲਿਖਿਆ ਅਤੇ ਨਿਰਦੇਸ਼ਤ ਕੀਤਾ ਨਾਟਕ 'ਰਾਹਾਂ ਵਿਚ ਅੰਗਿਆਰ ਬੜੇ ਸੀ' ਦਾ ਮੰਚਨ ਕੀਤਾ ਜਾਵੇਗਾ। ਇਨ੍ਹਾਂ ਸਾਰੇ ਨਾਟਕਾਂ ਦਾ ਮੰਚਨ ਵਿਰਸਾ ਵਿਹਾਰ ਦੇ ਸ੍ਰ. ਕਰਤਾਰ ਸਿੰਘ ਦੁੱਗਲ ਆਡੀਟੋਰੀਅਮ 'ਚ ਹਰ ਰੋਜ਼ ਸ਼ਾਮ 6.30 ਵਜੇ ਬਿਨਾਂ ਕਿਸੇ ਟਿਕਟ ਅਤੇ ਪਾਸ ਦੇ ਮੁਫ਼ਤ ਵਿਖਾਏ ਜਾਣਗੇ।ਸਮੂਹ ਨਾਟ ਪ੍ਰੇਮੀਆਂ ਅਤੇ ਦਰਸ਼ਕਾਂ ਨੂੰ ਹਾਰਦਿਕ ਸੱਦਾ ਹੈ।

## ਪੱਤਰਕਾਰ ਦਲੇਰ ਸਿੰਘ ਜੌਹਲ ਨੂੰ ਸਦਮਾ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਨੌਜਵਾਨ ਸਿਕੰਦਰ ਸਿੰਘ ਪੁੱਤਰ ਹਰਿੰਦਰ ਸਿੰਘ ਜੋ ਅਜੇ ਕੁਆਰਾ ਸੀ, ਨਸ਼ੇ ਦੇ ਟੀਕੇ ਦੀ ਭੇਟ ਚੜ੍ਹ ਗਿਆ। ਮ੍ਰਿਤਕ ਆਪਣੇ ਪਿੱਛੇ ਆਪਣੀ ਵਿਧਵਾ ਮਾਂ ਤੇ ਛੋਟਾ ਭਰਾ, ਭੈਣ ਤੇ ਹੋਰ ਸਾਕ ਸਬੰਧੀਆਂ ਨੂੰ ਰੋਂਦਿਆਂ ਕੁਰਲਾਉਂਦਿਆਂ ਛੱਡ ਗਿਆ। ਮ੍ਰਿਤਕ ਸਿਕੰਦਰ ਸਿੰਘ ਦਾ ਅੰਤਿਮ ਸੰਸਕਾਰ ਪਿੰਡ ਦੀ ਸ਼ਮਸ਼ਾਨਘਾਟ ਵਿਖੇ ਕਰ ਦਿੱਤਾ ਗਿਆ ਹੈ।ਮ੍ਰਿਤਕ ਸਿਕੰਦਰ ਸਿੰਘ ਪੱਤਰਕਾਰ ਦਲੇਰ ਸਿੰਘ ਜੌਹਲ ਦੇ ਸਕੇ ਸਾਂਢੂ ਦਾ ਬੇਟਾ ਸੀ। ਇਸ ਦੁਖਦਾਈ ਮੌਤ 'ਤੇ ਸਮੂਹ ਪੱਤਰਕਾਰ ਭਾਈਚਾਰੇ, ਸਿਆਸੀ ਪਾਰਟੀਆਂ ਦੇ ਆਗੂਆਂ, ਸਮਾਜ ਸੇਵੀ ਸੰਸਥਾਵਾਂ, ਲੇਖਕਾਂ ਤੇ ਹੋਰ ਕਈ ਬੁੱਧੀਜੀਵੀਆਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਸਰਕਾਰ ਤੋਂ ਮੰਗ ਕੀਤੀ ਕਿ ਇਸ ਪਰਿਵਾਰ ਨੂੰ ਮੁਆਵਜ਼ਾ ਦਿੱਤਾ ਜਾਵੇ ਤਾਂ ਕਿ ਵਿਧਵਾ ਮਾਂ ਸਰਬਜੀਤ ਕੌਰ ਤੇ ਉਸ ਦੇ ਬੱਚਿਆਂ ਨੂੰ ਕੁਝ ਹੌਂਸਲਾ ਮਿਲ ਸਕੇ। ਅੰਤਿਮ ਅਰਦਾਸ ਤੇ ਅਖੰਡ ਪਾਠ ਸਾਹਿਬ ਦੇ ਭੋਗ 25 ਅਪ੍ਰੈਲ ਨੂੰ ਪਿੰਡ ਸਿੱਥ ਵਿਖੇ ਪਾਏ ਜਾਣਗੇ।

## ਮਨਾਹੀ ਦੇ ਬਾਵਜੂਦ ਸੜਕਾਂ 'ਤੇ ਖੁੱਲ੍ਹੇ-ਆਮ ਘੁੰਮਦੇ ਨੇ ਪਸ਼ੂ



**ਕਲਾਨੌਰ, (ਮਨਦੀਪ ਕੋਹਲੀ)**-ਮਨਾਹੀ ਦੇ ਬਾਵਜੂਦ ਸੜਕਾਂ 'ਤੇ ਖੁੱਲ੍ਹੇ-ਆਮ ਮੌਤ ਦਾ ਘੱਰ ਬਣ ਕੇ ਘੁੰਮਦੇ ਓਵਰਲੋਡ ਵਾਹਨ, ਆਵਾਰਾ ਕੁੱਤਿਆਂ ਦੇ ਝੁੰਡ, ਆਵਾਰਾ ਪਸ਼ੂ ਸ਼ਰੇਆਮ ਪ੍ਰਸ਼ਾਸਨ ਦੀਆਂ ਧੱਜੀਆਂ ਉਡਾਉਂਦੇ ਆਮ ਦੇਖੇ ਜਾਂਦੇ ਹਨ ਪਰ ਗੁੱਜਰ ਬਰਾਦਰੀ ਦੇ ਲੋਕ ਤਾਂ ਸ਼ਰੇਆਮ ਆਪਣੇ ਪਸ਼ੂਆਂ ਨੂੰ ਲੈ ਕੇ ਮੇਨ ਸੜਕਾਂ ਤੇ ਤੁਰੇ ਫਿਰਦੇ ਹਨ।

ਇਸ ਨਾਲ ਆਵਾਜਾਈ ਵਿੱਚ ਵਿਘਨ ਪੈਂਦਾ ਹੈ, ਕਈ ਵਾਰ ਕਿਸੇ ਨੇ ਕੋਈ ਐਮਰਜੈਂਸੀ ਹੁੰਦੀ ਹੈ ਜਾਂ ਐਂਬੂਲੈਂਸ ਜਾ ਰਹੀ ਹੁੰਦੀ ਹੈ ਤੇ ਉਸਨੂੰ ਵੀ ਲੰਘਣ ਵਿੱਚ ਮੁਸ਼ਕਿਲ ਪੇਸ਼ ਆਉਂਦੀ ਹੈ। ਕਈ ਵਾਰ ਇਨ੍ਹਾਂ ਆਵਾਰਾ ਪਸ਼ੂਆਂ ਕਾਰਨ ਭਿਆਨਕ ਹਾਦਸੇ ਵੀ ਵਾਪਰ ਜਾਂਦੇ ਹਨ ਪਰ ਇਨ੍ਹਾਂ ਲੋਕਾਂ 'ਤੇ ਪ੍ਰਸ਼ਾਸਨ ਦਾ ਕੋਈ ਵੀ ਅਸਰ ਦਿਖਾਈ ਨਹੀਂ ਦਿੰਦਾ। ਹੁਣ ਦੇਖਣਾ ਹੋਵੇਗਾ ਕਿ ਪ੍ਰਸ਼ਾਸਨ ਇਹੋ ਜਿਹੇ ਲੋਕਾਂ 'ਤੇ ਕੀ ਕਾਰਵਾਈ ਕਰਦਾ ਹੈ?

## ਜੀ ਆਰ ਡੀ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦਾ 10ਵੀਂ ਦਾ ਨਤੀਜਾ ਸੌ ਫੀਸਦੀ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਜੀ. ਆਰ. ਡੀ. ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦਾ ਦਸਵੀਂ ਜਮਾਤ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਦਸਵੀਂ ਜਮਾਤ ਦੀ ਨੂਰਦੀਪ ਕੌਰ ਅਤੇ ਲਵਪ੍ਰੀਤ ਕੌਰ ਨੇ 93% ਨੰਬਰ ਲੈ ਕੇ ਪਹਿਲਾ ਸਥਾਨ ਹਾਸਿਲ ਕੀਤਾ, ਗੁਰਪ੍ਰੀਤ ਕੌਰ, ਗੁਰਮਨਪ੍ਰੀਤ ਕੌਰ, ਅਰਮਨਦੀਪ ਕੌਰ, ਪਰਮਿੰਦਰ ਕੌਰ ਨੇ ਦੂਜਾ ਸਥਾਨ ਅਤੇ ਕੋਮਲਪ੍ਰੀਤ ਕੌਰ, ਮਨਜੀਤ ਕੌਰ, ਪਰਨੀਤ ਕੌਰ, ਵਿਸ਼ਵਪ੍ਰੀਤ ਕੌਰ ਤੇ ਸੁਮਨਦੀਪ ਕੌਰ ਨੇ ਤੀਸਰਾ ਸਥਾਨ ਹਾਸਿਲ ਕੀਤਾ। ਇਨ੍ਹਾਂ ਤੋਂ ਇਲਾਵਾ ਜੋਬਨਪ੍ਰੀਤ ਸਿੰਘ, ਅਰਸ਼ਪ੍ਰੀਤ, ਹੈਰੀ, ਰਘੂ, ਬਲਨੂਰ ਸਿੰਘ ਅਤੇ ਪਾਰਸ ਸ਼ਰਮਾ ਨੇ ਵੀ ਬਹੁਤ ਵਧੀਆ ਅੰਕ ਪ੍ਰਾਪਤ ਕੀਤੇ ਹਨ। ਦਸਵੀਂ ਜਮਾਤ ਦੇ ਬਾਕੀ ਰਹਿੰਦੇ ਵਿਦਿਆਰਥੀਆਂ ਨੇ ਵੀ 80% ਤੋਂ ਲੈ ਕੇ 90% ਤੱਕ ਅੰਕ ਪ੍ਰਾਪਤ ਕਰਕੇ ਸਕੂਲ ਦਾ ਅਤੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ। ਸਕੂਲ ਦੇ ਪ੍ਰਿੰਸੀਪਲ ਗੁਰਦਰਸ਼ਨ ਬਜਾਜ ਨੇ ਨਤੀਜਾ ਬਹੁਤ ਵਧੀਆ ਆਉਣ ਦੀ ਖੁਸ਼ੀ ਵਿੱਚ ਸਾਰੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਬਹੁਤ ਬਹੁਤ ਵਧਾਈ ਦਿੱਤੀ ਅਤੇ ਬੱਚਿਆਂ ਦਾ ਮੂੰਹ ਵੀ ਮਿੱਠਾ ਕਰਵਾਇਆ। ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਜ਼ਿਆਦਾ ਮਿਹਨਤ ਕਰਨ ਲਈ ਪ੍ਰੇਰਿਆ ਅਤੇ ਕਿਹਾ ਕਿ ਇਹ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਮਿਹਨਤ ਦਾ ਨਤੀਜਾ ਹੈ। ਇਸ ਮੌਕੇ ਪ੍ਰਿੰ. ਗੁਰਦਰਸ਼ਨ ਬਜਾਜ, ਐੱਮ. ਡੀ. ਮੈਡਮ ਸੰਤੋਸ਼ ਬਜਾਜ, ਅਧਿਆਪਕ ਗੁਰਜਿੰਦਰ ਸਿੰਘ, ਰਜਿੰਦਰ ਕੌਰ ਗੁੰਥਗੜ੍ਹ, ਰਾਜਿੰਦਰ ਕੌਰ ਧੂਰੀਆਂ, ਸੀਤਲ ਮੈਡਮ ਜਸਦੀਪ ਕੌਰ, ਨੀਲਮ, ਭਾਵਨਾ, ਸਾਕਸ਼ੀ, ਜੋਤੀ, ਮਨਪ੍ਰੀਤ ਕੌਰ ਗੁੱਜਰਪੁਰਾ, ਮਨਪ੍ਰੀਤ ਕੌਰ ਇਬਰਾਹਿਮਪੁਰਾ, ਸੁਮਿਤ ਸਰ, ਪ੍ਰਭਜੋਤ ਕੌਰ, ਬਲਜਿੰਦਰ ਕੌਰ, ਰਮਨਦੀਪ ਕੌਰ ਆਦਿ ਅਧਿਆਪਕ ਸ਼ਾਮਿਲ ਸਨ।

## ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਦਾ ਦਸਵੀਂ ਦਾ ਨਤੀਜਾ 100% ਰਿਹਾ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨ ਕੀਤੇ ਗਏ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਤੇ 100 ਫੀਸਦੀ ਰਿਹਾ। ਸਕੂਲ ਦੇ ਸਾਰੇ ਬੱਚੇ ਬਹੁਤ ਵਧੀਆ ਨੰਬਰ ਲੈ ਕੇ ਪਾਸ ਹੋਏ ਹਨ। ਇਸ ਬਾਬਤ ਸਕੂਲ ਪ੍ਰਿੰਸੀਪਲ ਮੇਜਰ ਸਿੰਘ ਚਾਹਲ ਨੇ ਦੱਸਿਆ ਕਿ ਦਸਵੀਂ ਜਮਾਤ ਵਿੱਚ ਸਕੂਲ ਦੇ 18 ਬੱਚਿਆਂ ਨੇ ਪ੍ਰੀਖਿਆ ਦਿੱਤੀ ਸੀ, ਜਿਨ੍ਹਾਂ ਵਿੱਚੋਂ ਸੁਖਮਨਪ੍ਰੀਤ ਕੌਰ, ਨੇਹਾ, ਮਹਾਂਵੀਰਪ੍ਰਤਾਪ ਸਿੰਘ, ਸਿਨੇਹਾ, ਦੀਪਕ ਸਿੰਘ, ਯਾਦਵਿੰਦਰ ਕੌਰ, ਗਗਨਦੀਪ ਕੌਰ ਅਤੇ ਮਨਜਿੰਦਰ ਸਿੰਘ ਨੇ 85% ਤੋਂ ਉੱਪਰ ਅੰਕ ਪ੍ਰਾਪਤ ਕੀਤੇ ਹਨ ਅਤੇ ਇਨ੍ਹਾਂ ਤੋਂ ਇਲਾਵਾ ਵੀ ਬਾਕੀ ਸਾਰੇ ਬੱਚਿਆਂ ਨੇ 80% ਤੋਂ ਉੱਪਰ ਅੰਕ ਪ੍ਰਾਪਤ ਕਰਕੇ ਆਪਣੇ ਮਾਤਾ-ਪਿਤਾ ਤੇ ਅਧਿਆਪਕਾਂ ਅਤੇ ਸਕੂਲ ਦਾ ਨਾਮ ਰੋਸ਼ਨ ਕੀਤਾ। ਸਕੂਲ ਡਾਇਰੈਕਟਰ ਡਾ: ਮਹਿੰਦਰਪਾਲ ਸਿੰਘ ਕਲੇਰ, ਪ੍ਰਧਾਨ ਰਣਜੀਤ ਕੌਰ, ਪ੍ਰਿੰਸੀਪਲ ਮੇਜਰ ਸਿੰਘ ਚਾਹਲ ਅਤੇ ਸਕੂਲ ਸਟਾਫ ਵੱਲੋਂ ਇਨ੍ਹਾਂ ਬੱਚਿਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਬੱਚਿਆਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

## ਗਿਆਨ ਸਿੰਘ ਕੰਵਲ ਐਵਾਰਡ ਮਾ: ਮਨਜੀਤ ਸਿੰਘ ਵੱਸੀ ਨੂੰ



**ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)**-ਰਣਜੀਤ ਪੰਜਾਬੀ ਸਾਹਿਤ ਸਭਾ (ਰਜਿ:) ਅੰਮ੍ਰਿਤਸਰ ਵੱਲੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਕਰਵਾਏ ਜਾ ਰਹੇ ਸਾਹਿਤਕ ਸਮਾਗਮ ਦੌਰਾਨ ਮਰਹੂਮ ਸ਼ਾਇਰ ਗਿਆਨ ਸਿੰਘ ਕੰਵਲ ਯਾਦਗਾਰੀ ਐਵਾਰਡ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਖਜ਼ਾਨਚੀ ਅਤੇ ਕਵੀ ਮਾ: ਮਨਜੀਤ ਸਿੰਘ ਵੱਸੀ ਨੂੰ ਦਿੱਤਾ ਜਾਵੇਗਾ। ਸਭਾ ਦੇ ਪ੍ਰਧਾਨ ਪ੍ਰਿੰਸੀਪਲ ਗਿਆਨ ਸਿੰਘ ਘਈ ਦੀ ਸੂਚਨਾ ਅਨੁਸਾਰ ਮਿਤੀ 21 ਅਪ੍ਰੈਲ, ਦਿਨ ਐਤਵਾਰ ਨੂੰ 1.30 ਵਜੇ ਦੁਪਿਹਰ ਨੂੰ ਸੈਮੀਨਾਰ ਹਾਲ, ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਕਰਵਾਏ ਜਾ ਰਹੇ ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ: ਸ਼ੇਲਿੰਦਰਜੀਤ ਸਿੰਘ ਰਾਜਨ, ਡਾ. ਧਰਮ ਸਿੰਘ, ਜਸਵੰਤ ਸਿੰਘ ਕੈਲਵੀ, ਡਾ.ਹੀਰਾ ਸਿੰਘ, ਡਾ. ਗਿਆਨ ਸਿੰਘ ਘਈ ਆਦਿ ਸੁਸ਼ੋਭਿਤ ਹੋਣਗੇ। ਇਸ ਮੌਕੇ ਸੁਰਿੰਦਰ ਸਿੰਘ ਚੋਹਕਾ ਨੂੰ ਅਜੀਤ ਸਿੰਘ ਆਸ ਪੁਰਸਕਾਰ, ਤਰਸੇਮ ਸਿੰਘ ਭੰਗੂ ਨੂੰ ਨਾਨਕ ਸਿੰਘ ਪੁਰਸਕਾਰ, ਸੁਲਤਾਨ ਭਾਰਤੀ ਨੂੰ ਦੇਵ ਦਰਦ ਪੁਰਸਕਾਰ, ਸੁੱਚਾ ਸਿੰਘ ਰੰਧਾਵਾ ਨੂੰ ਬਲਵੰਤ ਸਿੰਘ ਤੇਗ ਪੁਰਸਕਾਰ, ਅਤਰ ਸਿੰਘ ਤਰਸਿੱਕਾ ਨੂੰ ਤਲਵਿੰਦਰ ਸਿੰਘ ਪੁਰਸਕਾਰ, ਹਰਿੰਦਰ ਸਿੰਘ ਨੂੰ ਗੁਰਸ਼ਰਨ ਸਿੰਘ ਬੱਬਰ ਪੁਰਸਕਾਰ, ਕੀਰਤ ਪ੍ਰਤਾਪ ਸਿੰਘ ਪੰਨੂੰ ਨੂੰ ਹਰਬੰਸ ਸਿੰਘ ਨਾਗੀ ਪੁਰਸਕਾਰ, ਮਰਕਸਪਾਲ ਗੁਮਟਾਲਾ ਨੂੰ ਭਾਅ ਜੀ ਗੁਰਸ਼ਰਨ ਸਿੰਘ ਪੁਰਸਕਾਰ, ਗੁਰਜੀਤ ਕੌਰ ਅਜਨਾਲਾ ਨੂੰ ਅੰਮ੍ਰਿਤਾ ਪ੍ਰੀਤਮ ਪੁਰਸਕਾਰ ਦੇਕੇ ਸਨਮਾਨਿਤ ਕੀਤਾ ਜਾਵੇਗਾ। ਉਪਰੰਤ ਵਿਸਾਖੀ ਨੂੰ ਸਮਰਪਿਤ ਕਵੀ ਦਰਬਾਰ ਵੀ ਹੋਵੇਗਾ।

## ਲੋੜਵੰਦ ਪਰਿਵਾਰਾਂ ਦੇ ਲੜਕੇ/ਲੜਕੀਆਂ ਲਈ ਮੁਫਤ ਕੰਪਿਊਟਰ ਕੋਰਸ : ਮਨਵੀਰ ਵਡਾਲਾ

**ਮਜੀਠਾ (ਸੋਇਮ ਆਨੰਦ)**-ਸ੍ਰੀ ਗੁਰੂ ਰਾਮਦਾਸ ਕੰਪਿਊਟਰ ਐਜੂਕੇਸ਼ਨ ਅਤੇ ਸੋਸ਼ਲ ਵੈੱਲਫ਼ੇਅਰ ਸੈਂਟਰ ਵਡਾਲਾ ਵੀਰਮ ਦੇ ਮੁੱਖ ਦਫਤਰ ਵਿਖੇ ਮੱਖ ਪ੍ਰਬੰਧਕ ਮਨਵੀਰ ਸਿੰਘ ਵਡਾਲਾ ਅਤੇ ਸਾਰੇ ਸਟਾਫ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਾਏ ਗਏ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ।ਇਸ ਮੌਕੇ ਮੁੱਖ ਪ੍ਰਬੰਧਕ ਅਤੇ ਆਲ ਇੰਡੀਆ ਹਿਊਮਨ ਰਾਈਟਸ ਕੌਂਸਲ ਦੇ ਯੂਥ ਪ੍ਰਧਾਨ ਪੰਜਾਬ ਮਨਵੀਰ ਸਿੰਘ ਵਡਾਲਾ ਨੇ ਦੱਸਿਆ ਕਿ ਇਸ ਸੈਂਟਰ ਵਿੱਚ ਲੋੜਵੰਦ ਪਰਿਵਾਰਾਂ ਦੇ ਲੜਕੇ, ਲੜਕੀਆਂ ਨੂੰ ਮੁਫਤ ਕੰਪਿਊਟਰ ਦੀ ਵਿੱਦਿਆ ਦੇ ਕੇ ਰੁਜ਼ਗਾਰ ਮੁਹੱਈਆ ਕਰਾਇਆ ਜਾਂਦਾ ਹੈ।ਇਸ ਤੋਂ ਇਲਾਵਾ ਬਹੁਤ ਸਾਰੀਆਂ ਸਮਾਜ ਭਲਾਈ ਦੀਆਂ ਸੇਵਾਵਾਂ ਜਿਵੇਂ ਕਿ ਲੋੜਵੰਦ ਪਰਿਵਾਰਾਂ ਦੀ ਮਦਦ, ਬੱਚਿਆਂ ਨੂੰ ਗੁਰਬਾਣੀ, ਧਰਮ, ਵਿਰਸੇ ਅਤੇ ਇਤਿਹਾਸ ਨਾਲ ਜੁੜਨਾ ਆਦਿ ਵਿਸ਼ਿਆਂ ਬਾਰੇ ਜਾਗਰੂਕ ਕੀਤਾ ਜਾਂਦਾ ਹੈ ।ਇਸ ਮੌਕੇ ਬੱਚਿਆਂ ਨੂੰ ਕੰਪਿਊਟਰ ਕੋਰਸ ਦੇ ਸਰਟੀਫਿਕੇਟ ਪ੍ਰਸਿੱਧ ਸਿੱਖ ਵਿਦਵਾਨ ਭਾਈ ਜਗਦੀਸ਼ ਸਿੰਘ ਵਡਾਲਾ, ਭਾਈ ਜਸਵੰਤ ਸਿੰਘ ਖਾਲਸਾ ਅਤੇ ਪਾਦਰੀ ਨਥਾਨੀਅਲ ਮਸੀਹ ਵੱਲੋਂ ਦੇ ਕੇ ਸਨਮਾਨਿਤ ਕੀਤਾ ਗਿਆ ।ਇਸ ਮੌਕੇ ਨੌਜਵਾਨ ਆਗੂ



ਰਾਜਵਿੰਦਰ ਸਿੰਘ ਵਡਾਲਾ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਆਪਣੇ ਧਰਮ ਅਤੇ ਵਿਰਸੇ ਨਾਲ ਜੁੜਨ ਦੀ ਅਪੀਲ ਕੀਤੀ।ਇਸ ਮੌਕੇ ਸਰਪੰਚ ਹਰਿੰਦਰ ਸਿੰਘ ਵਡਾਲਾ, ਸਬ ਇਸਪੈਕਟਰ ਰੁਪਿੰਦਰ ਸਿੰਘ, ਚੇਅਰਮੈਨ ਕਸ਼ਮੀਰ ਸਿੰਘ ਪੰਧੇਰ, ਪ੍ਰਗਟ ਸਿੰਘ ਨੰਬਰਦਾਰ, ਸਰਪੰਚ ਦੁਰਗਾ ਦਾਸ ਧਰਮਪੁਰਾ, ਨੰਬਰਦਾਰ ਸਵਿੰਦਰ ਸਿੰਘ ਕਾਕਾ ਵਡਾਲਾ, ਸਰਪੰਚ ਪਲਵਿੰਦਰ ਸਿੰਘ ਪੰਧੇਰ, ਹਰਿੰਦਰ ਸਿੰਘ ਬਿੱਟੂ, ਨਿਰਮਲ ਸਿੰਘ, ਹਰਮੀਤ ਸਿੰਘ ਵਡਾਲਾ, ਬਬਨਦੀਪ ਸਿੰਘ ਵਡਾਲਾ, ਰਾਜਵਿੰਦਰ ਸਿੰਘ ਵਡਾਲਾ, ਮਨਪ੍ਰੀਤ ਸਿੰਘ ਭੋਮਾ, ਗੁਰਪ੍ਰੀਤ ਸਿੰਘ ਵਡਾਲਾ ਆਦਿ ਹਾਜ਼ਰ ਸਨ।

## ਨਾਬਾਲਗ ਲੜਕੀ ਨੂੰ ਉਧਾਲਣ ਦੇ ਦੋਸ਼ 'ਚ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**-ਥਾਣਾ ਤਿੱਬੜ ਪੁਲਸ ਨੇ ਨਾਬਾਲਗ ਲੜਕੀ ਨੂੰ ਵਰਗਲਾ ਕੇ ਲਿਜਾਣ ਵਾਲੇ ਨੌਜਵਾਨ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਲੜਕੀ ਦੀ ਮਾਤਾ ਨੇ ਦੱਸਿਆ ਕਿ 18 ਅਪ੍ਰੈਲ ਨੂੰ ਮੈਂ ਪਠਾਨਕੋਟ ਵਿਖੇ ਦਵਾਈ ਲੈਣ ਗਈ ਸੀ ਕਿ ਸਮਾਂ ਕਰੀਬ ਦੁਪਹਿਰ 1.30 ਵਜੇ ਘਰ ਵਾਪਸ ਆਈ ਤਾਂ ਦੇਖਿਆ ਕਿ ਉਸ ਦੀ ਲੜਕੀ ਜਿਸ ਦੀ ਉਮਰ 17 ਸਾਲ ਹੈ, ਉਹ ਘਰ ਵਿੱਚ ਹਾਜ਼ਰ ਨਹੀਂ ਸੀ। ਮੇਰੇ ਵੱਲੋਂ ਭਾਲ ਕਰਨ 'ਤੇ ਲੜਕੀ ਘਰ ਨਹੀਂ ਮਿਲੀ। ਉਸ ਨੇ ਕਿਹਾ ਕਿ ਮੈਨੂੰ ਪੂਰਾ ਯਕੀਨ ਹੈ ਕਿ ਉਸ ਦੀ ਲੜਕੀ ਨੂੰ ਵਿੱਕੀ ਉਕਤ ਵਰਗਲਾ ਫੁਸਲਾ ਕੇ ਵਿਆਹ ਕਰਵਾਉਣ ਦੀ ਨੀਅਤ ਨਾਲ ਭਜਾ ਕੇ ਕਿਧਰੇ ਲੈ ਗਿਆ ਹੈ। ਥਾਣਾ ਧਾਰੀਵਾਲ ਪੁਲਸ ਨੇ ਉਕਤ ਨੌਜਵਾਨ ਖ਼ਿਲਾਫ਼ ਜ਼ੇਰੇ ਧਾਰਾ 363 ਅਤੇ 366 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਪੰਜਾਬ ਪੁਲਸ ਤੇ ਅਰਧ ਸੈਨਿਕ ਬਲਾਂ ਦੇ ਜਵਾਨਾਂ ਗੁਰਦਾਸਪੁਰ 'ਚ ਕੱਢਿਆ ਫਲੈਗ ਮਾਰਚ



**ਗੁਰਦਾਸਪੁਰ (ਦਿਨੇਸ਼ ਕੁਮਾਰ/ਜਨਕ ਮਹਾਜਨ)**-ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਦੇ ਮਕਸਦ ਤਹਿਤ ਐੱਸਐੱਸਪੀ ਗੁਰਦਾਸਪੁਰ ਹਰੀਸ਼ ਦਾਯਮਾ ਦੀ ਅਗਵਾਈ ਹੇਠ ਪੰਜਾਬ ਪੁਲਿਸ, ਬੀਐੱਸਐੱਫ ਅਤੇ ਏਆਰਪੀ ਦੇ ਜਵਾਨਾਂ ਵੱਲੋਂ ਗੁਰਦਾਸਪੁਰ ਸ਼ਹਿਰ ਵਿਖੇ ਫਲੈਗ ਮਾਰਚ ਕੱਢਿਆ ਗਿਆ। ਇਹ ਫਲੈਗ ਮਾਰਚ ਪੁਲਸ ਲਾਈਨ ਤੋਂ ਸ਼ੁਰੂ ਹੋ ਕੇ ਹਨੂਮਾਨ ਚੌਂਕ, ਗੀਤਾ ਭਵਨ ਚੌਂਕ, ਪੈਟਰੋਲ ਪੰਪ ਸਮੇਤ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ ਵਿੱਚੋਂ ਹੁੰਦਾ ਵਾਪਸ ਪੁਲਸ ਲਾਈਨ ਵਿਖੇ ਪਹੁੰਚ ਕੇ ਸਮਾਪਤ ਹੋਇਆ। ਐੱਸਐੱਸਪੀ ਦਾਯਮਾ ਨੇ ਕਿਹਾ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਪੁਲਸ ਵਿਭਾਗ ਅਤੇ ਅਰਧ ਸੈਨਿਕ ਬਲਾਂ ਦੀ ਸਮੁੱਚੀ ਟੀਮ ਇਨ੍ਹਾਂ ਚੋਣਾਂ ਨੂੰ ਨਿਰਪੱਖ ਢੰਗ ਨਾਲ ਕਰਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਕਿਸੇ ਤੋਂ ਵੀ ਡਰਨ ਜਾਂ ਦਬਾਅ ਵਿੱਚ ਆਉਣ ਦੀ ਬਿਲਕੁਲ ਵੀ ਜ਼ਰੂਰਤ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਫਲੈਗ ਮਾਰਚ ਰਾਹੀਂ ਸਮਾਜ ਵਿਰੋਧੀ ਅਨਸਰਾਂ ਨੂੰ ਵੀ ਇਹ ਸੁਨੇਹਾ ਦਿੱਤਾ ਗਿਆ ਹੈ ਕਿ ਉਹ ਚੋਣਾਂ ਦੌਰਾਨ ਡਰ ਜਾਂ ਭੈਅ ਦਾ ਮਹੌਲ ਬਣਾਉਣ ਬਾਰੇ ਸੋਚਣ ਵੀ ਨਾ ਕਿਉਂਕਿ ਪੁਲਸ ਵਿਭਾਗ ਅਤੇ ਸਾਡੀਆਂ ਸੁਰੱਖਿਆ ਫੋਰਸਾਂ ਅਜਿਹੇ ਅਨਸਰਾਂ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹਨ। ਉਨ੍ਹਾਂ ਕਿਹਾ ਕਿ ਪੰਜਾਬ ਪੁਲਸ ਤੇ ਹੋਰ ਸੁਰੱਖਿਆ ਬਲ ਦਿਨ-ਰਾਤ ਲੋਕਾਂ ਦੀ ਸੁਰੱਖਿਆ ਲਈ ਹਾਜ਼ਰ ਹਨ।

## ਨੈਸ਼ਨਲ ਲੋਕ ਅਦਾਲਤ 11 ਮਈ ਨੂੰ ਲਗਾਈ ਜਾਵੇਗੀ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**-ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸਏਐੱਸ ਨਗਰ, ਮੋਹਾਲੀ ਅਤੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ਸ਼੍ਰੀਮਤੀ ਹਰਪ੍ਰੀਤ ਕੌਰ ਰੰਧਾਵਾ, ਜ਼ਿਲ੍ਹਾ ਅਤੇ ਸੈਸ਼ਨਜ਼-ਕਮ-ਚੇਅਰਮੈਨ,ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੀ ਰਹਿਨੁਮਾਈ ਹੇਠ ਇਸ ਵਾਰ ਨੈਸ਼ਨਲ ਲੋਕ ਅਦਾਲਤ ਮਿਤੀ 11 ਮਈ 2024 ਦਿਨ ਸ਼ਨੀਵਾਰ ਨੂੰ ਲੱਗਣ ਜਾ ਰਹੀ ਹੈ ਜਿਸ ਵਿੱਚ ਪਰਿਵਾਰਕ ਕੇਸਾਂ (ਜਿਵੇਂ ਕਿ ਪਤੀ-ਪਤਨੀ ਦੇ ਆਪਸੀ ਝਗੜੇ), ਚੈੱਕ ਬਾਊਂਸ ਦੇ ਕੇਸ, ਬੈਂਕਾਂ ਦੇ ਕੇਸ, ਫਾਈਨਾਂਸ ਕੰਪਨੀਆਂ-ਬੀਮਾ ਕੰਪਨੀਆਂ, ਮੋਟਰ ਦੁਰਘਟਨਾ, ਜ਼ਮੀਨੀ ਵਿਵਾਦ, ਬਿਜਲੀ ਅਤੇ ਪਾਣੀ ਦੇ ਬਿੱਲ ਆਦਿ ਕਿਸਮਾਂ ਦੇ ਕੇਸ ਲਗਾਏ ਜਾ ਸਕਦੇ ਹਨ।ਇਸ ਵਾਰ ਦੀ ਲੋਕ ਅਦਾਲਤ ਵਿੱਚ ਹਜ਼ਾਰਾਂ ਕੇਸ ਰਾਜ਼ੀਨਾਮੇ ਵਾਸਤੇ ਰੱਖੇ ਜਾ ਰਹੇ ਹਨ।

## ਲਹਿਰਕੇ ਦੇ ਕਈ ਪਰਿਵਾਰ ਭਾਜਪਾ 'ਚ ਸ਼ਾਮਲ



**ਮਜੀਠਾ (ਸੋਇਮ ਆਨੰਦ)**-ਵਿਧਾਨ ਸਭਾ ਹਲਕਾ ਮਜੀਠਾ ਦੇ ਪਿੰਡ ਲਹਿਰਕਾ ਸਰਕਲ ਚਵਿੰਡਾ ਦੇਵੀ ਵਿਖੇ ਬੀਜੇਪੀ ਦੇ ਹਲਕਾ ਇਚਾਰਜ ਦੀ ਰਹਿਨੁਮਾਈ ਹੇਠ ਅਨੇਕਾਂ ਪਰਿਵਾਰ ਅਕਾਲੀ ਦਲ, ਕਾਂਗਰਸ ਅਤੇ ਆਪ ਨੂੰ ਛੱਡ ਕੇ ਭਾਜਪਾ ਵਿਚ ਸ਼ਾਮਿਲ ਹੋਏ ਹਨ। ਚਵਿੰਡਾ ਦੇਵੀ ਦੀ ਮਹਿਲਾ ਮੋਰਚਾ ਪ੍ਰਧਾਨ ਬੀਬੀ ਪਰਮਜੀਤ ਕੌਰ ਲਹਿਰਕਾ ਨੂੰ ਨਿਯੁਕਤ ਕੀਤਾ ਗਿਆ ।ਇਸ ਮੌਕੇ ਪਰਮਜੀਤ ਕੌਰ ਨਾਲ ਰੀਟਾ, ਰਜਨੀ, ਛੀਰੋ, ਭਜਨ ਕੌਰ, ਬਲਜੀਤ ਕੌਰ, ਪਰਮਜੀਤ ਕੌਰ, ਭੋਲੀ, ਜਸਨਦੀਪ ਸਿੰਘ, ਗੁਰਦੀਪ ਸਿੰਘ, ਸੰਦੀਪ ਸਿੰਘ, ਅਵਤਾਰ ਸਿੰਘ, ਦਵਿੰਦਰ ਸਿੰਘ, ਹਰਜਿੰਦਰ ਸਿੰਘ, ਕੁਲਵੰਤ ਸਿੰਘ, ਰਣਜੀਤ ਸਿੰਘ ਆਦਿ ਨੇ ਰਵਾਇਤੀ ਪਾਰਟੀਆ ਨੂੰ ਛੱਡ ਕੇ ਬੀਜੇਪੀ ਦਾ ਪੱਲਾ ਫੜਿਆ ।ਹਲਕਾ ਮਜੀਠਾ ਦੇ ਇਚਾਰਜ ਪਰਦੀਪ ਸਿੰਘ ਭੁੱਲਰ ਨੇ ਵਰਕਰਾਂ ਨੂੰ ਸਬੋਧਨ ਕਰਦਿਆਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਨੇ ਦੇਸ਼ ਦੇ ਹਰੇਕ ਨਾਗਰਿਕ ਲਈ ਬਹੁਤ ਕੁਝ ਕੀਤਾ। ਇਸ ਮੌਕੇ ਨਵੇਂ ਸ਼ਾਮਲ ਹੋਏ ਪਰਵਿਾਰਾਂ ਨੇ ਪਾਰਟੀ ਆਗੂਆਂ ਨੂੰ ਭਰੋਸਾ ਦਿਵਾਇਆ ਕਿ ਇਸ ਵਾਰ ਲੋਕ ਸਭਾ ਚੋਣਾਂ ਵਿਚ ਪਿੰਡ ਲਹਿਰਕਾ ਤੋਂ ਭਾਜਪਾ ਦੇ ਉਮੀਦਵਾਰ ਨੂੰ ਵੋਟਾਂ ਦੇ ਵੱਡੇ ਫਰਕ ਨਾਲ ਜਿਤਾਇਆ ਜਾਵੇਗਾ।ਇਸ ਮੌਕੇ ਹਲਕਾ ਇੰਚਾਰਜ ਪ੍ਰਦੀਪ ਸਿੰਘ ਭੁੱਲਰ, ਰਾਕੇਸ਼ ਕੁਮਾਰ ਪੱਪਾ ਮਜੀਠਾ, ਵਾਇਸ ਪ੍ਰਧਾਨ ਸਰਕਲ ਮਜੀਠਾ ਸੁਰਿੰਦਰ ਚੌਹਾਨ ਮਜੀਠਾ, ਰਜਤ ਭੰਡਾਰੀ ਸਰਕਲ ਪ੍ਰਧਾਨ ਐਡਵੋਕੇਟ ਵਿਨੋਦ ਕੁਮਾਰ, ਉਪ ਪ੍ਰਧਾਨ ਸੁਖਦੇਵ ਸਿੰਘ, ਲੋਕ ਸਭਾ ਕਨਵੀਨਰ ਸੰਜੂ ਆਦਿ ਹਾਜ਼ਰ ਸਨ ।

## ਪੰਜਾਬੀ ਦੇ ਮਸ਼ਹੂਰ ਕਿੱਸਾਕਾਰ ਤੇ ਪ੍ਰੀਤ ਨਾਇਕ/ਨਾਇਕਾਵਾਂ ਨੂੰ ਸਮਰਪਿਤ ਕੈਲੰਡਰ ਲੋਕ-ਅਰਪਣ



**ਬਟਾਲਾ, (ਯਾਦਵਿੰਦਰ ਸਿੰਘ ਮਲਹੋਤਰਾ)**-ਬਟਾਲਾ ਦੇ ਉੱਘੇ ਲੇਖਕ ਦੇਵਿੰਦਰ ਦੀਦਾਰ ਵੱਲੋਂ ਪੰਜਾਬੀ ਦੇ ਮਸ਼ਹੂਰ ਕਿੱਸਾਕਾਰ ਤੇ ਪ੍ਰੀਤ ਨਾਇਕ ਨਾਇਕਾਵਾਂ ਨੂੰ ਸਮਰਪਿਤ ਤਿਆਰ ਕੀਤਾ ਗਿਆ ਖ਼ੂਬਸੂਰਤ ਕੈਲੰਡਰ, ਪੰਜਾਬੀ ਸਾਹਿਤ ਨਾਲ ਪ੍ਰੇਮ ਰੱਖਣ ਵਾਲੀਆਂ ਸ਼ਖਸੀਆਤਾਂ ਦੀ ਮੌਜੂਦਗੀ ਵਿੱਚ ਲੋਕ ਅਰਪਣ ਕੀਤਾ ਗਿਆ।ਇਸ ਮੌਕੇ ਡਾ. ਰਵਿੰਦਰ ਸਿੰਘ, ਪ੍ਰੋ. ਰਾਮ ਸਿੰਘ ਪੱਡਾ, ਵਰਗਿਸ ਸਲਾਮਤ, ਜਗਨ ਨਾਥ, ਰਮੇਸ਼ ਕੁਮਾਰ, ਵਿਜੇ ਅਗਨੀਹੋਤਰੀ, ਅਜੀਤ ਕਮਲ, ਨਰਿੰਦਰ ਸੰਘਾ, ਹਰਪ੍ਰੀਤ ਸਿੰਘ, ਹਰਜਿੰਦਰ ਸਿੰਘ ਕਲਸੀ ਡੀਪੀਆਰਓ, ਦਵਿੰਦਰ ਸਿੰਘ, ਗਗਨਦੀਪ ਸਿੰਘ, ਸੁਰਿੰਦਰ ਸਿੰਘ ਨਿਮਾਣਾ, ਬਲਵਿੰਦਰ ਸਿੰਘ ਸੋਹਲ ਅਤੇ ਵਸਤਿੰਦਰ ਸਿੰਘ ਆਦਿ ਮੌਜੂਦ ਸਨ।ਇਸ ਮੌਕੇ ਵੱਖ-ਵੱਖ ਨਾਮਵਰ ਲੇਖਕਾਂ ਅਤੇ ਕਵੀਆਂ ਨੇ ਦੇਵਿੰਦਰ ਦੀਦਾਰ ਵੱਲੋਂ ਕੀਤੇ ਗਏ ਇਸ ਸ਼ਾਨਦਾਰ ਉੱਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਦੇਵਿੰਦਰ ਦੀਦਾਰ ਨੇ ਹਮੇਸ਼ਾ ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਵਿਰਸੇ ਨੂੰ ਸੰਭਾਲਣ ਤੇ ਪ੍ਰਫੁੱਲਿਤ ਕਰਨ ਲਈ ਵੱਡਾ ਯੋਗਦਾਨ ਪਾਇਆ ਹੈ।ਉਨ੍ਹਾਂ ਕਿਹਾ ਕਿ ਇਸ ਕੈਲੰਡਰ ਰਾਹੀਂ ਨੌਜਵਾਨ ਪੀੜ੍ਹੀ ਨੂੰ ਆਪਣੇ ਪੰਜਾਬੀ ਦੇ ਮਸ਼ਹੂਰ ਅਤੇ ਕਿੱਸਾਕਾਰ ਅਤੇ ਪ੍ਰੀਤ ਨਾਇਕ/ਨਾਇਕਾਵਾਂ, ਜਿਵੇ ਵਾਰਿਸ ਸ਼ਾਹ, ਫਜ਼ਲ ਸ਼ਾਹ, ਹਾਫਿਜ਼ ਬਰਖੁਰਦਾਰ, ਹਾਸ਼ਮ ਸ਼ਾਹ, ਕਾਦਰ ਯਾਰ, ਹੀਰ ਰਾਂਝਾ, ਮਿਰਜ਼ਾ ਸਾਹਿਬਾਂ, ਸੱਸੀ ਪੁੰਨੂ, ਸੋਹਣੀ ਮਹੀਂਵਾਲ, ਯੂਸਫ-ਜ਼ੁਲੈਖਾਂ ਅਤੇ ਲੈਲਾ ਮਜਨੂੰ ਬਾਰੇ ਜਾਣਕਾਰੀ ਦਿੱਤੀ ਗਈ ਹੈ। ਦੱਸ ਦਈਏ ਕਿ ਦੇਵਿੰਦਰ ਦੀਦਾਰ ਵੱਲੋਂ ਪੰਜਾਬੀ ਜਗਤ ਨੂੰ ਆਪਣੀਆਂ ਸ਼ਾਨਦਾਰ ਰਚਨਾਵਾਂ ਜਿਨ੍ਹਾਂ 'ਚ ਡੂੰਘੇ ਸਾਗਰਾਂ ਦੇ ਮੋਤੀ, ਗੱਲੀਂ ਯੋਗ ਨਾ ਹੋਈ, ਆਪਣੀ ਹੋਂਦ ਦੀ ਤਲਾਸ਼, ਅੰਨ੍ਹੇ ਘੋੜਿਆਂ ਦੀ ਦੌੜ, ਸ਼ੀਸ਼ਾਂ 'ਚ ਝਾਕਦਿਆਂ ਅਤੇ ਪੋਹ ਦੀ ਚਾਨਣੀਂ ਆਦਿ ਭੇਟ ਕੀਤੀਆਂ ਹਨ।

ਇਸ ਤੋਂ ਇਲਾਵਾ ਦੇਵਿੰਦਰ ਦੀਦਾਰ ਦੀ ਕਿਤਾਬ ਜ਼ਿੰਦਗੀ ਦੇ ਹਨੇਰੇ ਦੀਆਂ ਰੌਸ਼ਨ ਬੱਤੀਆਂ ਹਿਮਾਚਲ ਪ੍ਰਦੇਸ਼ ਸੈਂਟਰਲ ਯੂਨੀਵਰਸਿਟੀ, ਧਰਮਸ਼ਾਲਾ ਵਿਖੇ ਐੱਮਏ ਭਾਗ ਦੂਜਾ ਵਿੱਚ ਲੱਗੀ ਹੈ ਅਤੇ 20 ਲੇਖ ਅਤੇ ਕਹਾਣੀਆਂ ਸੀਬੀਐੱਸ ਦੀ 6ਵੀਂ, 7ਵੀਂ ਅਤੇ 8ਵੀਂ ਦੀਆਂ ਪੰਜਾਬੀ ਕਲਾਸਾਂ ਵਿੱਚ ਲੱਗੀਆਂ ਹਨ।ਸਮਾਗਮ ਦੇ ਆਖਰ ਵਿੱਚ ਦੇਵਿੰਦਰ ਦੀਦਾਰ ਨੇ ਪਹੁੰਚੀਆਂ ਸਮੂਹ ਹਸਤੀਆਂ ਦਾ ਧੰਨਵਾਦ ਕੀਤਾ।

## ਸਿਹਤ ਵਿਭਾਗ ਨੇ ਆਰੰਭੀ 'ਤੰਬਾਕੂ ਮੁਕਤ ਜਨਤਕ ਸਥਾਨ' ਜਾਗਰੂਕਤਾ ਮੁਹਿੰਮ



**ਗੁਰਦਾਸਪੁਰ (ਦਿਨੇਸ਼ ਕੁਮਾਰ)**-ਸਿਵਲ ਸਰਜਨ ਦਫ਼ਤਰ ਗੁਰਦਾਸਪੁਰ ਵਿਖੇ ਰਾਸ਼ਟਰੀ ਤੰਬਾਕੂ ਕੰਟਰੋਲ ਪ੍ਰੋਗਰਾਮ ਤਹਿਤ ਵਿਸ਼ੇਸ਼ ਮੀਟਿੰਗ ਦੌਰਾਨ ਸਹਾਇਕ ਸਿਵਲ ਸਰਜਨ ਡਾ. ਭਾਰਤ ਭੂਸ਼ਣ ਨੇ ਦੱਸਿਆ ਕਿ ਸਰਕਾਰ ਵੱਲੋਂ ਤੰਬਾਕੂ ਪਦਾਰਥਾਂ ਦੀ ਜਨਤਕ ਸਥਾਨ ਤੇ ਮਨਾਹੀ ਹੈ।ਜਨਤਕ ਸਥਾਨਾਂ ਤੇ ਤੰਬਾਕੂ ਐਕਟ ਦੀ ਉਲੰਘਣਾ ਨੂੰ ਦੇਖਦੇ ਹੋਏ ਸਿਹਤ ਵਿਭਾਗ ਵੱਲੋਂ ਬਣਾਈਆਂ ਗਈਆਂ ਬਲਾਕ ਪੱਧਰੀ ਟੀਮਾਂ ਵੱਲੋਂ ਕੋਟਪਾ ਐਕਟ 2003 ਦੀ ਪਾਲਣਾ ਯਕੀਨੀ ਬਣਾਉਣ ਲਈ ਅਚਨਚੇਤ ਦੌਰੇ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸਾਰਾ ਸਾਲ ਹੀ ਤੰਬਾਕੂ ਵਿਰੋਧੀ ਗਤੀਵਿਧੀਆਂ ਜਿਵੇਂ ਕਿ ਸਿਗਰਟ ਅਤੇ ਹੋਰ ਤੰਬਾਕੂ ਉਤਪਾਦ ਐਕਟ-2003 ਅਧੀਨ ਚਲਾਨ ਕਰਨ ਤੋਂ ਇਲਾਵਾ ਆਮ ਲੋਕਾਂ ਨੂੰ ਤੰਬਾਕੂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣ ਲਈ ਜਾਗਰੂਕਤਾ ਗਤੀਵਿਧੀਆਂ ਕੀਤੀਆਂ ਜਾਂਦੀਆਂ ਹਨ।ਇਸ ਦੇ ਤਹਿਤ ਹੀ ਅੱਜ ਸਮੂਹ ਜ਼ਿਲ੍ਹੇ ਅਤੇ ਬਲਾਕ ਦੀਆਂ ਟੀਮਾਂ ਨਾਲ ਮੀਟਿੰਗ ਕੀਤੀ ਅਤੇ ਹਦਾਇਤਾਂ ਦਿੱਤੀਆਂ ਗਈਆਂ ਕਿ ਕੋਈ ਵੀ ਵਿਅਕਤੀ ਕਿਸੇ ਜਨਤਕ ਥਾਂ ਜਿਵੇਂ ਬੱਸ ਸਟੈਂਡ, ਰੇਲਵੇ ਸਟੇਸ਼ਨ, ਰੇਲਗੱਡੀ, ਹੋਟਲ, ਸਿੱਖਿਆ ਸੰਸਥਾ ਆਦਿ ਵਿਚ ਤੰਬਾਕੂਨੋਸ਼ੀ ਨਹੀਂ ਕਰ ਸਕਦਾ।18 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਤੰਬਾਕੂ ਉਤਪਾਦ ਵੇਚਣ ਦੀ ਮਨਾਹੀ ਹੈ।ਕਿਸੇ ਵੀ ਵਿੱਦਿਅਕ ਜਾਂ ਧਾਰਮਿਕ ਸੰਸਥਾ ਦੇ 100 ਮੀਟਰ ਦੇ ਦਾਇਰੇ ਅੰਦਰ ਨਾ ਤਾਂ ਤੰਬਾਕੂ ਉਤਪਾਦ ਵੇਚਿਆ ਜਾ ਸਕਦਾ ਹੈ ਨਾ ਇਸ ਦੀ ਵਰਤੋਂ ਕੀਤੀ ਜਾ ਸਕਦੀ ਹੈ।ਤੰਬਾਕੂ ਉਤਪਾਦ ਨੂੰ ਉਤਸ਼ਾਹਿਤ ਕਰਨ ਵਾਲੇ ਵਿਗਿਆਪਨ ਨਹੀਂ ਦਿੱਤੇ ਜਾ ਸਕਦੇ। ਤੰਬਾਕੂ ਉਤਪਾਦ ਤੇ ਲਿਖਤੀ ਅਤੇ ਤਸਵੀਰ ਸਮੇਤ 85 ਫ਼ੀਸਦੀ ਚੇਤਾਵਨੀ ਛਾਪਣੀ ਲਾਜ਼ਮੀ ਹੈ। ਇਸ ਮੌਕੇ ਡੀਐੱਚਓ ਡਾ. ਸਵਿਤਾ, ਡੀਡੀਐੱਚਓ ਡਾ. ਲੋਕੇਸ਼ ਗੁਪਤਾ, ਡਾ. ਅੰਕੁਰ, ਏ. ਐੱਮ. ਓ. ਬਿਕਰਮਜੀਤ ਸਿੰਘ, ਏ. ਐੱਮ. ਓ. ਜੋਬਨਪ੍ਰੀਤ ਸਿੰਘ, ਐੱਚ. ਆਈ. ਹਰਪ੍ਰੀਤ ਸਿੰਘ, ਐੱਚ. ਆਈ. ਤਰਸੇਮ ਸਿੰਘ ਆਦਿ ਵੀ ਹਾਜ਼ਰ ਸਨ।

## ਜੀ ਐੱਨ ਡੀ ਯੂ ਕਾਲਜ ਚੂੰਘ ਵਿਖੇ ਵਰਕਸ਼ਾਪ ਦਾ ਆਯੋਜਨ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਚੂੰਘ (ਤਰਨ-ਤਾਰਨ) ਵਿਖੇ 'ਵਰਮੀ ਕੰਪੋਸਟ ਅਤੇ ਟਿਕਾਊ ਭੋਜਨ ਪ੍ਰਣਾਲੀਆਂ ਅਪਣਾਉਣ ਸੰਬੰਧੀ' ਵਿਸ਼ੇ 'ਤੇ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।ਇਸ ਵਰਕਸ਼ਾਪ ਨੂੰ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਤਕਨਾਲੋਜੀ ਅਤੇ ਵਾਤਾਵਰਨ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲਾ, ਭਾਰਤ ਸਰਕਾਰ ਵੱਲੋਂ ਵਾਤਾਵਰਨ ਸਿੱਖਿਆ ਪ੍ਰੋਗਰਾਮ ਅਧੀਨ ਸਪਾਂਸਰ ਕੀਤਾ ਗਿਆ।ਦੱਸਣਯੋਗ ਹੈ ਕਿ ਵਰਕਸ਼ਾਪ ਨੋਡਲ ਕੋਆਰਡੀਨੇਟਰ ਈਕੋ ਕਲੱਬ ਡਾ. ਗੁਰਚਰਨਜੀਤ ਸਿੰਘ ਦੀ ਯੋਗ ਅਗਵਾਈ ਹੇਠ ਆਯੋਜਿਤ ਕੀਤੀ ਗਈ।ਇਸ ਮੌਕੇ ਕਾਲਜ ਪ੍ਰਿੰਸੀਪਲ ਮੈਡਮ ਕਿੰਦਰਜੀਤ ਕੌਰ ਵੱਲੋਂ ਆਏ ਮਹਿਮਾਨਾਂ ਤੇ ਵਰਕਸ਼ਾਪ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਜੀ ਆਇਆਂ ਆਖਦਿਆਂ ਸਰਕਾਰ ਅਤੇ ਕੌਂਸਲ ਦੇ ਇਸ ਉੱਦਮ ਦੀ ਸ਼ਲਾਘਾ ਕੀਤੀ ਗਈ।

ਇਸ ਮੌਕੇ ਬਾਗਬਾਨੀ ਵਿਭਾਗ ਪੰਜਾਬ ਤੋਂ ਸੇਵਾਮੁਕਤ ਡਿਪਟੀ ਡਾਇਰੈਕਟਰ ਹਰਦਿਆਲ ਸਿੰਘ ਘਰਿਆਲਾ ਵੱਲੋਂ ਆਰਗੈਨਿਕ ਖੇਤੀ ਦੀ ਮਹੱਤਤਾ ਅਤੇ ਰਵਾਇਤੀ ਸਿਹਤ ਸੰਭਾਲ ਵਿਧੀਆਂ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਗਈ।ਉਨ੍ਹਾਂ ਆਖਿਆ ਕਿ ਇਸ ਵੇਲੇ ਜਦੋਂ ਸਮੁੱਚਾ ਵਾਤਾਵਰਨ ਦੂਸ਼ਿਤ ਹੋ ਰਿਹਾ ਹੈ, ਉਦੋਂ ਸਾਨੂੰ ਆਪਣੀ ਜੀਵਨ ਸ਼ੈਲੀ ਵਿੱਚ ਤਬਦੀਲੀ ਲਿਆਉਣ ਦੀ ਖਾਸ ਲੋੜ ਹੈ।ਇਸਦੇ ਨਾਲ ਹੀ ਉਨ੍ਹਾਂ ਕਿਹਾ ਕਿ ਸਾਨੂੰ ਸਭ ਨੂੰ ਕੁਦਰਤੀ ਤਰੀਕੇ ਨਾਲ ਉਗਾਏ ਖਾਦ ਪਦਾਰਥਾਂ ਉਪਰ ਨਿਰਭਰਤਾ ਵਧਾਉਣੀ ਚਾਹੀਦੀ ਹੈ।

ਇਸ ਮੌਕੇ ਵਾਤਾਵਰਨ ਨਾਲ ਸੰਬੰਧਿਤ ਸਲੋਗਨ ਲਿਖਣ, ਪੋਸਟਰ ਬਣਾਉਣ ਤੇ ਰੰਗੋਲੀ ਬਣਾਉਣ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਕ੍ਰਮਵਾਰ ਕੋਮਲ (ਬੀ.ਕਾਮ. ਸੈਮਸਟਰ ਚੌਥਾ), ਪ੍ਰਨੀਤ ਕੌਰ ( ਬੀ.ਐੱਸ.ਈ ਸੈਮਸਟਰ ਚੌਥਾ), ਜਸਬੀਰ ਕੌਰ (ਬੀ.ਐੱਸ.ਈ ਨਾਨ ਮੈਡੀਕਲ ਸੈਮਸਟਰ ਚੌਥਾ), ਕਿਰਨ (ਬੀਸੀਏ ਸੈਮਸਟਰ ਚੌਥਾ), ਜਸਪ੍ਰੀਤ ਕੌਰ (ਬੀ.ਕਾਮ. ਸੈਮਸਟਰ ਦੂਜਾ), ਕਰਮਜੀਤ ਕੌਰ (ਬੀ.ਐੱਸ.ਈ. ਸੈਮਸਟਰ ਦੂਜਾ), ਹਰਮਨਦੀਪ ਕੌਰ ਅਤੇ ਸਿਮਰਨ ਕੌਰ (ਬੀ.ਕਾਮ. ਸੈਮਸਟਰ ਦੂਜਾ), ਸੰਧਿਆ ਕੁਮਾਰੀ ਅਤੇ ਨਵਨੀਤ ਕੌਰ (ਬੀ.ਕਾਮ. ਸੈਮਸਟਰ ਦੂਜਾ) ਜੇਤੂ ਰਹੇ।ਜੇਤੂ ਵਿਦਿਆਰਥੀਆਂ ਨੂੰ ਸਰਟੀਫੀਕੇਟ ਵੰਡੇ ਗਏ।ਇਸ ਮੌਕੇ ਸਹਾਇਕ ਪ੍ਰੋਫੈਸਰ ਕਾਮਰਸ ਵਿਭਾਗ ਡਾ. ਮਨਜਿੰਦਰ ਕੌਰ ਨੇ ਆਏ ਮਹਿਮਾਨ ਧੰਨਵਾਦ ਦਾ ਕੀਤਾ।ਇਸ ਮੌਕੇ ਕਾਲਜ ਦਾ ਸਮੁੱਚਾ ਸਟਾਫ ਹਾਜ਼ਰ ਸੀ।

## ਭਾਈ ਗੁਰਦਾਸ ਮਾਡਰਨ ਸਕੂਲ ਲੱਖਣ ਕਲਾਂ ਦਾ ਦਸਵੀਂ ਦਾ ਨਤੀਜਾ ਸੌ ਫੀਸਦੀ



**ਕਲਾਨੌਰ (ਮਨਦੀਪ ਕੋਹਲੀ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਦਸਵੀਂ ਦੇ ਨਤੀਜਿਆਂ ਵਿੱਚ ਕਲਾਨੌਰ ਇਲਾਕੇ ਦੀ ਨਾਮਵਰ ਸੰਸਥਾ ਭਾਈ ਗੁਰਦਾਸ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਲੱਖਣ ਕਲਾਂ ਦਾ ਦਸਵੀਂ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਸਕੂਲ ਦੇ ਸਾਰੇ ਹੀ ਬੱਚਿਆਂ ਨੇ ਪਹਿਲੇ ਦਰਜੇ ਵਿੱਚ ਪ੍ਰੀਖਿਆ ਨੂੰ ਪਾਸ ਕੀਤਾ ।

ਪੁਜ਼ੀਸ਼ਨਾਂ ਲੈਣ ਵਾਲੇ ਬੱਚਿਆਂ ਵਿੱਚ ਕਰਮਵਾਰ ਮਹਿਕਪ੍ਰੀਤ ਕੌਰ, ਕਿਰਨਪ੍ਰੀਤ ਕੌਰ, ਐਸ਼ਮੀਤ ਕੌਰ, ਰੁਪਿੰਦਰ ਕੌਰ, ਸੁਨੇਹਾ, ਸ਼ਰਨਪ੍ਰੀਤ ਸਿੰਘ, ਤਜਿੰਦਰ ਸਿੰਘ, ਜੋਬਨਪ੍ਰੀਤ ਸਿੰਘ, ਜੁਗਰਾਜ ਸਿੰਘ ਆਦਿ ਨੇ ਦਸਵੀਂ ਦੇ ਨਤੀਜਿਆਂ ਵਿੱਚ ਮੱਲਾਂ ਮਾਰੀਆਂ।ਪ੍ਰਿੰਸੀਪਲ ਮੈਡਮ ਬਲਜਿੰਦਰ ਕੌਰ ਨੇ ਬੱਚਿਆਂ ਅਤੇ ਸਟਾਫ ਦਾ ਮਠਿਆਈ ਖਵਾ ਕੇ ਮੂੰਹ ਮਿੱਠਾ ਕਰਵਾਇਆ ਜਿਸ ਤੇ ਸਟਾਫ ਨੇ ਬੱਚਿਆਂ ਅਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵੀ ਵਧਾਈ ਦਿੱਤੀ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਬਲਜਿੰਦਰ ਕੌਰ ਨੇ ਬੱਚਿਆਂ ਦਾ ਮੂੰਹ ਮਿੱਠਾ ਕਰਵਾ ਕੇ ਉਨ੍ਹਾਂ ਨੂੰ ਵਧਾਈ ਦਿੱਤੀ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਇਸ ਖੁਸ਼ੀ ਦੇ ਮੌਕੇ ਸਕੂਲ ਦੇ ਸਟਾਫ ਤੇ ਬੱਚਿਆਂ ਦੇ ਮਾਤਾ-ਪਿਤਾ ਵੀ ਉਨੇ ਹੀ ਵਧਾਈ ਦੇ ਪਾਤਰ ਹਨ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰਨ ਦਾ ਵਾਅਦਾ ਕੀਤਾ ਹੈ।ਇਸ ਮੌਕੇ ਮੈਡਮ ਸ਼ਰਨ, ਪ੍ਰੀਆ, ਸੁਖਵਿੰਦਰ ਕੌਰ ਆਦਿ ਵੀ ਹਾਜ਼ਰ ਸਨ ।

## ਸ਼ਿਵਾਲਾ ਮੰਦਰ ਪਿੰਡ ਡੱਲਾ ਬਲੀਮ ਵਿਖੇ ਵਿਦਿਆਰਥੀਆਂ ਨੂੰ ਸਟੇਸ਼ਨਰੀ ਵੰਡੀ



**ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)**-ਸਾਧੂ ਸਮਾਜ ਸੇਵਾ ਸਮਿਤੀ 11 ਰੁਦਰ ਸ਼ਿਵਾਲਾ ਮੰਦਰ ਪਿੰਡ ਡੱਲਾ ਬਲੀਮ ਵਿਖੇ ਸ਼੍ਰੀ108 ਮਹੰਤ ਪੂਰਣ ਗਿਰੀ ਮਹਾਰਾਜ ਦੀ ਅਗਵਾਈ ਹੇਠ ਸ਼੍ਰੀ ਰਾਮਨੌਮੀ ਨੂੰ ਸਮਰਪਿਤ ਸਮਾਗਮ ਦਾ ਆਯੋਜਨ ਕੀਤਾ ਗਿਆ। ਸਮਾਗਮ ਦੌਰਾਨ ਕੰਜਕ ਪੂਜਨ ਕੀਤਾ ਗਿਆ ਅਤੇ ਸ਼੍ਰੀ ਸ਼੍ਰੀ 108 ਮਹੰਤ ਸ਼੍ਰੀ ਪੂਰਨ ਗਿਰੀ ਮਹਾਰਾਜ ਵੱਲੋਂ 50 ਦੇ ਕਰੀਬ ਬੱਚਿਆਂ ਨੂੰ ਮੁਫਤ ਕਾਪੀਆਂ, ਪੈਨਸਲਾਂ, ਬੈਗ ਅਤੇ ਸਟੇਸ਼ਨਰੀ ਵੰਡੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਮਹੰਤ ਪੂਰਣ ਗਿਰੀ ਨੇ ਪ੍ਰਭੂ ਰਾਮ ਦੀਆਂ ਸਿੱਖਿਆਵਾਂ ਤੇ ਚੱਲਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਸਾਡੇ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਬੱਚਿਆਂ ਨੂੰ ਸਿੱਖਿਆ ਨਾ ਜੋੜਿਆਂ ਜਾਵੇ। ਸਿੱਖਿਆ ਹੀ ਬੱਚੇ ਦਾ ਸਰਬਪੱਖੀ ਕਲਿਆਣ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਮੰਦਰ ਕਮੇਟੀ ਵੱਲੋਂ ਬੱਚਿਆਂ ਨੂੰ ਪੜ੍ਹਾਈ ਨਾਲ ਜੋੜਨ ਲਈ ਲਗਾਤਾਰ ਉਪਰਾਲੇ ਕੀਤੇ ਜਾਣਗੇ। ਮੰਦਰ ਕਮੇਟੀ ਵੱਲੋਂ ਇਸ ਮੌਕੇ ਚਾਹ ਪਕੌੜੇ ਅਤੇ ਲੰਗਰ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਮੰਦਰ ਕਮੇਟੀ ਪ੍ਰਧਾਨ ਰਾਜ ਕੁਮਾਰ, ਮੀਤ ਪ੍ਰਧਾਨ ਬਾਬਾ ਰੁਦਰ ਗਿਰੀ, ਰਣਜੀਤ ਸਿੰਘ, ਗੁਰਦੀਪ ਸਿੰਘ, ਪਰਮਜੀਤ ਸਿੰਘ ਲਾਡੀ, ਜਸਵਿੰਦਰ ਸਿੰਘ, ਮਾਸਟਰ ਰਾਜੇਸ਼ ਕੁਮਾਰ ਸੇਠੀ, ਆਕਾਸ਼ਦੀਪ, ਲਵਲੀ, ਚੰਦਨ, ਚਮਨ ਲਾਲ, ਸੂਰਜ, ਸੋਨੂੰ, ਕਰਨ, ਕਮਲੇਸ਼ ਸ਼ਰਮਾ ਨੀਲੂ, ਵਰੁਣ ਪੰਡਿਤ ਆਦਿ ਹਾਜ਼ਰ ਸਨ।

## ਅਕਾਲ ਅਕੈਡਮੀ ਤਿੱਬੜ ਵਿਖੇ 'ਬੀਬਾ ਬੱਚਾ' ਮੁਕਾਬਲੇ ਕਰਵਾਏ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਅਕਾਲ ਅਕੈਡਮੀ (ਬੜੂ ਸਾਹਿਬ) ਤਿੱਬੜ ਵਿਖੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸਮਾਗਮ ਕਰਵਾਇਆ। ਸਮਾਗਮ ਦੌਰਾਨ ਨਿਤਨੇਮ ਦੀਆਂ ਪੰਜ ਬਾਣੀਆਂ ਦਾ ਜਾਪ ਕਰਨ ਮਗਰੋਂ ਬੱਚਿਆਂ ਨੇ ਸ਼ਬਦ ਕੀਰਤਨ ਕੀਤਾ। ਉਪਰੰਤ ਬੱਚਿਆਂ ਨੇ ਕਵਿਤਾਵਾਂ, ਕਵੀਸ਼ਰੀ ਅਤੇ ਭਾਸ਼ਣ ਪੇਸ਼ ਕੀਤੇ। ਪੰਜਾਬੀ ਅਧਿਆਪਕਾ ਹਰਮੀਤ ਕੌਰ ਨੇ ਬੱਚਿਆਂ ਨੂੰ ਖਾਲਸੇ ਦੇ ਅਸਲੀ ਮਤਲਬ ਬਾਰੇ ਚਾਨਣਾ ਪਾਇਆ। ਅਕੈਡਮੀ ਦੇ ਪ੍ਰਿੰਸੀਪਲ ਗੁਰਵਿੰਦਰ ਕੌਰ ਨੇ ਗੁਰਬਾਣੀ ਸਬਦ ਦੀ ਸਾਂਝ ਪਾਉਂਦਿਆਂ ਗੁਰਮਤਿ ਵਿਚਾਰਾਂ ਕਰਦਿਆਂ ਬੱਚਿਆਂ ਤੇ ਸਮੂਹ ਨੂੰ ਗੁਰਬਾਣੀ ਨਾਲ ਜੁੜਨ ਦੇ ਲਈ ਪ੍ਰੇਰਿਤ ਕੀਤਾ। ਇਸ ਮੌਕੇ ਕਲੱਸਟਰ ਅਕੈਡਮੀਆਂ ਦੇ ਪ੍ਰਾਇਮਰੀ ਪੱਧਰ, ਮਿਡਲ ਪੱਧਰ ਅਤੇ ਸੈਕੰਡਰੀ ਪੱਧਰ ਦੇ 'ਬੀਬਾ ਬੱਚਾ' ਪ੍ਰਸ਼ਨੋਤਰੀ ਮੁਕਾਬਲੇ, ਗੁਰਮਤਿ ਫੁਲਵਾੜੀ ਤਹਿਤ ਕਵਿਤਾ ਉਚਾਰਨ ਮੁਕਾਬਲੇ, ਗੁਰਬਾਣੀ ਕੰਠ ਮੁਕਾਬਲੇ ਅਤੇ ਸੁੰਦਰ ਲਿਖਾਈ ਮੁਕਾਬਲਿਆਂ ਦੇ ਮੇਗਾ ਕਲੱਸਟਰ ਮੁਕਾਬਲੇ ਕਰਵਾਏ। ਪ੍ਰਿੰਸੀਪਲ ਗੁਰਵਿੰਦਰ ਕੌਰ ਨੇ ਦੱਸਿਆ ਪਿਛਲੇ ਦਿਨੀਂ ਕਲਗੀਧਰ ਟਰੱਸਟ ਬੜੂ ਸਾਹਿਬ ਵਲੋਂ ਕਲੱਸਟਰ ਅਕੈਡਮੀਆਂ ਦੇ ਵੱਖ-ਵੱਖ ਪਿੰਡਾਂ ਵਿੱਚ ਪ੍ਰਾਇਮਰੀ ਪੱਧਰ, ਮਿਡਲ ਪੱਧਰ ਅਤੇ ਸੈਕੰਡਰੀ ਪੱਧਰ ਦੇ 'ਬੀਬਾ ਬੱਚਾ' ਪ੍ਰਸ਼ਨੋਤਰੀ ਮੁਕਾਬਲੇ, ਗੁਰਮਤਿ ਫੁਲਵਾੜੀ ਤਹਿਤ ਕਵਿਤਾ ਉਚਾਰਨ ਮੁਕਾਬਲੇ, ਗੁਰਬਾਣੀ ਕੰਠ ਮੁਕਾਬਲੇ ਅਤੇ ਸੁੰਦਰ ਲਿਖਾਈ ਮੁਕਾਬਲੇ ਕਰਵਾਏ ਗਏ ਸਨ




ਜਿਨ੍ਹਾਂ ਵਿੱਚੋਂ ਜੇਤੂ ਰਹੇ ਬੱਚਿਆਂ ਦੇ ਮੁਕਾਬਲੇ ਵਿਸਾਖੀ ਮੌਕੇ 15 ਅਪ੍ਰੈਲ ਨੂੰ ਕਲੱਸਟਰ ਅਕੈਡਮੀਆਂ ਨੇ ਆਪਣੇ ਆਪਣੇ ਇਲਾਕੇ ਵਿੱਚ ਕਰਵਾਏ ਜਿਨ੍ਹਾਂ ਵਿੱਚੋਂ ਜੇਤੂ ਬੱਚਿਆਂ ਦਾ ਮੇਗਾ ਕਲੱਸਟਰ ਮੁਕਾਬਲੇ ਅੱਜ ਮੇਗਾ ਕਲਸਟਰ ਹੈੱਡ ਅਕਾਲ ਅਕੈਡਮੀ ਤਿੱਬੜ ਵਿੱਚ ਕਰਵਾਏ ਅਤੇ ਜੇਤੂ ਰਹੇ ਬੱਚਿਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਇਨ੍ਹਾਂ ਜੇਤੂ ਬੱਚਿਆਂ ਦਾ ਅੰਤਿਮ ਮੁਕਾਬਲਾ ਅਕਾਲ ਯੂਨੀਵਰਸਿਟੀ ਤਲਵੰਡੀ ਸਾਬੋ ਜਾਂ ਯੂਨੀਵਰਸਿਟੀ ਬੜੂ ਸਾਹਿਬ ਵਿਖੇ ਹੋਵੇਗਾ।

20-April-PAGE-12.qxd 4/19/2024 8:54 PM Page 1



# ਸਾਥੋਂ ਨੀ ਮੱਝੀ ਚਾਰ ਹੁੰਦੀਆਂ....


ਕਰਨਲ ਚਰਨਦੀਪ ਸਿੰਘ ਕੰਬੋਜ

ਸ਼ਾਹਕੋਟ (ਗਿਆਨ ਸੈਦਪੁਰੀ) ਜਦੋਂ ਸਿਆਸਤ ਦੇ ਬੇ- ਲਗਾਮ ਘੋੜੇ 'ਤੇ ਸਵਾਰ ਹੋ ਕੇ ਬਹੁਤ ਸਾਰੇ ਸਿਆਸੀ ਆਗੂ ਸਿਆਸਤ ਦੀ ਸਾਰੀ ਜ਼ਮੀਨ ਆਪਣੇ ਕਬਜ਼ੇ ਵਿੱਚ ਕਰ ਲੈਣ ਦੀ ਦੌੜ ਵਿੱਚ ਹਨ ਤਾਂ ਉਸ ਵੇਲੇ ਰਾਜਸੀ ਵਿਸ਼ਲੇਸ਼ਕ ਤੇ ਸਿਆਸੀ ਤੌਰ 'ਤੇ ਇਮਾਨਦਾਰ ਸਮਝੇ ਜਾਂਦੇ ਲੈਫਟੀਨੈਂਟ ਕਰਨਲ (ਸੇਵਾ ਮੁਕਤ) ਚਰਨਦੀਪ ਸਿੰਘ ਕੰਬੋਜ [illegible] ... ਡਕਾਲਾ ਤੋਂ ਸਿਆਸੀ ਕਿਸਮਤ ਅਜ਼ਮਾਈ। ਬਸਪਾ ਨੂੰ ਕਰਨਲ ਕੰਬੋਜ ਦੀ ਸਿਆਸਤ 'ਤੇ ਭਰੋਸਾ ਨਾ ਰਿਹਾ ਜਾਂ ਕੰਬੋਜ ਨੂੰ ਬਸਪਾ ਦੀ ਸਿਆਸਤ ਰਾਸ ਨਾ ਆਈ, ਇਸ ਦੌਰਾਨ ਉਹ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ।ਕਾਂਗਰਸ [illegible] ... ਕਿਸਮਤ ਅਜ਼ਮਾਈ। ਓਦੋਂ ਵਿਧਾਨ ਸਭਾ ਹਲਕਾ [illegible] ਖ਼ਾਸ ਦਾ ਨਾਂਅ ਬਦਲ ਕੇ ਸ਼ਾਹਕੋਟ ਹੋ ਚੁੱਕਾ ਸੀ। [illegible] ਹਜ਼ਾਰ ਵੋਟਾਂ ਪ੍ਰਾਪਤ ਕਰ ਲੈਣ ਦੇ ਬਾਵਜੂਦ ਵਿਧਾਨ ਸਭਾ ਦੀ ਮੈਂਬਰੀ ਉਨ੍ਹਾਂ ਦਾ ਨਸੀਬ ਨਾ ਬਣ ਸਕੀ। ਉਨ੍ਹਾਂ ਨੂੰ ਰੰਜ ਸੀ [illegible] ... ਨਹੀ ਮੱਝੀਂ ਚਾਰ ਹੁੰਦੀਆਂ ਆਲ ਲੈ ਸਾਂਭ ਲੈ ਨੀ ਸੈਦੇ ਦੀਏ ਨਾਰੇ।

# ਨਰਸਿੰਗ ਵਿਦਿਆਰਥਣ ਮਨਦੀਪ ਕੌਰ ਨੂੰ ਅਕੈਡਮਿਕ ਐਕਸੀਲੈਂਸ ਸਕਾਲਰਸ਼ਿਪ ਪ੍ਰਦਾਨ



ਬੰਗਾ (ਅਵਤਾਰ ਕਲੇਰ) ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਵਿਖੇ 21ਵੇਂ ਗ੍ਰੈਜੂਏਸ਼ਨ ਸਮਾਰੋਹ ਵਿਚ ਬੀ.ਐਸ.ਸੀ. ਨਰਸਿੰਗ ਪੂਰਾ ਕਰਨ ਵਾਲੇ ਵਿਦਿਆਰਥੀਆਂ ਨੂੰ ਡਿਗਰੀ ਸਰਟੀਫਿਕੇਟ ਪ੍ਰਦਾਨ ਕੀਤੇ ਅਤੇ ਕਲਾਸਾਂ ਵਿਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸ. ਬੁੱਧ ਸਿੰਘ ਢਾਹਾਂ ਐਵਾਰਡ ਆਫ ਅਕੈਡਮਿਕ ਐਕਸੀਲੈਂਸ ਸਕਾਲਰਸ਼ਿਪ ਪ੍ਰਦਾਨ ਕੀਤੀਆਂ ਗਈਆਂ। [illegible] ... ਮੁਕਾਮ ਕਾਇਮ ਕੀਤੀ। ਬੀ.ਐਸ.ਸੀ. ਨਰਸਿੰਗ ਫਾਈਨਲ ਦੇ 45 ਨਰਸਿੰਗ ਵਿਦਿਆਰਥੀਆਂ ਨੂੰ ਮੁੱਖ ਮਹਿਮਾਨ ਡਾ. ਪੁਨੀਤ ਗਿਰਧਰ ਨੇ ਡਿਗਰੀ ਸਰਟੀਫਿਕੇਟ ਪ੍ਰਦਾਨ ਕੀਤੇ। ਵੱਖ ਵੱਖ ਕਲਾਸਾਂ ਵਿਚੋ ਪਹਿਲਾ [illegible] ... ਸਥਾਨ ਪ੍ਰਾਪਤ ਕਰਕੇ ਕੀਤੀ ਅਤੇ ਤਮੰਨਾ ਬੰਗੜ [illegible] ਸੁਰਜੀਤ ਕੌਰ ਪਿੰਡ ਬਹਿਰਾਮ ਨੇ ਬੀ ਐਸ ਸੀ ਨਰਸਿੰਗ [illegible] ਪਹਿਲਾ ਸਥਾਨ ਹਾਸਲ ਕਰਕੇ 40 ਹਜ਼ਾਰ ਰੁਪਏ ਦੀ ਸਕਾਲਰਸ਼ਿਪ [illegible] ... ਹਾਜ਼ਰ ਸਨ।

# ਸੰਤ ਹੀਰਾ ਦਾਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਰਿਹਾ ਸੌ ਫ਼ੀਸਦੀ



ਕਾਲਾ ਸੰਘਿਆਂ (ਮਨਜੀਤ ਮਾਨ)—ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਇਸ ਵਾਰ ਲਈ ਗਈ ਦਸਵੀਂ ਕਲਾਸ ਦੀ ਪ੍ਰੀਖਿਆ ਵਿੱਚ ਸੰਤ ਹੀਰਾ ਦਾਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕਾਲਾ ਸੰਘਿਆਂ ਜ਼ਿਲ੍ਹਾ ਕਪੂਰਥਲਾ ਦਾ ਨਤੀਜਾ ਸੌ ਫ਼ੀਸਦੀ ਰਿਹਾ। ਪ੍ਰਿੰਸੀਪਲ ਬਲਜਿੰਦਰ ਕੌਰ ਸੇਖੋਂ ਤੇ ਵਾਇਸ ਪ੍ਰਿੰਸੀਪਲ ਸੁਖਜਿੰਦਰ ਸਿੰਘ ਨੇ ਦੱਸਿਆ ਕਿ ਇਸ ਵਾਰ ਦੇ ਦਸਵੀਂ ਦੇ ਨਤੀਜਿਆਂ ਵਿੱਚ ਬਹੁਤ ਸਾਰੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਇਸ ਪ੍ਰੀਖਿਆ ਵਿੱਚੋਂ ਸਕੂਲ ਦੇ ਵਿਦਿਆਰਥੀ ਪ੍ਰਭਜੀਤ ਸਿੰਘ ਨੇ 650 ਵਿੱਚੋਂ 586 ਅੰਕ ਹਾਸਲ ਕਰਕੇ ਸਕੂਲ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਕਰਨ,ਜੋਤੀ ਸ਼ਰਮਾ, ਕਰੀਨਾ ਕੁਮਾਰੀ ਤੇ ਹਸਮਨ ਗਿੱਲ ਨੇ ਕ੍ਰਮਵਾਰ ਦੂਜਾ, ਤੀਜਾ, ਚੌਥਾ ਅਤੇ ਪੰਜਵਾਂ ਸਥਾਨ ਹਾਸਲ ਕੀਤਾ। ਇਸ ਮੌਕੇ 'ਤੇ ਸੰਸਥਾ ਦੇ ਪ੍ਰਧਾਨ ਇੰਜਨੀਅਰ ਸੀਤਲ ਸਿੰਘ ਸੰਘਾ,ਸੈਕਟਰੀ ਸੰਜੀਵ ਕੁਮਾਰ ਹੈਪੀ ਅਤੇ ਡਾਇਰੈਕਟਰ ਡਾਕਟਰ ਰਾਮ ਮੂਰਤੀ ਨੇ ਸਮੂਹ ਵਿਦਿਆਰਥੀਆਂ ਨੂੰ ਅਤੇ ਮਾਪਿਆਂ ਨੂੰ ਉਹਨਾਂ ਦੀ ਇਸ ਸਫਲਤਾ 'ਤੇ ਵਧਾਈ ਦਿੱਤੀ। ਉਹਨਾਂ ਨੇ ਬੱਚਿਆਂ ਨੂੰ ਭਵਿੱਖ ਵਿੱਚ ਹੋਰ ਮਿਹਨਤ ਕਰਕੇ ਹੋਰ ਵੀ ਚੰਗੇ ਅੰਕ ਹਾਸਲ ਕਰਨ ਦੀ ਪ੍ਰੇਰਨਾ ਦਿੱਤੀ।

# ਰਿੰਕੂ ਵੱਡੇ ਬਹੁਮਤ ਨਾਲ ਜਿੱਤਣਗੇ : ਨਾਹਰ

ਫਿਲੌਰ (ਨਿਰਮਲ)- ਭਾਜਪਾ ਦੇ ਕਾਰਜਕਾਰੀ ਮੈਂਬਰ ਪੰਜਾਬ ਗੋਲਡੀ ਨਾਹਰ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਭਾਜਪਾ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਹਲਕਾ ਜਲੰਧਰ ਤੋਂ ਵੱਡੇ ਬਹੁਮਤ ਨਾਲ ਜਿੱਤਣਗੇ। ਉਨ੍ਹਾਂ ਕਿਹਾ ਕਿ ਕੇਂਦਰ ਵਿੱਚ ਭਾਜਪਾ ਸਰਕਾਰ ਫਿਰ ਤੋਂ ਭਾਰੀ ਬਹੁਮਤ ਨਾਲ ਜਿੱਤ ਕੇ ਮੋਦੀ ਦੀ ਅਗਵਾਈ ਹੇਠ ਬਣੇਗੀ। ਰਿੰਕੂ ਨੂੰ ਜਿਤਾਉਣ ਲਈ ਭਾਜਪਾ ਆਗੂ ਵਰਕਰ ਪੱਬਾਂ ਭਾਰ ਇੱਕਮੁੱਠ ਹੋ ਕੇ ਦਿਨ ਰਾਤ ਵੋਟਰਾਂ ਨਾਲ ਸੰਪਰਕ ਕਰ ਰਹੇ ਹਨ।

# ਐੱਲ ਪੀ ਯੂ 'ਚ ਭਾਰਤੀ ਸੱਭਿਆਚਾਰ ਦਾ ਸ਼ਾਨਦਾਰ ਪ੍ਰਦਰਸ਼ਨ




ਜਲੰਧਰ ( ਸ਼ੈਲੀ ਐਲਬਰਟ):- ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ (ਐੱਲ. ਪੀ. ਯੂ.) ਕੈਂਪਸ ਉਸ ਵੇਲੇ ਭਾਰਤੀ ਸੰਸਕ੍ਰਿਤੀ ਅਤੇ ਵਿਰਸੇ ਦੇ ਇੱਕ ਜੀਵੰਤ ਖੇਤਰ ਵਿੱਚ ਬਦਲ ਗਿਆ ਜਦੋਂ ਇਸਦਾ ਸਾਲਾਨਾ ਮੈਗਾ ਸੱਭਿਆਚਾਰਕ ਮੇਲਾ ਵਨ ਇੰਡੀਆ-2024 ਬਹੁਤ ਸ਼ਾਨ ਅਤੇ ਧੂਮਧਾਮ ਨਾਲ ਸ਼ੁਰੂ ਹੋਇਆ। ਫੈਸਟ ਦੇ ਇਸ 12ਵੇਂ ਐਡੀਸ਼ਨ ਵਿੱਚ ਸਮਾਨਤਾ, ਵਿਭਿੰਨਤਾ ਅਤੇ ਸਮਾਵੇਸ਼ ਦਾ ਸ਼ਾਨਦਾਰ ਪ੍ਰਦਰਸ਼ਨ ਦੇਖਿਆ ਗਿਆ।ਕਿਉਂਕਿ ਦੇਸ਼ ਭਰ ਦੇ ਵਿਦਿਆਰਥੀਆਂ ਨੇ ਆਪੋ-ਆਪਣੇ ਰਾਜਾਂ ਦੀ ਸ਼ਾਨ ਦਾ ਪ੍ਰਦਰਸ਼ਨ ਕੀਤਾ ਅਤੇ ਦੂਜਿਆਂ ਨਾਲ ਵੀ ਹੱਥ ਮਿਲਾਇਆ ਇਸ ਦੇ ਲਈ, ਵੱਡੀ ਗਿਣਤੀ ਵਿੱਚ ਭਾਰਤੀ ਤਿਉਹਾਰਾਂ, ਰੀਤੀ-ਰਿਵਾਜਾਂ, ਸਭਿਆਚਾਰਾਂ, ਪਰੰਪਰਾਵਾਂ, ਨਾਚਾਂ, ਗੀਤਾਂ ਨੂੰ ਪੂਰੀ ਖੁਸ਼ੀ ਵਿੱਚ ਪ੍ਰਦਰਸ਼ਿਤ ਅਤੇ ਪੇਸ਼ ਕੀਤਾ ਗਿਆ।ਦੇਸ਼ ਦੀ ਵਿਸ਼ਾਲ ਵਿਭਿੰਨਤਾ ਦੇ ਪ੍ਰਦਰਸ਼ਨ ਦੇ ਵਿਚਕਾਰ ਵਿਦਿਆਰਥੀਆਂ ਨੇ ਏਕਤਾ ਲਈ ਨਾਅਰੇ ਲਗਾਏ, ਖਾਸ ਤੌਰ 'ਤੇ ਭਾਰਤ ਮਾਤਾ ਦੀ ਜੈ ਅਤੇ ਹਮ ਸਭ ਏਕ ਹੈਂ। ਫੈਸਟ ਵਿੱਚ 29 ਪ੍ਰਦਰਸ਼ਨੀ ਸਟਾਲ ਸਨ ਜੋ ਹਰੇਕ ਰਾਜ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਦੀ ਅਮੀਰ ਵਿਰਾਸਤ, ਕਲਾ ਅਤੇ ਪਕਵਾਨਾਂ ਦੀ ਝਲਕ ਪ੍ਰਦਾਨ ਕਰਦੇ ਸਨ। ਫੈਸਟ ਵਿੱਚ 29 ਲੋਕ ਸੰਗੀਤ ਅਤੇ ਨ੍ਰਿਤ-ਪ੍ਰਦਰਸ਼ਨ, 3 ਕਿਲੋਮੀਟਰ ਲੰਬੇ ਵਿਭਿੰਨ ਸੱਭਿਆਚਾਰਕ ਜਲੂਸ ਦਾ ਪ੍ਰਦਰਸ਼ਨ ਵੀ ਕੀਤਾ ਗਿਆ- ਜਿਸ ਨੇ ਫੈਸਟ ਦੀ ਸ਼ਾਨਦਾਰਤਾ ਅਤੇ ਚਮਕ ਵਧਾ ਦਿੱਤੀ।। ਸਾਰੇ ਭਾਰਤੀ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ 4000+ ਭਾਗ ਲੈਣ ਵਾਲੇ ਐਲਪੀਯੂ ਦੇ ਵਿਦਿਆਰਥੀਆਂ ਦੁਆਰਾ ਕੀਤੀ ਗਈ।ਵਿਸ਼ਾਲ ਪੇਸ਼ਕਾਰੀਆਂ ਦੇ ਨਾਲ ਇਹ ਸਮਾਗਮ ਜਸ਼ਨ ਅਤੇ ਜਾਣਕਾਰੀ ਭਰਪੂਰ ਸੀ। ਉਨ੍ਹਾਂ ਨੇ ਹੋਰ ਸਭਿਆਚਾਰਾਂ ਦੀ ਚੰਗਿਆਈ ਨੂੰ ਸਿੱਖਣ ਅਤੇ ਗ੍ਰਹਿਣ ਕਰਨ ਲਈ ਇੱਕ ਦੂਜੇ ਨਾਲ ਸਹਿਯੋਗ ਕੀਤਾ। ਇੱਥੋਂ ਤੱਕ ਕਿ 40+ ਦੇਸ਼ਾਂ ਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਆਪਣੇ ਭਾਰਤੀ ਹਮਰੁਤਬਾ ਨਾਲ ਮਿਲ ਕੇ ਫੈਸਟ ਨੂੰ ਸ਼ਾਨਦਾਰ ਰੂਪ ਅਤੇ ਉਦੇਸ਼ ਸਾਬਤ ਕਰਨ ਲਈ ਕੰਮ ਕੀਤਾ।। ਐਲਪੀਯੂ ਦੇ ਸੰਸਥਾਪਕ ਚਾਂਸਲਰ ਅਤੇ ਰਾਜ ਸਭਾ ਮੈਂਬਰ ਮਾਨਯੋਗ ਡਾ: ਅਸ਼ੋਕ ਕੁਮਾਰ ਮਿੱਤਲ ਨੇ ਕੈਂਪਸ ਵਿੱਚ ਵੀ ਭਾਰਤ ਦੀ ਵਿਸ਼ਾਲਤਾ ਨੂੰ ਇਸਦੀ ਵਿਭਿੰਨਤਾ ਵਿੱਚ ਬਰਕਰਾਰ ਰੱਖਣ ਲਈ ਫੈਸਟ ਵਿੱਚ ਸਾਰਿਆਂ ਨੂੰ ਵਧਾਈ ਦਿੱਤੀ। ਪ੍ਰੋ-ਚਾਂਸਲਰ ਸ੍ਰੀਮਤੀ ਰਸ਼ਮੀ ਮਿੱਤਲ ਵੀ ਉਨ੍ਹਾਂ ਦੇ ਨਾਲ ਸਨ।।

# ਲਿਟਲ ਕਿੰਗਡਮ ਸਕੂਲ 'ਚ ਸ਼ੁਰੂ ਹੋਏ ਯੋਗ ਕੈਂਪ



ਟਾਂਡਾ ਉੜਮੁੜ (ਜਸਵਿੰਦਰ ਸੰਧੂ )-ਲਿਟਲ ਕਿੰਗਡਮ ਇੰਟਰਨੈਸ਼ਨਲ ਸਕੂਲ ਨੇ ਬੱਚਿਆਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਰੱਖਣ ਲਈ ਯੋਗ ਨਾਲ ਜੋੜਨ ਦਾ ਬੀੜਾ ਚੁੱਕਿਆ ਹੈ। ਡਾਇਰੈਕਟਰ ਕੌਂਸਲਰ ਆਸ਼ੂ ਵੈਦ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸ਼ੁਰੂ ਹੋਏ ਇਸ ਕੈਂਪ ਵਿਚ ਸਕੂਲ ਦੀ ਚੇਅਰਪਰਸਨ ਨੇਹਾ ਵੈਦ, ਅਧਿਆਪਕਾ ਸ਼ੀਤਲ ਕੌਰ ਅਤੇ ਮਮਤਾ ਨੇ ਵਿਦਿਆਰਥੀਆਂ ਨੂੰ ਯੋਗਾ ਦੀ ਮਹੱਤਤਾ ਬਾਰੇ ਦੱਸਦੇ ਹੋਏ ਯੋਗ ਅਭਿਆਸ ਕਰਵਾਇਆ। ਕੈਂਪ ਦੌਰਾਨ ਬੱਚਿਆਂ ਨੇ ਯੋਗਾ ਦੇ ਵੱਖ-ਵੱਖ ਆਸਣ ਬੜੀ ਦਿਲਚਸਪੀ ਨਾਲ ਸਿੱਖੇ। ਇਸ ਦੌਰਾਨ ਨੇਹਾ ਵੈਦ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਫਿੱਟ ਰਹਿਣ ਅਤੇ ਮਾਨਸਿਕ ਤਾਕਤ ਰੱਖਣ ਲਈ ਯੋਗਾ ਨੂੰ ਅਪਣਾਉਣ। ਉਨ੍ਹਾਂ ਦੱਸਿਆ ਕਿ ਅੱਜ ਪੂਰੀ ਦੁਨੀਆ ਯੋਗ ਨੂੰ ਅਪਣਾ ਰਹੀ ਹੈ। ਇਸ ਦੌਰਾਨ ਪ੍ਰਿੰਸੀਪਲ ਮੀਤਾ ਨੇ ਦੱਸਿਆ ਕਿ ਇਸ ਕੈਂਪ ਦੀ ਸਮਾਪਤੀ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਗਗਨਦੀਪ ਕੌਰ, ਦੀਪਿਕਾ ਵੈਦ, ਮੀਨੂੰ ਕਤਿਆਲ, ਸੁਮਿਤਰੀ, ਨੀਨਾ ਵਾਲੀਆ, ਚਰਨਜੀਤ ਕੌਰ, ਮਮਤਾ, ਸਰਬਜੀਤ ਕੌਰ, ਸ਼ੀਤਲ ਕੌਰ, ਸੋਹਲ, ਸੂਰਜ ਸਹੋਤਾ, ਪਵਨਦੀਪ, ਅਮਨਦੀਪ ਕੌਰ, ਸੁਖਜਿੰਦਰ ਕੌਰ ਸੈਣੀ, ਅਰਮਾਨ ਕੌਰ, ਨੇਕਤਾ ਸ਼ਰਮਾ, ਲਖਬੀਰ ਸਿੰਘ ਅਤੇ ਹਰਪ੍ਰੀਤ ਸਿੰਘ ਕਮਾਂਡਰ ਹਾਜ਼ਰ ਸਨ।

# ਇਨੋਸੈਂਟ ਹਾਰਟਸ 'ਚ ਵਿਸ਼ਵ ਹੈਰੀਟੇਜ ਦਿਵਸ ਧੂਮਧਾਮ ਨਾਲ ਮਨਾਇਆ




ਜਲੰਧਰ ( ਸ਼ੈਲੀ ਐਲਬਰਟ):- ਹੈਰੀਟੇਜ ਕਲੱਬ ਦੇ ਵਿਦਿਆਰਥੀਆਂ ਨੇ ਇੰਨੋਸੈਂਟ ਹਾਰਟਸ ਦੇ ਪੰਜੇ ਸਕੂਲਾਂ (ਗ੍ਰੀਨ ਮਾਡਲ ਟਾਊਨ, ਲੋਹਾਰਾਂ, ਨੂਰਪੁਰ ਰੋਡ, ਕੈਂਟ-ਜੰਡਿਆਲਾ ਰੋਡ ਅਤੇ ਕਪੂਰਥਲਾ ਰੋਡ) ਵਿੱਚ ਵਿਸ਼ਵ ਹੈਰੀਟੇਜ ਦਿਵਸ ਬੜੀ ਧੂਮਧਾਮ ਨਾਲ ਮਨਾਇਆ। ਇਸ ਮੌਕੇ ਕਈ ਗਤੀਵਿਧੀਆਂ ਕਰਵਾਈਆਂ ਗਈਆਂ। ਹੈਰੀਟੇਜ ਕਲੱਬ ਦੇ ਅੰਬੈਸਡਰ ਵਿਦਿਆਰਥੀਆਂ ਨੇ ਦੱਸਿਆ ਕਿ ਇਨ੍ਹਾਂ ਗਤੀਵਿਧੀਆਂ ਨੂੰ ਕਰਵਾਉਣ ਦਾ ਮਕਸਦ ਵਿਦਿਆਰਥੀਆਂ ਨੂੰ ਮਨੁੱਖੀ ਸੱਭਿਅਤਾ ਨਾਲ ਸਬੰਧਤ ਇਤਿਹਾਸਕ ਅਤੇ ਸੱਭਿਆਚਾਰਕ ਥਾਵਾਂ ਦੀ ਸਾਂਭ ਸੰਭਾਲ ਲਈ ਜਾਗਰੂਕ ਕਰਨਾ ਹੈ।ਇਸ ਮੌਕੇ ਹੈਰੀਟੇਜ ਕਲੱਬ ਦੇ ਵਿਦਿਆਰਥੀਆਂ ਨੇ ਪਾਵਰ ਪੁਆਇੰਟ ਪੇਸ਼ਕਾਰੀ ਰਾਹੀਂ ਗ੍ਰੇਡ 1 ਅਤੇ 2 ਦੇ ਵਿਦਿਆਰਥੀਆਂ ਨੂੰ ਭਾਰਤੀ ਸਮਾਰਕਾਂ ਅਤੇ ਦੇਸ਼ ਦੇ ਸੱਭਿਆਚਾਰਕ ਸਥਾਨਾਂ ਬਾਰੇ ਪੂਰੀ ਜਾਣਕਾਰੀ ਦਿੱਤੀ। ਪੰਜਵੀਂ ਜਮਾਤ ਦੇ ਵਿਦਿਆਰਥੀਆਂ ਲਈ ਅੰਤਰ-ਹਾਊਸ ਐਕਸਟੈਂਪੋਰ ਮੁਕਾਬਲਾ ਕਰਵਾਇਆ ਗਿਆ। ਛੇਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਮਾਡਲਿੰਗ ਪੇਸ਼ ਕੀਤੀ ਗਈ, ਜਿਸ ਦੀ ਬਹੁਤ ਪ੍ਰਸ਼ੰਸਾ ਕੀਤੀ ਗਈ। ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਲਈ 'ਸਾਡਾ ਗੌਰਵ, ਸਾਡਾ ਵਿਰਸਾ' ਵਿਸ਼ੇ ਤਹਿਤ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੀਆਂ ਗਤੀਵਿਧੀਆਂ ਕਰਵਾਈਆਂ ਗਈਆਂ, ਜਿਸ ਵਿੱਚ ਵਿਦਿਆਰਥੀਆਂ ਨੇ ਵਿਸਾਖੀ ਦੇ ਤਿਉਹਾਰ 'ਤੇ ਕਵਿਤਾਵਾਂ ਪੇਸ਼ ਕੀਤੀਆਂ ਅਤੇ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੇ ਲੋਕ ਗੀਤ ਗਾਏ।

ਵਿਦਿਆਰਥੀਆਂ ਨੇ ਪੰਜਾਬ ਦੇ ਲੋਕ ਨਾਚ ਗਿੱਧਾ ਅਤੇ ਭੰਗੜੇ ਦੀ ਬਹੁਤ ਹੀ ਮਨਮੋਹਕ ਪੇਸ਼ਕਾਰੀ ਦਿੱਤੀ, ਵਿਦਿਆਰਥੀਆਂ ਨੇ ਆਪਣੇ ਸੱਭਿਆਚਾਰ ਨੂੰ ਜਿਉਂਦਾ ਰੱਖਣ ਦਾ ਸਬੂਤ ਦਿੱਤਾ।

# ਕੈਂਪ 'ਚ 51 ਯੂਨਿਟ ਖ਼ੂਨ ਇਕੱਤਰ



ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)—ਜ਼ਿਲ੍ਹਾ ਰੈੱਡਕਰਾਸ ਸੁਸਾਇਟੀ ਦੀ ਅਗਵਾਈ ਅਤੇ ਬਲੱਡ ਡੋਨਰ ਕੌਂਸਲ ਨਵਾਂਸ਼ਹਿਰ ਦੇ ਤਕਨੀਕੀ ਸਹਿਯੋਗ ਨਾਲ ਡਾ. ਭੀਮ ਰਾਓ ਅੰਬੇਡਕਰ ਦੀ ਜਯੰਤੀ ਨੂੰ ਸਮਰਪਿਤ ਪਹਿਲਾ ਸਵੈ ਇੱਛੁਕ ਖੂਨਦਾਨ ਕੈਂਪ ਪ੍ਰੀਮੀਅਮ ਕਲੱਬ, ਬੀਨੇਵਾਲ ਵਲੋਂ ਸ਼੍ਰੀ ਗੁਰੂ ਰਵਿਦਾਸ ਗੁਰਦੁਆਰਾ ਹਾਲ ਵਿਚ ਲਗਾਇਆ ਗਿਆ। ਖੂਨਦਾਨ ਕੈਂਪ ਵਿੱਚ 51 ਖੂਨਦਾਨੀਆਂ ਵਲੋਂ ਖੂਨ ਦਾਨ ਕੀਤਾ ਗਿਆ। ਕੈਂਪ ਦਾ ਉਦਘਾਟਨ ਸੇਵਾਮੁਕਤ ਡੀ. ਪੀ. ਪਰਮਜੀਤ ਸਿੰਘ ਵਲੋਂ ਕੀਤਾ ਗਿਆ। ਕੈਂਪ ਦੌਰਾਨ ਵਿਛੜੀ ਰੂਹ ਸਮਾਜ ਸੇਵਿਕਾ ਮੈਡਮ ਸੰਤੋਸ਼ ਸੋਨੀ ਨੂੰ ਨਿੱਘੀ ਸ਼ਰਧਾਂਜਲੀ ਭੇਂਟ ਕੀਤੀ ਗਈ। ਖੂਨਦਾਨੀਆਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਡਾ. ਅਜੇ ਬੱਗਾ, ਮੋਟੀਵੇਟਰ ਅਸ਼ਵਨੀ ਰਾਣਾ, ਮੋਟੀਵੇਟਰ ਅਜੇ ਰਾਣਾ, ਮੋਟੀਵੇਟਰ ਜਸਵਿੰਦਰ ਸਿੰਘ ਸਾਜਨ, ਮੋਟੀਵੇਟਰ ਸਰਬਜੀਤ ਸਾਬੀ, ਮੋਟੀਵੇਟਰ ਰਾਜੀਵ ਭਾਰਦਵਾਜ, ਬਲਜਿੰਦਰ ਸਿੰਘ, ਸੁਖਵਿੰਦਰ ਸਿੰਘ, ਹਰੀ ਓਮ, ਸੰਦੀਪ ਬੰਗਾ, ਮਿੱਠੂ ਗੜ੍ਹੀ, ਜੱਸੀ ਕੋਕੋਵਾਲ,ਲੈਕਚਰਾਰ ਰਾਜ ਕੁਮਾਰ, ਹੈੱਡ ਟੀਚਰ ਰਾਕੇਸ਼ ਚੱਢਾ, ਸਮਾਜ ਸੇਵੀ ਰਾਮ ਲੁਭਾਇਆ, ਗੁਰਬਖਸ਼ ਸਿੰਘ, ਜਸਵਿੰਦਰ ਸਿੰਘ ਫੌਜੀ, ਨਿਰਮਲ ਨਿੰਮਾ, ਅਮਰਜੀਤ ਸਿੰਘ, ਕੇਸਰ ਡੱਲੇਵਾਲ, ਪ੍ਰੀਮੀਅਮ ਕਲੱਬ ਤੇ ਗ੍ਰੀਨ ਵਿਲੇਜ ਵੈਲਫੇਅਰ ਸੁਸਾਇਟੀ, ਬੀਨੇਵਾਲ ਦੇ ਸਮੂਹ ਮੈਂਬਰ ਅਤੇ ਨਗਰ ਨਿਵਾਸੀ ਹਾਜ਼ਰ ਸਨ।

# ਮੈਰਿਟ 'ਚ ਆਈ ਵਿਦਿਆਰਥਣ ਪਵਨਪ੍ਰੀਤ ਕੌਰ ਦਾ 5100 ਰੁਪਏ ਨਾਲ ਸਨਮਾਨ



ਮੋਰਿੰਡਾ( ਜੈਜ਼ੀ ਸਰਦਾਰ )- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮੈਟ੍ਰਿਕ ਦੇ ਐਲਾਨੇ ਨਤੀਜੇ ਵਿੱਚੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਾਜਪੁਰ ਦੀ ਵਿਦਿਆਰਥਣ ਪਵਨਪ੍ਰੀਤ ਕੌਰ ਦੇ ਮੈਰਿਟ ਵਿੱਚ ਆਉਣ 'ਤੇ 5100 ਰੁਪਏ ਇਨਾਮ ਵਜੋਂ ਦਿੱਤੇ ਗਏ। ਲੈਕਚਰਾਰ ਕੰਚਨ ਬਾਲਾ, ਚਰਨਜੀਤ ਕੌਰ ਅਤੇ ਸੋਹਨ ਸਿੰਘ ਨੇ ਦੱਸਿਆ ਕਿ ਸਕੂਲ ਦੇ ਪ੍ਰਿੰਸੀਪਲ ਸੁਰਿੰਦਰ ਕੁਮਾਰ ਘਈ ਨੇ ਪਿਛਲੇ ਸਾਲ ਬੱਚਿਆਂ ਨਾਲ ਵਾਅਦਾ ਕੀਤਾ ਸੀ ਕਿ ਜੇਕਰ ਸਾਡੇ ਸਕੂਲ ਦਾ ਬੱਚਾ ਬੋਰਡ ਦੀ ਮੈਰਿਟ ਹਾਸਲ ਕਰੇਗਾ ਤਾਂ ਉਸ ਨੂੰ 5100 ਰੁਪਏ ਨਕਦ ਦਿੱਤਾ ਜਾਵੇਗਾ। ਅੱਜ ਉਨ੍ਹਾਂ ਨੇ ਆਪਣਾ ਵਾਅਦਾ ਪੂਰਾ ਕੀਤਾ। ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਰਿਟਾਇਰਡ ਇੰਸਪੈਕਟਰ ਗੁਰਮੇਲ ਸਿੰਘ ਨੇ ਵੀ ਨਕਦ 1100 ਰੁਪਏ ਇਨਾਮ ਦਿੱਤਾ ਗਿਆ। ਪ੍ਰਿੰਸੀਪਲ ਸੁਰਿੰਦਰ ਕੁਮਾਰ ਘਈ ਨੇ ਦੱਸਿਆ ਕਿ ਉਨ੍ਹਾਂ ਨੂੰ ਐਮ ਐਲ ਏ ਡਾ. ਚਰਨਜੀਤ ਸਿੰਘ, ਜ਼ਿਲ੍ਹਾ ਪ੍ਰਸ਼ਾਸਨ ਵਲੋਂ ਡਿਪਟੀ ਕਮਿਸ਼ਨਰ ਪ੍ਰੀਤੀ ਯਾਦਵ, ਜ਼ਿਲ੍ਹਾ ਸਿੱਖਿਆ ਅਫ਼ਸਰ ਪਰਮਿੰਦਰ ਕੌਰ, ਉਪ ਜ਼ਿਲ੍ਹਾ ਸਿੱਖਿਆ ਅਫਸਰ ਐੱਸ ਪੀ ਸਿੰਘ ਆਦਿ ਵਲੋਂ ਬੱਚੇ ਨੂੰ ਵਧਾਈ ਸੰਦੇਸ਼ ਆ ਰਹੇ ਹਨ। ਇਸ ਮੌਕੇ ਕੰਵਲਜੀਤ ਸਿੰਘ ਕਾਈਨੌਰ, ਚੰਦਰ ਸ਼ੇਖਰ ਦਾਤਾਰਪੁਰ, ਜਸਬੀਰ ਸਿੰਘ ਸ਼ਾਂਤਪੁਰੀ ਅਤੇ ਸਮੁੱਚੇ ਸਟਾਫ ਨੇ ਬੱਚਿਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਲੈਕਚਰਾਰ ਗੁਰਇੰਦਰਜੀਤ ਸਿੰਘ ਮਾਨ, ਗੁਰਪ੍ਰੀਤ ਸਿੰਘ , ਸਤਵਿੰਦਰ ਸਿੰਘ ਬਾਜਵਾ, ਗੁਰਤੇਜ ਸਿੰਘ, ਕੰਵਲਜੀਤ ਕੌਰ, ਜੋਤੀ ਸਿੰਘ, ਰਮਨਦੀਪ ਕੌਰ, ਬੱਚੇ ਦੀ ਮਾਤਾ ਬਲਵਿੰਦਰ ਕੌਰ, ਪਿਤਾ ਧਰਮਿੰਦਰ ਸਿੰਘ, ਜੋਤਪ੍ਰੀਤ ਸਿੰਘ, ਹਰਿੰਦਰ ਕੌਰ, ਸੁਰਿੰਦਰ ਕੌਰ ਅਤੇ ਰਾਜਿੰਦਰ ਸਿੰਘ ਮੈਨੇਜਰ ਆਦਿ ਹਾਜ਼ਰ ਸਨ।

# ਦੀ ਇੰਪੀਰੀਅਲ ਸਕੂਲ 'ਚ ਸਮਾਈਲ ਫਾਊਂਡੇਸ਼ਨ ਵੱਲੋਂ ਵਿੱਦਿਅਕ ਪ੍ਰਚਾਰ



ਆਦਮਪੁਰ (ਪਰਮਜੀਤ ਸਿੰਘ)- ਦੀ ਇੰਪੀਰੀਅਲ ਸਕੂਲ ਗਰੀਨ ਕੈਂਪਸ ਵਿੱਚ ਸਮਾਈਲ ਫਾਊਂਡੇਸ਼ਨ ਵੱਲੋਂ ਵਿਦਿਆਰਥੀਆਂ ਵਿੱਚ ਵਿੱਦਿਅਕ ਪ੍ਰਚਾਰ ਕੀਤਾ ਗਿਆ।ਇਹ ਸਮਾਗਮ ਸਵੇਰ ਦੀ ਸਭਾ ਵਿੱਚ ਨਿਪੁੰਨ ਹੋਇਆ।ਇਸ ਮੌਕੇ ਸਕੂਲ ਦੇ ਚੇਅਰਮੈਨ ਜਗਦੀਸ਼ ਲਾਲ, ਡਾਇਰੈਕਟਰ ਜਗਮੋਹਣ ਅਰੋੜਾ, ਪ੍ਰਿੰਸੀਪਲ ਸਵਿੰਦਰ ਕੌਰ ਮੱਲ੍ਹੀ, ਸੀ.ਏ.ਏ ਸੁਸ਼ਮਾ ਵਰਮਾ, ਵਾਈਸ ਪ੍ਰਿੰਸੀਪਲ ਪੂਜਾ ਠਾਕੁਰ, ਹੈੱਡ ਕੋਆਰਡੀਨੇਟਰ ਰੇਨੂੰ, ਸਮੂਹ ਸਟਾਫ਼ ਅਤੇ ਵਿਦਿਆਰਥੀ ਸ਼ਾਮਲ ਸਨ।ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਜੇ ਪੀ ਸਿੰਘ ਸਮਾਈਲ ਫਾਊਂਡੇਸ਼ਨ ਵੱਲੋਂ ਸ਼ਾਮਲ ਸਨ। ਉਨ੍ਹਾਂ ਵਿਦਿਆਰਥੀਆਂ ਨੂੰ ਨੈਤਿਕ ਕਦਰਾਂ-ਕੀਮਤਾਂ ਤੋਂ ਜਾਣੂ ਕਰਵਾਇਆ ਤੇ ਸੰਬੰਧਤ ਵਿਦਿਆਰਥੀਆਂ ਨੂੰ ਫ਼ਿਲਮ ਵੀ ਦਿਖਾਈ ਗਈ।ਇਸ ਮੌਕ ਸਕੂਲ ਚੇਅਰਮੈਨ ਜਗਦੀਸ਼ ਲਾਲ ਨੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਸਕੂਲ ਦੇ ਵਿਦਿਆਰਥੀਆਂ ਨੂੰ ਪਹਿਲਾਂ ਤੋਂ ਹੀ ਕਦਰਾਂ ਕੀਮਤਾਂ ਤੋਂ ਜਾਣੂ ਕਰਵਾਇਆ ਜਾ ਰਿਹਾ ਹੈ ਅਤੇ ਅੱਗੇ ਤੋਂ ਵੀ ਵਿਦਿਆਰਥੀਆਂ ਲਈ ਹਰ ਪੱਧਰ 'ਤੇ ਉਚੇਰੇ ਕੰਮ ਕੀਤੇ ਜਾਣਗੇ।ਸਭਾ ਦੇ ਅੰਤ ਵਿੱਚ ਸਕੂਲ ਪ੍ਰਿੰਸੀਪਲ ਸਵਿੰਦਰ ਕੌਰ ਮੱਲ੍ਹੀ ਨੇ ਵਿਦਿਆਰਥੀ ਜ਼ਿੰਦਗੀ ਵਿੱਚ ਦੂਸਰਿਆਂ ਦੀ ਮਦਦ ਲਈ ਹਮੇਸ਼ਾਅੱਗੇ ਆਉਣ ਲਈ ਤਿਆਰ ਰਹਿਣ ਅਤੇ ਆਪਣੀ ਸੋਚ ਸਕਾਰਾਤਮਕ ਰੱਖਣ।

# ਕੈਂਬਰਿਜ ਅਰਥ ਸਕੂਲ 'ਚ 'ਗੁੱਡ ਟੱਚ, ਬੈਡ ਟੱਚ' ਪ੍ਰਤੀ ਜਾਗਰੂਕਤਾ ਸੈਮੀਨਾਰ



ਟਾਂਡਾ ਉੜਮੁੜ (ਜਸਵਿੰਦਰ ਸੰਧੂ )- ਕੈਂਬਰਿਜ ਅਰਥ ਸਕੂਲ ਟਾਂਡਾ ਵਿੱਚ ਸਿੱਖਿਆ ਸਲਾਹਕਾਰ ਬਲਰਾਜ ਮਹਿੰਦਰੂ ਅਤੇ ਪ੍ਰੈਜ਼ੀਡੈਂਟ ਸ਼੍ਰੀਮਤੀ ਪੂਜਾ ਓਹਰੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਵਿਦਿਆਰਥਣਾਂ ਵਿੱਚ ਅਜੋਕੇ ਸਮੇਂ ਦੀ ਮੁੱਖ ਲੋੜ ਆਪਣੇ ਆਪ ਪ੍ਰਤੀ, ਆਪਣੀ ਸੁਰੱਖਿਆ ਪ੍ਰਤੀ 'ਗੁੱਡ ਟੱਚ ਅਤੇ ਬੈਡ ਟੱਚ' ਗਤੀਵਿਧੀ ਕਰਵਾਈ ਗਈ। ਇਸ ਸੈਸ਼ਨ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ। ਪਹਿਲੇ ਭਾਗ ਵਿੱਚ ਪਹਿਲੀ ਜਮਾਤ ਤੋਂ ਲੈ ਕੇ ਪੰਜਵੀਂ ਜਮਾਤ ਤੱਕ ਦੀਆਂ ਵਿਦਿਆਰਥਣਾਂ ਅਤੇ ਦੂਜੇ ਭਾਗ ਵਿੱਚ ਛੇਵੀਂ ਜਮਾਤ ਤੋਂ ਲੈ ਕੇ ਨੌਵੀਂ ਜਮਾਤ ਤੱਕ ਦੀਆਂ ਵਿਦਿਆਰਥਣਾਂ ਨੇ ਹਿੱਸਾ ਲਿਆ। ਇਸ ਗਤੀਵਿਧੀ ਵਿੱਚ ਵਿਦਿਆਰਥਣਾਂ ਨੂੰ ਪ੍ਰਸ਼ਨ ਵੀ ਪੁੱਛੇ ਗਏ ਅਤੇ ਉਨ੍ਹਾਂ ਦੁਆਰਾ ਕੀਤੇ ਪ੍ਰਸ਼ਨਾਂ ਦੇ ਤਸੱਲੀਬਖ਼ਸ਼ ਉੱਤਰ ਦਿੱਤੇ ਗਏ।ਪ੍ਰਿੰਸੀਪਲ ਨਵਦੀਪ ਕੌਰ ਨੇ ਵਿਦਿਆਰਥਣਾਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਇਸਤਰੀ ਕੋਮਲ ਹੋ ਸਕਦੀ ਹੈ ਪਰ ਕਮਜ਼ੋਰ ਨਹੀਂ ਹੈ। ਉਹਨਾਂ ਨੇ ਇਸ ਸਬੰਧੀ ਇਤਿਹਾਸਕ ਹਵਾਲੇ ਦਿੰਦੇ ਹੋਏ ਦੱਸਿਆ ਕਿ ਰਾਣੀ ਝਾਂਸੀ,ਮਾਈ ਭਾਗੋ, ਸਰੋਜਨੀ ਨਾਇਡੂ,ਇੰਦਰਾ ਗਾਂਧੀ ਆਦਿ ਇਸਤਰੀਆਂ ਹੀ ਸਨ ਜਿਨ੍ਹਾਂ ਨੇ ਇਤਿਹਾਸਕ ਤੌਰ ਤੇ ਆਪਣੀ ਪਹਿਚਾਣ ਕਾਇਮ ਕੀਤੀ। ਸਾਨੂੰ ਵੀ ਉਨ੍ਹਾਂ ਵਾਂਗ ਦ੍ਰਿੜ ਨਿਸਚੇ ਅਤੇ ਪੱਕੇ ਇਰਾਦੇ ਨਾਲ ਆਪਣਾ ਜੀਵਨ ਜਿਉਣਾ ਚਾਹੀਦਾ ਹੈ। ਇਸ ਮੌਕੇ ਸਕੂਲ ਪ੍ਰਬੰਧਕ, ਸਕੂਲ ਕੁਆਰਡੀਨੇਟਰ ਕੁਲਵਿੰਦਰ ਕੌਰ, ਅਕਾਦਮਿਕ ਕੁਆਡੀਨੇਟਰ ਸ਼ਰਨਜੀਤ ਕੌਰ, ਹਾਊਸ ਕਨਵੀਨਰ ਕੁਲਜੀਤ ਕੌਰ, ਟੈਕਨਾਲੋਜੀ ਮਾਸਟਰ ਗਗਨਦੀਪ ਕੌਰ ਆਦਿ ਹਾਜ਼ਰ ਸਨ।

# ਮੰਡੀ 'ਚੋਂ ਨਜਾਇਜ਼ ਕਬਜ਼ੇ ਹਟਾਉਣ ਦੀ ਮੰਗ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)—ਮੁਕੇਰੀਆਂ ਸ਼ਹਿਰ ਦੇ ਅੰਦਰਲੇ ਬਾਜ਼ਾਰਾਂ ਅਤੇ ਰਾਸ਼ਟਰੀ ਰਾਜ ਮਾਰਗਾਂ 'ਤੇ ਇੰਨੇ ਜ਼ਿਆਦਾ ਨਾਜਾਇਜ਼ ਕਬਜ਼ੇ ਹਨ ਕਿ ਜਦੋਂ ਵੀ ਕੋਈ ਆਮ ਯਾਤਰੀ ਜਾਂ ਗਾਹਕ ਆਪਣੇ ਦੋ ਪਹੀਆ ਵਾਹਨ 'ਤੇ ਸ਼ਹਿਰ 'ਚ ਦਾਖਲ ਹੁੰਦਾ ਹੈ ਤਾਂ ਇਸ ਤੋਂ ਉਸ ਦੀ ਜਾਨ ਨੂੰ ਵੀ ਖਤਰਾ ਪੈਦਾ ਹੋ ਜਾਂਦਾ ਹੈ। ਕਿਸੇ ਦੁਕਾਨ ਤੋਂ ਕੋਈ ਚੀਜ਼ ਖਰੀਦਣੀ ਹੈ ਤਾਂ ਉਹ ਆਪਣਾ ਦੋ ਪਹੀਆ ਵਾਹਨ ਕਿਤੇ ਵੀ ਪਾਰਕ ਨਹੀਂ ਕਰ ਸਕਦਾ। ਕਿਉਂਕਿ ਸ਼ਹਿਰ ਦੇ ਅੰਦਰ ਨਾਜਾਇਜ਼ ਕਬਜ਼ਿਆਂ ਦੀ ਭਰਮਾਰ ਹੈ, ਜਦੋਂ ਵੀ ਕੋਈ ਇਸ ਸਬੰਧੀ ਸ਼ਿਕਾਇਤ ਕਰਦਾ ਹੈ ਤਾਂ ਪ੍ਰਸ਼ਾਸਨਿਕ ਅਧਿਕਾਰੀ ਕੁਝ ਸਮੇਂ ਲਈ ਦੁਕਾਨਾਂ ਅੱਗੇ ਕੀਤੇ ਕਬਜ਼ੇ ਹਟਾਉਣ ਸਬੰਧੀ ਡਰਾਮਾ ਜਿਹਾ ਕਰਕੇ ਚਲੇ ਜਾਂਦੇ ਹਨ। ਪਰ ਕਦੇ ਵੀ ਕਿਸੇ ਖ਼ਿਲਾਫ਼ ਸ਼ਿਕਾਇਤ ਦਰਜ ਨਹੀਂ ਕੀਤੀ ਜਾਂਦੀ, ਜਿਸ ਨਾਲ ਨਜਾਇਜ਼ ਕਬਜੇ ਕਰਨ ਵਾਲਿਆਂ ਦੇ ਹੌਂਸਲੇ ਬੁਲੰਦ ਹੋ ਗਏ ਹਨ। ਜੇਕਰ ਕੋਈ ਰਾਹਗੀਰ ਜਾਂ ਦੁਕਾਨਦਾਰ ਪਿਆਰ ਨਾਲ ਕਬਜੇ ਹਟਾਉਣ ਲਈ ਕਹਿੰਦਾ ਹੈ ਤਾਂ ਝਗੜਾ ਕਰਨ 'ਤੇ ਉਤਾਰੂ ਹੋ ਜਾਂਦੇ ਹਨ।

ਲੋਕਾਂ ਦੀ ਅਗਵਾਈ ਕਰਦੇ ਹੋਏ ਸੰਗਮ, ਬੱਬੂ, ਲੱਕੀ ਨੇ ਐਸ.ਡੀ.ਐਮ ਮੁਕੇਰੀਆਂ ਤੋਂ ਮੰਗ ਕੀਤੀ ਕਿ ਮੁਕੇਰੀਆਂ ਮੇਨ ਬਜ਼ਾਰ, ਤਲਵਾੜਾ ਰੋਡ, ਨੇੜੇ ਪਿਆਰਾ ਸਿੰਘ ਚੌਂਕ ਤੋਂ ਰੇਹੜੀ ਵਾਲਿਆਂ ਦੇ ਅਤੇ ਹੋਰ ਨਜਾਇਜ਼ ਕਬਜੇ ਜਲਦੀ ਤੋਂ ਜਲਦੀ ਹਟਾਏ ਜਾਣ ਨਹੀਂ ਤਾਂ ਦੁਕਾਨਦਾਰਾਂ ਦੀ ਅਗਵਾਈ ਵਿੱਚ ਮੁਕੇਰੀਆਂ ਤਹਿਸੀਲ ਦੇ ਸਾਹਮਣੇ ਧਰਨਾ ਦਿੱਤਾ ਜਾਵੇਗਾ।

## ਵਧੀਕ ਡਿਪਟੀ ਕਮਿਸ਼ਨਰ ਵੱਲੋਂ ਮੰਡੀਆਂ ਦਾ ਦੌਰਾ



ਫਗਵਾੜਾ ( ਡਾ. ਰਮਨ ) ਸ੍ਰੀਮਤੀ ਅਨੁਪਮ ਕਲੇਰ ਵਧੀਕ ਡਿਪਟੀ ਕਮਿਸ਼ਨਰ (ਜ), ਫਗਵਾੜਾ ਵੱਲੋਂ ਦਲਬੀਰ ਸਿੰਘ ਸਕੱਤਰ ਮਾਰਕੀਟ ਕਮੇਟੀ ਫਗਵਾੜਾ ਸਮੇਤ ਮੇਨ ਮੰਡੀ ਫਗਵਾੜਾ ਅਤੇ ਰਾਵਲਪਿੰਡੀ ਦਾ ਅਚਨਚੇਤ ਦੌਰਾ ਕੀਤਾ ਗਿਆ। ਉਨ੍ਹਾਂ ਵੱਲੋਂ ਮੰਡੀਆਂ ਵਿੱਚ ਲੋੜੀਂਦੇ ਪ੍ਰਬੰਧਾਂ ਦਾ ਨਿਰੀਖਣ ਕੀਤਾ ਗਿਆ ਅਤੇ ਸਕੱਤਰ ਮਾਰਕੀਟ ਕਮੇਟੀ ਨੂੰ ਸਖ਼ਤ ਹਦਾਇਤ ਕੀਤੀ ਗਈ ਕਿ ਮੰਡੀਆਂ ਵਿੱਚ ਜਿਣਸ ਵੇਚਣ ਆਏ ਕਿਸਾਨਾਂ ਨੂੰ ਕਿਸੇ ਕਿਸਮ ਦੀ ਕੋਈ ਮੁਸ਼ਕਲ ਪੇਸ਼ ਨਹੀਂ ਆਉਣੀ ਚਾਹੀਦੀ।

## ਦਿਹਾਣਾ ਵਿਖੇ ਸਰਕਾਰੀ ਡਿਸਪੈਂਸਰੀ ਨੂੰ ਦਵਾਈਆਂ ਦਿੱਤੀਆਂ



ਮੇਹਟੀਆਣਾ, (ਜਗਤਾਰ ਸਿੰਘ ਭੁੰਗਰਨੀ) ਪਿੰਡ ਦਿਹਾਣਾ ਵਿਖੇ ਦੀ ਦਿਹਾਣਾ ਸੋਸ਼ਲ ਵੈਲਫੇਅਰ ਸੁਸਾਇਟੀ ਦਿਹਾਣਾ ਹੁਸ਼ਿਆਰਪੁਰ ਵੱਲੋਂ ਸਰਕਾਰੀ ਡਿਸਪੈਂਸਰੀ ਨੂੰ ਪੰਜ ਹਜ਼ਾਰ ਰੁਪਏ ਦੀਆਂ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਜਸਵੀਰ ਸਿੰਘ ਸ਼ਿੰਦਾ ਨੇ ਦੱਸਿਆ ਕਿ ਇਹ ਸੁਸਾਇਟੀ ਪਿਛਲੇ ਕਾਫੀ ਸਾਲਾਂ ਤੋਂ ਲੋਕ ਭੁਲਾਈ ਦੇ ਕਾਰਜ ਕਰਦੀ ਆ ਰਹੀ ਹੈ।ਗਰੀਬ ਅਤੇ ਲੋੜਵੰਦਾਂ ਦੀ ਸੇਵਾ ਕਰਨ ਲਈ ਸੁਸਾਇਟੀ ਹਰ ਸਮੇਂ ਤਿਆਰ ਰਹਿੰਦੀ ਹੈ। ਇਸ ਮੌਕੇ ਸਰਕਾਰੀ ਡਿਸਪੈਂਸਰੀ ਦੇ ਪ੍ਰਬੰਧਕ ਮੈਡਮ ਮਨਦੀਪ ਕੌਰ ਅਤੇ ਸਰੋਜ ਰਾਣੀ ਨੇ ਸੁਸਾਇਟੀ ਦੇ ਸਮੂਹ ਮੈਂਬਰਾਂ ਦਾ ਦਵਾਈਆਂ ਦੇਣ 'ਤੇ ਧੰਨਵਾਦ ਕੀਤਾ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਜਸਵੀਰ ਸਿੰਘ ਸ਼ਿੰਦਾ, ਜੋਗਰਾਜ ਸਿੰਘ, ਜਥੇਦਾਰ ਪਰਮਜੀਤ ਸਿੰਘ ਸੈਣੀ, ਹਰਜੀਤ ਸਿੰਘ, ਕਰਨੈਲ ਸਿੰਘ, ਅਵਤਾਰ ਸਿੰਘ ਦਿਹਾਣਾ ਇੰਟਰਨੈਸ਼ਨਲ ਐਥਲੀਟ ਦਿਹਾਣਾ, ਮਲਕੀਅਤ ਸਿੰਘ ਟੋਨੀ ਆਦਿ ਹਾਜ਼ਰ ਸਨ।

## ਮਾਤਾ ਸਾਹਿਬ ਕੌਰ ਖਾਲਸਾ ਸਕੂਲ ਢੰਡੋਵਾਲ ਦਸਵੀਂ ਦਾ ਨਤੀਜਾ 100 ਫੀਸਦੀ



ਸ਼ਾਹਕੋਟ(ਗਿਆਨ ਸੈਦਪੁਰੀ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਦੇ ਨਤੀਜੇ 'ਚ ਮਾਤਾ ਸਾਹਿਬ ਕੌਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਢੰਡੋਵਾਲ (ਸ਼ਾਹਕੋਟ) ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ।ਸਕੂਲ ਦਾ ਦਸਵੀਂ ਦਾ ਨਤੀਜਾ 100 ਫੀਸਦੀ ਰਿਹਾ।ਸਕੂਲ ਦੀਆਂ ਵਿਦਿਆਰਥਣਾਂ ਤਨਵੀਰ ਕੌਰ ਪੁੱਤਰੀ ਚਮਕੌਰ ਸਿੰਘ ਨੇ 93.84 ਫੀਸਦੀ ਅੰਕ ਹਾਸਲ ਕਰਕੇ ਪਹਿਲਾ ਸਥਾਨ, ਮਨਪ੍ਰੀਤ ਕੌਰ ਪੁੱਤਰੀ ਬਲਜੀਤ ਸਿੰਘ ਨੇ 92.92 ਫੀਸਦੀ ਅੰਕ ਹਾਸਲ ਕਰਕੇ ਦੂਜਾ, ਸਿਮਰਨਜੀਤ ਕੌਰ ਪੁੱਤਰੀ ਜਸਵੰਤ ਸਿੰਘ ਨੇ 91.23 ਫੀਸਦੀ ਅੰਕ ਹਾਸਲ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ ਅਤੇ ਸਵਿਤਾ ਪੁੱਤਰੀ ਹਰਮੇਸ਼ ਲਾਲ ਨੇ 90.15 ਫੀਸਦੀ ਅੰਕ ਹਾਸਲ ਕਰਕੇ ਚੌਥਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਸੰਸਥਾ ਦੇ ਪ੍ਰਧਾਨ ਬਲਦੇਵ ਸਿੰਘ ਚੱਠਾ, ਸਮੂਹ ਪ੍ਰਬੰਧਕ ਕਮੇਟੀ, ਪ੍ਰਿੰਸੀਪਲ ਰੇਖਾ ਰਾਣੀ ਅਤੇ ਸਮੂਹ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

## ਐੱਸ ਡੀ ਐੱਮ ਨੇ ਸਕੂਲੀ ਬੱਸਾਂ ਦੀ ਕੀਤੀ ਚੈਕਿੰਗ

ਫਿਲੌਰ (ਨਿਰਮਲ)- ਸਕੂਲੀ ਬੱਸਾਂ ਦੇ ਹੋ ਰਹੇ ਨਿੱਤ ਹਾਦਸਿਆਂ ਨੂੰ ਦੇਖਦੇ ਹੋਏ ਐਸ ਡੀ ਐਮ ਫਿਲੌਰ ਅਮਨਪਾਲ ਸਿੰਘ ਵੱਲੋਂ ਨਿੱਜੀ ਸਕੂਲ ਬੱਸਾਂ ਦੀ ਚੈਕਿੰਗ ਕੀਤੀ ਗਈ। ਇਸ ਮੌਕੇ ਉਨ੍ਹਾਂ ਕਿਸੇ ਵੀ ਸਕੂਲ ਦੀ ਬੱਸ ਨੂੰ ਬਿਨਾਂ ਚੈਕਿੰਗ 'ਤੇ ਨਹੀਂ ਛੱਡਿਆ। ਇਸ ਸਬੰਧੀ ਐਸ ਡੀ ਐਮ ਫਿਲੌਰ ਅਮਨਪਾਲ ਸਿੰਘ ਨੇ ਕਿਹਾ ਕਿ ਸਕੂਲੀ ਬੱਸਾਂ ਦੇ ਹੋ ਰਹੇ ਹਾਦਸਿਆਂ ਕਾਰਨ ਬੱਚੇ ਅਤੇ ਉਨ੍ਹਾਂ ਦੇ ਮਾਤਾ ਪਿਤਾ ਚਿੰਤਤ ਹੁੰਦੇ ਹਨ ਅਤੇ ਇਨ੍ਹਾਂ ਹਾਦਸਿਆਂ ਕਾਰਨ ਕਈ ਬੱਚਿਆਂ ਦੀਆਂ ਜਾਨਾਂ ਵੀ ਜਾ ਚੁੱਕੀਆਂ ਹਨ। ਉਨ੍ਹਾਂ ਨਿੱਜੀ ਸਕੂਲੀ ਬੱਸਾਂ ਨੂੰ ਚੇਤਾਵਨੀ ਦਿੱਤੀ ਕਿ ਉਹ ਆਪਣੇ ਕਾਗਜ਼ਾਤ, ਡਰਾਈਵਰ, ਹੈਲਪਰ ਅਤੇ ਸਾਰੀਆਂ ਸੇਵਾਵਾਂ ਮੁਕੰਮਲ ਰੱਖਣ।

# ਵਿਕਾਸ ਪ੍ਰਭਾਕਰ ਕਤਲ ਕਾਂਡ ਦੀ ਜਾਂਚ ਕਰੇਗੀ ਐੱਨ ਆਈ ਏ

ਨਵਾਂਸ਼ਹਿਰ (ਮਨੋਜ ਲਾਡੀ)- ਨੰਗਲ ਦੇ ਵਿਸ਼ਵ ਹਿੰਦੂ ਪ੍ਰੀਸ਼ਦ ਪ੍ਰਧਾਨ ਵਿਕਾਸ ਪ੍ਰਭਾਕਰ ਉਰਫ ਵਿਕਾਸ ਬੱਗਾ ਦੇ ਕਤਲ ਵਿਚ ਵਿਦੇਸ਼ੀ ਹੈਂਡਲਸ ਦੀ ਗੰਭੀਰਤਾ ਨੂੰ ਦੇਖਦੇ ਹੋਏ ਸਰਕਾਰ ਨੇ ਹੁਣ ਇਸ ਕਤਲ ਕਾਂਡ ਦੀ ਜਾਂਚ ਐੱਨ.ਆਈ.ਏ. ਤੋਂ ਕਰਵਾਉਣ ਦਾ ਮਨ ਬਣਾਇਆ ਹੈ। ਵਿਕਾਸ ਪ੍ਰਭਾਕਰ ਕਤਲ ਕਾਂਡ ਦੇ ਦੋਵੇਂ ਦੋਸ਼ੀ ਪਿਛਲੇ ਦਿਨੀਂ ਨਵਾਂਸ਼ਹਿਰ ਦੇ ਨਾਲ ਲੱਗਦੇ ਪਿੰਡ ਸਲੋਹ ਤੋਂ ਫੜੇ ਗਏ ਸੀ। ਦੋਵੇਂ ਮੁਲਜ਼ਮ ਇਸ ਸਮੇਂ ਨੰਗਲ ਪੁਲਸ ਕੋਲ ਰਿਮਾਂਡ 'ਤੇ ਹਨ। ਪਿਛਲੇ ਦਿਨੀਂ ਨੰਗਲ ਦੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਪ੍ਰਧਾਨ ਵਿਕਾਸ ਪ੍ਰਭਾਕਰ ਦਾ ਉਸ ਦੀ ਦੁਕਾਨ 'ਚ ਦੋ ਲੋਕਾਂ ਨੇ ਸਿਰ 'ਤੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ। ਇਸ ਦੇ ਬਾਅਦ ਪੁਲਸ ਟੀਮ ਨੇ ਸੀ.ਸੀ.ਟੀ.ਵੀ ਫੁਟੇਜ ਤੋਂ ਹਾਸਲ ਫੋਟੋ ਰਾਹੀਂ ਦੋਸ਼ੀਆਂ ਤੱਕ ਪਹੁੰਚਣ 'ਚ ਸਫਲਤਾ ਹਾਸਲ ਕੀਤੀ। ਪੁਲਸ ਨੇ ਨਵਾਂਸ਼ਹਿਰ ਦੇ ਪਿੰਡ ਸਲੋਹ ਤੋਂ ਦੋ ਦੋਸ਼ੀਆਂ ਮਨਦੀਪ ਉਰਫ ਮੰਗੀ ਅਤੇ ਸੁਰਿੰਦਰ ਉਰਫ ਰੀਕਾ ਨੂੰ ਕਾਬੂ ਕਰ ਕੇ ਉਨ੍ਹਾ ਤੋਂ ਦੋ ਪਿਸਤੌਲਾਂ ਅਤੇ 16 ਜ਼ਿੰਦਾ ਕਾਰਤੂਸ ਬਰਾਮਦ ਕੀਤੇ। ਜਾਣਕਾਰੀ ਅਨੁਸਾਰ ਪਿੰਡ ਸਲੋਹ ਦਾ ਇਕ ਦੋਹਤਾ ਜੋ ਕਿ ਪਿੰਡ ਗੜ੍ਹਪਧਾਣਾ ਨਾਲ ਸਬੰਧਤ ਹੈ, ਇਨ੍ਹੀਂ ਦਿਨੀਂ ਪੁਰਤਗਾਲ 'ਚ ਹੈ। ਉਸ ਦੀ ਇਨ੍ਹਾਂ ਦੋਵਾਂ ਦੋਸ਼ੀਆਂ ਨਾਲ ਗੂੜ੍ਹੀ ਦੋਸਤੀ ਸੀ।ਉਸ ਨੇ ਪੁਰਤਗਾਲ ਅਤੇ ਪਾਕਿਸਤਾਨ 'ਚ ਬੈਠੇ ਅੱਤਵਾਦੀਆਂ ਦੇ ਜ਼ਰੀਏ ਇਨ੍ਹਾਂ ਦੋਹਾਂ ਨੂੰ ਟਾਰਗੈਟ ਕਿਲਿੰਗ ਲਈ ਚੁਣਿਆ। ਸੂਤਰ ਦੱਸਦੇ ਹਨ ਕਿ ਇਨ੍ਹਾਂ ਟਾਰਗੈਟ ਕਿਲਿੰਗ ਲਈ ਇਕ ਲੱਖ ਰੁਪਏ 'ਚ ਸੌਦਾ ਹੋਇਆ ਜਿਸ ਚੋਂ ਉਨ੍ਹਾਂ ਨੂੰ 73 ਹਜ਼ਾਰ ਰੁਪਏ ਮਿਲ ਚੁੱਕੇ ਸੀ। ਇਸੇ ਰਕਮ ਚੋਂ ਹਥਿਆਰ ਖਰੀਦਣ ਤੋਂ ਬਾਅਦ ਨੰਗਲ ਗਏ ਅਤੇ ਹੱਤਿਆ ਨੂੰ ਅੰਜਾਮ ਦਿੱਤਾ। ਪੁਲਸ ਸੂਤਰ ਦੱਸਦੇ ਹਨ ਕਿ ਕਥਿਤ ਮੁਲਜ਼ਮ ਨੂੰ ਪੁਰਤਗਾਲ ਅਤੇ ਹੋਰ ਦੇਸ਼ਾਂ ਚੋਂ ਫੰਡਿੰਗ ਵੀ ਹੁੰਦੀ ਸੀ। ਇਸੇ ਨੂੰ ਦੇਖਦੇ ਹੋਏ ਇਸ ਹੱਤਿਆ ਕਾਂਡ 'ਚ ਹੁਣ ਐੱਨ.ਆਈ. ਏ. ਜਾਂਚ ਜੁਟਣ ਜਾ ਰਹੀ ਹੈ।

# ਗਦਰੀ ਬਾਬਾ ਹਰਨਾਮ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾ ਦਸਵੀਂ ਦਾ ਨਤੀਜਾ ਸ਼ਾਨਦਾਰ ਰਿਹਾ



ਕਾਲਾ ਸੰਘਿਆਂ (ਮਨਜੀਤ ਮਾਨ)—ਪੰਜਾਬ ਸਕੂਲ ਸਿਖਿਆ ਬੋਰਡ ਵੱਲੋਂ ਐਲਾਨੇ ਗਏ ਦੱਸਵੀਂ ਸ਼੍ਰੇਣੀ ਦੇ ਨਤੀਜੇ ਵਿੱਚ ਸਕੂਲ ਦੇ ਸਾਰੇ ਵਿਦਿਆਰਥੀ ਪਹਿਲੇ ਦਰਜੇ ਵਿਚ ਪਾਸ ਹੋਏ ਹਨ। ਪ੍ਰਿੰਸੀਪਲ ਗੁਰਚਰਨ ਸਿੰਘ ਚਾਹਲ ਨੇ ਦੱਸਿਆ ਕਿ ਸਕੂਲ ਦੇ ਦਸਵੀਂ ਜਮਾਤ ਦੀ ਵਿਦਿਆਰਥੀ ਰੋਹਿਤ ਸਹੋਤਾ ਨੇ 650 ਵਿੱਚੋਂ 585 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਜਪਜੀਤ ਸਿੰਘ ਨੇ 650 ਵਿਚੋ 570 ਅੰਕ ਪ੍ਰਾਪਤ ਕਰਕੇ ਦੂਸਰਾ, ਸਮੀਰ ਖਾਨ 650 ਵਿਚੋਂ 562 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਿਲ ਕੀਤਾ। ਸਕੂਲ ਦੇ ਕੁੱਲ 37 ਵਿਦਿਆਰਥੀ ਇਸ ਪ੍ਰੀਖਿਆ ਵਿਚ ਬੈਠੈ ਜਿੰਨ੍ਹਾਂ ਵਿਚੋਂ 21 ਵਿਦਿਆਰਥੀਆਂ ਨੇ 75 ਪ੍ਰਤੀਸ਼ਤ ਤੋ ਵੱਧ ਅੰਕ ਪ੍ਰਾਪਤ ਕੀਤੇ। ਸਕੂਲ ਦੇ ਵਿਦਿਆਰਥੀ ਰੋਹਿਤ ਸਹੋਤਾ ਨੇ ਸਮਾਜਿਕ ਸਿੱਖਿਆ ਵਿਚੋ 100 ਵਿਚੋਂ 100 ਅੰਕ, ਜਪਜੀਤ ਸਿੰਘ ਗਣਿਤ ਵਿਸ਼ੇ ਵਿੱਚੋ 100 ਵਿੱਚੋ 100 ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੋਸ਼ਨ ਕੀਤਾ।ਪ੍ਰਿੰਸੀਪਲ ਅਤੇ ਸਮੂਹ ਸਟਾਫ ਵੱਲੋਂ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆ ਨੂੰ ਵਧਾਈ ਦਿੰਦਿਆਂ ਭਵਿੱਖ ਵਿਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

# ਆਸ਼ਾ ਰਾਣੀ ਮੰਦਰ ਦਾ ਸਾਲਾਨਾ ਭੰਡਾਰਾ ਧੂਮਧਾਮ ਨਾਲ ਸੰਪੰਨ



ਸੁਲਤਾਨਪੁਰ ਲੋਧੀ, ( ਹਨੀ ) ਸ੍ਰੀ ਆਸ਼ਾ ਰਾਣੀ ਮੰਦਿਰ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਤਿਲਕਰਾਜ ਜੋਸ਼ੀ ਤੇ ਕੈਸ਼ੀਅਰ ਵਰਿੰਦਰ ਸਲਪੋਨਾ ਦੀ ਅਗਵਾਈ ਵਿਚ ਬਾਬਾ ਬਾਲਕ ਨਾਥ ਜੀ ਦਾ 40ਵਾਂ, ਲਕਸ਼ਮੀ ਨਰਾਇਣ ਜੀ ਦਾ 20ਵਾਂ ਅਤੇ ਭਗਵਾਨ ਪਰਸ਼ੂ ਰਾਮ ਜੀ ਦਾ 12ਵਾਂ ਸਲਾਨਾ ਭੰਡਾਰਾ ਆਸ਼ਾ ਰਾਣੀ ਮੰਦਿਰ ਵਿਖੇ ਬਹੁਤ ਹੀ ਸ਼ਰਧਾ ਪੂਰਵਕ ਤੇ ਉਤਸ਼ਾਹ ਨਾਲ ਮਨਾਇਆ ਗਿਆ। ਪੰਡਿਤ ਦਿਨੇਸ਼ ਸ਼ਰਮਾ ਤੇ ਗੋਵਿੰਦ ਵੱਲੋਂ ਕਰਵਾਈ ਪੂਜਾ ਅਰਚਨਾ ਤੇ ਹਵਨ ਯੱਗ ਉਪਰੰਤ ਧਾਰਮਿਕ ਸਮਾਗਮ ਆਗਾਜ਼ ਹੋਇਆ। ਬਾਬਾ ਜੀ ਦੇ ਦਰਬਾਰ ਵਿੱਚ ਨਤਮਸਤਕ ਹੋਣ ਲਈ ਪੁੱਜੇ ਨਗਰ ਕੌਂਸਲ ਪ੍ਰਧਾਨ ਦੀਪਕ ਧੀਰ, ਕੌਂਸਲਰ ਤੇਜਵੰਤ ਸਿੰਘ, ਸਾਬਕਾ ਪ੍ਰਧਾਨ ਤੇ ਐਮਸੀ ਅਸ਼ੋਕ ਮੋਗਲਾ ਨੇ ਸਮੂਹ ਨਗਰ ਨਿਵਾਸੀਆਂ ਨੂੰ ਬਾਬਾ ਜੀ ਦੇ ਭੰਡਾਰੇ ਦੀ ਵਧਾਈ ਦਿੱਤੀ। ਸਾਲਾਨਾ ਭੰਡਾਰੇ ਵਿੱਚ ਰਜਿੰਦਰ ਸਿੰਘ ਲੱਭੀ, ਮਾਧਵ ਗੁਪਤਾ, ਰਾਜੂ ਉਪਲ, ਪਵਨ ਸੇਠੀ ਪ੍ਰਧਾਨ ਰਾਮਲੀਲਾ ਕਮੇਟੀ ਚੌਂਕ ਚੇਲਿਆਂ, ਸਸੀ ਚੋਪੜਾ, ਮਿੱਟੂ ਨਈਅਰ ਆਦਿ ਨੂੰ ਪ੍ਰਬੰਧਕ ਕਮੇਟੀ ਵੱਲੋਂ ਸਨਮਾਨਿਤ ਕੀਤਾ। ਧਾਰਮਿਕ ਸਮਾਗਮ ਦੀ ਸ਼ੁਰੂਆਤ ਵਿਸ਼ਾਲ ਸੰਨੀ ਐਂਡ ਪਾਰਟੀ ਦੇ ਮਹੰਤ ਰੂਪ ਚੰਦ ਅਰੋੜਾ ਨੇ ਕੀਤੀ ।ਉਪਰੰਤ ਭਜਨ ਗਾਇਕ ਅਤੇ ਸੀਨੀਅਰ ਪੱਤਰਕਾਰ ਨਰੇਸ਼ ਹੈਪੀ ਵੱਲੋਂ ਆਪਣੀ ਸੁਰੀਲੀ ਆਵਾਜ਼ ਵਿਚ ਬਾਬਾ ਜੀ ਦੇ ਭਜਨਾਂ 'ਤੇ ਸੰਗਤਾਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਇਸ ਦੌਰਾਨ ਸੰਨੀ ਸੁਲਤਾਨਪੁਰੀ, ਸੰਤੋਖ ਤੋਤਾ ਚੰਡੀਗੜ੍ਹੀਆ, ਮੰਨੂ ਧੀਰ ਅਤੇ ਜਸਵੰਤ ਅਰੋੜਾ ਨੇ ਵੀ ਬਾਬਾ ਜੀ ਦਾ ਗੁਣਗਾਨ ਕੀਤਾ। ਇਸ ਮੌਕੇ ਉਂਕਾਰ ਧੀਰ, ਨਰੇਸ਼ ਧੀਰ, ਪ੍ਰੋ. ਵਿਜੇ ਬਾਂਸਲ, ਮਾਸਟਰ ਵੇਦ ਪ੍ਰਕਾਸ਼, ਇੰਦਰ ਮੋਹਨ ਗੁਪਤਾ, ਪਵਨ ਹਨੀ ਸੀਨੀਅਰ ਪ੍ਰੈਸ ਫੋਟੋਗ੍ਰਾਫਰ ਨਵਾਂ ਜ਼ਮਾਨਾ, ਸੰਦੀਪ ਕਾਲਾ, ਗੁਲਸ਼ਨ ਧੀਰ, ਸ਼ਿਵ ਕੁਮਾਰ ਕਨੋਜੀਆ, ਪੰਕਜ ਧੀਰ, ਰਮਨ ਸਲਪੋਨਾ, ਬਾਵਾ ਸਲਪੋਨਾ, ਕੇਵਲ ਕ੍ਰਿਸ਼ਨ ਵਧਵਾ, ਕਮਲਜੀਤ ਗੁਪਤਾ, ਵਿਜੇ ਚੱਡਾ, ਸੰਨੀ ਚੋਪੜਾ, ਸਤਪਾਲ ਧੀਰ, ਬਾਵਾ ਚੱਡਾ, ਡੀਕੇ ਸ਼ਰਮਾ, ਮਿੰਟੂ ਨਈਅਰ ,ਵਿੱਕੀ, ਪੱਪੂ ਸ਼ਰਮਾ, ਡਿੰਪਲ ਅਰੋੜਾ, ਰਜਿੰਦਰ ਟੇਲਰ, ਡਾ. ਕਪਿਲ ਲੂੰਬਾ, ਬਿੱਲਾ ਅਰੋੜਾ, ਅਮਿਤ ਕੁਮਾਰ, ਸੰਨੀ ਨਈਅਰ, ਵਿਕਾਸ ਚੋਪੜਾ, ਜਗੀਰ ਸਿੰਘ, ਵੀਨਾ ਗੁਪਤਾ, ਰਾਜ ਰਾਣੀ, ਰਾਣਾ ਪ੍ਰਤਾਪ, ਰਿਮੀ ਸੂਦ, ਹਰਵਿੰਦਰ ਪਾਲ ਸਿੰਘ ਆਦਿ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।